13-DEC-PAGE-1.qxd 12/12/2023 10:25 PM Page 1


ਬੁੱਧਵਾਰ, 13 ਦਸੰਬਰ, 2023

28 ਮੱਘਰ { ਨਾਨਕਸ਼ਾਹੀ 555 / ਬਿਕਰਮੀ 2080

ਜਿਲਦ/VOL. : 72

ਅੰਕ/NO. : 193

# ਨਵਾਂ ਜ਼ਮਾਨਾ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

DAILY NAWAN ZAMANA • WEDNESDAY, 13 DECEMBER, 2023 ਜਲੰਧਰ

You Tube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12


## ਭਾਜਪਾ ਨਾਲ ਗੱਠਜੋੜ ਦੀ ਕਾਫੀ ਉਮੀਦ : ਰੱਖੜਾ



**ਚੰਡੀਗੜ੍ਹ** : ਸੀਨੀਅਰ ਅਕਾਲੀ ਲੀਡਰ ਤੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਹੈ ਕਿ ਅਕਾਲੀ-ਭਾਜਪਾ ਦਾ ਮੁੜ ਗੱਠਜੋੜ ਹੋਣ ਦੀ ਉਮੀਦ ਹੈ। ਉਨ੍ਹਾ ਕਿਹਾ ਕਿ ਇਸ ਬਾਰੇ ਗੱਲਬਾਤ ਚੱਲ ਰਹੀ ਹੈ। ਰੱਖੜਾ ਨੇ ਮੀਡੀਆ ਨਾਲ ਗੱਲਬਾਤ ’ਚ ਇਹ ਵੀ ਕਿਹਾ ਕਿ ਬਹੁਤ ਜ਼ਿਆਦਾ ਉਮੀਦ ਹੈ ਕਿ ਅਕਾਲੀ-ਭਾਜਪਾ ਦਾ ਫਿਰ ਗੱਠਜੋੜ ਹੋ ਜਾਵੇਗਾ। ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਜਦੋਂ ਕਿਸਾਨਾਂ ਦਾ ਮੋਰਚਾ ਲੱਗਿਆ ਸੀ ਤਾਂ ਉਸ ਵੇਲੇ ਕਿਸਾਨਾਂ ਦੇ ਰੋਹ ਨੂੰ ਦੇਖਦਿਆਂ ਅਕਾਲੀ ਦਲ ਨੇ ਭਾਜਪਾ ਨਾਲੋਂ ਨਾਤਾ ਤੋੜ ਲਿਆ ਸੀ।

## ਡਰੱਗ ਕੇਸ ’ਚ ਬੋਨੀ ਅਜਨਾਲਾ ਅੱਜ ਤਲਬ



**ਅੰਮ੍ਰਿਤਸਰ** : ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਤੋਂ ਬਾਅਦ ਪੰਜਾਬ ਪੁਲਸ ਦੀ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਦਸੰਬਰ 2021 ’ਚ ਦਰਜ ਹੋਏ ਨਸ਼ੀਲੇ ਪਦਾਰਥਾਂ ਦੇ ਮਾਮਲੇ ’ਚ ਭਾਜਪਾ ਆਗੂ ਅਮਰਪਾਲ ਸਿੰਘ ਬੋਨੀ ਅਜਨਾਲਾ ਨੂੰ ਤਲਬ ਕੀਤਾ ਹੈ। ਏ ਡੀ ਜੀ ਪੀ ਪਟਿਆਲਾ ਰੇਂਜ-ਕਮ-ਇੰਚਾਰਜ ਸਿਟ ਨੇ ਬੋਨੀ ਨੂੰ 13 ਦਸੰਬਰ ਨੂੰ ਪਟਿਆਲਾ ’ਚ ਪੇਸ਼ ਹੋਣ ਲਈ ਨੋਟਿਸ ਜਾਰੀ ਕੀਤਾ ਹੈ। ਮੁਹਾਲੀ ਦੇ ਪੰਜਾਬ ਸਟੇਟ ਕ੍ਰਾਈਮ ਥਾਣੇ ’ਚ ਐੱਨ ਡੀ ਪੀ ਐੱਸ ਦੀ ਧਾਰਾ 25-27ਏ-29 ਤਹਿਤ ਦਰਜ ਕੀਤੇ ਗਏ ਕੇਸ ਦੀ ਸਿਟ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਸੀਨੀਅਰ ਅਕਾਲੀ ਆਗੂ ਰਤਨ ਸਿੰਘ ਅਜਨਾਲਾ ਦੇ ਪੁੱਤਰ ਸਾਬਕਾ ਵਿਧਾਇਕ ਬੋਨੀ ਅਜਨਾਲਾ ਫਰਵਰੀ ’ਚ ਭਾਜਪਾ ’ਚ ਸ਼ਾਮਲ ਹੋਏ ਸਨ।

## ਉਮਰ ਅਬਦੁੱਲਾ ਦੀ ਤਲਾਕ ਦੀ ਅਰਜ਼ੀ ਦਿੱਲੀ ਹਾਈ ਕੋਰਟ ਵੱਲੋਂ ਖਾਰਜ

**ਨਵੀਂ ਦਿੱਲੀ** : ਦਿੱਲੀ ਹਾਈ ਕੋਰਟ ਨੇ ਮੰਗਲਵਾਰ ਨੈਸ਼ਨਲ ਕਾਨਫਰੰਸ ਦੇ ਨੇਤਾ ਉਮਰ ਅਬਦੁੱਲਾ ਦੀ ਤਲਾਕ ਦੀ ਅਰਜ਼ੀ ਨੂੰ ਖਾਰਜ ਕਰਦਿਆਂ ਕਿਹਾ ਕਿ ਉਨ੍ਹਾ ਦੀ ਅਪੀਲ ਸੁਣਨਯੋਗ ਨਹੀਂ ਹੈ। ਜਸਟਿਸ ਸੰਜੀਵ ਸਚਦੇਵਾ ਅਤੇ ਜਸਟਿਸ ਵਿਕਾਸ ਮਹਾਜਨ ਦੀ ਬੈਂਚ ਨੇ ਹੇਠਲੀ ਅਦਾਲਤ ਦੇ ਉਸ ਹੁਕਮ ਨੂੰ ਬਰਕਰਾਰ ਰੱਖਿਆ, ਜਿਸ ਨੇ ਅਬਦੁੱਲਾ ਨੂੰ ਤਲਾਕ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਹਾਈ ਕੋਰਟ ਨੇ ਕਿਹਾ ਕਿ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਵੱਲੋਂ ਹੇਠਲੀ ਅਦਾਲਤ ਦੇ 2016 ਦੇ ਫੈਸਲੇ ਵਿਰੁੱਧ ਦਾਇਰ ਕੀਤੀ ਗਈ ਅਪੀਲ ’ਚ ਕੋਈ ਦਮ ਨਹੀਂ ਹੈ। ਅਬਦੁੱਲਾ ਨੇ ਆਪਣੀ ਵੱਖ ਹੋ ਚੁੱਕੀ ਪਤਨੀ ਪਾਇਲ ਅਬਦੁੱਲਾ ਤੋਂ ਇਸ ਆਧਾਰ ’ਤੇ ਤਲਾਕ ਮੰਗਿਆ ਹੈ ਕਿ ਪਾਇਲ ਉਨ੍ਹਾ ’ਤੇ ਜ਼ੁਲਮ ਢਾਹ ਰਹੀ ਹੈ।

## ਕੀ ਮੋਦੀ ਦੀ ਇਹੀ ਗਾਰੰਟੀ ਹੈ ?

**ਨਵੀਂ ਦਿੱਲੀ** : ਮੱਧ ਪ੍ਰਦੇਸ਼ ਦੇ ਨਵੇਂ ਮੁੱਖ ਮੰਤਰੀ ਮੋਹਨ ਯਾਦਵ ’ਤੇ ਉਜੈਨ ਮਾਸਟਰ ਪਲਾਨ ’ਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਬਾਰੇ ਕਾਂਗਰਸ ਨੇ ਮੰਗਲਵਾਰ ਭਾਜਪਾ ਤੋਂ ਪੁੱਛਿਆ ਕਿ ਕੀ ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਗਾਰੰਟੀ ਹੈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ 11 ਜੂਨ 2023 ਦੇ ਅਖਬਾਰ ਦੀ ਰਿਪੋਰਟ ਸਾਂਝੀ ਕੀਤੀ, ਜਿਸ ’ਚ ਕਿਹਾ ਗਿਆ ਸੀ ਕਿ ਉਜੈਨ ਮਾਸਟਰ ਪਲਾਨ ’ਚ ਜ਼ਮੀਨ ਦੀ ਹੇਰਾਫੇਰੀ ਕੀਤੀ ਗਈ ਸੀ ਅਤੇ ਤੱਤਕਾਲੀ ਮੰਤਰੀ ਮੋਹਨ ਯਾਦਵ ਅਤੇ ਉਨ੍ਹਾ ਦੇ ਪਰਵਾਰ ਦੇ ਕੁਝ ਮੈਂਬਰ ਇਸ ਮਾਮਲੇ ’ਚ ਸਵਾਲਾਂ ਦੇ ਘੇਰੇ ’ਚ ਹਨ।

## ਰਾਜ ਭਵਨ ਉਡਾਉਣ ਦੀ ਧਮਕੀ

ਬੇਂਗਲੁਰੂ : ਇਥੇ ਰਾਜ ਭਵਨ ਕੰਪਲੈਕਸ ਵਿਚ ਬੰਬ ਹੋਣ ਅਤੇ ਕਿਸੇ ਵੀ ਸਮੇਂ ਫਟਣ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਸ ਨੇ ਪੂਰੀ ਜਾਂਚ ਕੀਤੀ, ਪਰ ਕੁਝ ਵੀ ਸ਼ੱਕੀ ਨਹੀਂ ਮਿਲਿਆ। ਪੁਲਸ ਇਸ ਨਤੀਜੇ ’ਤੇ ਪਹੁੰਚੀ ਕਿ ਇਹ ਫਰਜ਼ੀ ਕਾਲ ਸੀ। ਰਾਜ ਭਵਨ ਦੇ ਸੂਤਰਾਂ ਮੁਤਾਬਕ ਇਹ ਫੋਨ ਮਹਾਰਾਸ਼ਟਰ ਦੀ ਸਰਹੱਦ ਨਾਲ ਲੱਗਦੇ ਕਰਨਾਟਕ ਦੇ ਉੱਤਰੀ ਜ਼ਿਲ੍ਹੇ ਬਿਦਰ ਤੋਂ ਕੀਤਾ ਗਿਆ ਸੀ ਤੇ ਉਸ ਤੋਂ ਬਾਅਦ ਇਹ ਬੰਦ ਹੋ ਗਿਆ।

## ਕ੍ਰਿਸਟੋਫਰ ਰੇਅ ਦੀ ਦਿੱਲੀ ਦੇ ਪੁਲਸ ਅਫਸਰਾਂ ਨਾਲ ਚਰਚਾ

ਨਵੀਂ ਦਿੱਲੀ : ਅਮਰੀਕਾ ਦੀ ਜਾਂਚ ਏਜੰਸੀ ਐੱਫ ਬੀ ਆਈ ਦੇ ਡਾਇਰੈਕਟਰ ਕ੍ਰਿਸਟੋਫਰ ਰੇਅ ਨੇ ਮੰਗਲਵਾਰ ਦਿੱਲੀ ਪੁਲਸ ਹੈੱਡਕੁਆਰਟਰ ਵਿਖੇ ਕਮਿਸ਼ਨਰ ਸੰਜੇ ਅਰੋੜਾ ਤੇ ਹੋਰ ਸੀਨੀਅਰ ਅਧਿਕਾਰੀਆਂ ਨਾਲ ਅੱਤਵਾਦ, ਸਾਈਬਰ ਧੋਖਾਧੜੀ ਅਤੇ ਫਰਜ਼ੀ ਕਾਲ ਸੈਂਟਰਾਂ ਸਮੇਤ ਹੋਰ ਮੁੱਦਿਆਂ ’ਤੇ ਚਰਚਾ ਕੀਤੀ।

## ਹਰ ਤਿੰਨ ’ਚੋਂ ਇੱਕ ਦਾ ਨਿੱਜੀ ਡਾਟਾ ਚੋਰੀ

**ਨਵੀਂ ਦਿੱਲੀ** : ਦੁਨੀਆ ਭਰ ’ਚ ਹਰ ਤਿੰਨ ਵਿੱਚੋਂ ਘੱਟੋ-ਘੱਟ ਇੱਕ ਵਿਅਕਤੀ ਦਾ ਸਾਈਬਰ ਹਮਲੇ ਦੌਰਾਨ ਨਿੱਜੀ ਡਾਟਾ ਚੋਰੀ ਹੋਇਆ ਹੈ ਤੇ ਉਨ੍ਹਾਂ ਨੂੰ ਇਸ ਬਾਰੇ ਪਤਾ ਵੀ ਨਹੀਂ ਹੈ। ਇਹ ਦਾਅਵਾ ਉਦਯੋਗ ਦੀਆਂ 1,600 ਤੋਂ ਵੱਧ ਕੰਪਨੀਆਂ ਦੇ ਸਰਵੇਖਣ ’ਚ ਕੀਤਾ ਗਿਆ ਹੈ। ਸਾਈਬਰ ਸੁਰੱਖਿਆ ਕੰਪਨੀ ਰੁਬਰਿਕ ਦੀ ਤਰਫੋਂ ਵੇਕਫੀਲਡ ਰਿਸਰਚ ਵੱਲੋਂ ਕਰਵਾਏ ਸਰਵੇਖਣ ’ਚ 500 ਜਾਂ ਵੱਧ ਕਰਮਚਾਰੀਆਂ ਵਾਲੀਆਂ ਕੰਪਨੀਆਂ ਦੇ ਆਈ ਟੀ ਅਤੇ ਸੁਰੱਖਿਆ ਨੀਤੀ ਨਿਰਮਾਤਾਵਾਂ ਨੇ ਹਿੱਸਾ ਲਿਆ। ਰੁਬਰਿਕ ਦੇ ਸੀ ਈ ਓ ਵਿਪੁਲ ਸਿਨਹਾ ਨੇ ਕਿਹਾ ਕਿ ਵਿਸ਼ਵ ਭਰ ’ਚ ਸਾਈਬਰ ਉਦਯੋਗ ਸਾਲ ’ਚ 200 ਅਰਬ ਡਾਲਰ ਦੀ ਕਮਾਈ ਕਰ ਰਿਹਾ ਹੈ। ਇਹ ਰਿਪੋਰਟ ਇਸ ਸਾਲ 30 ਜੂਨ ਤੋਂ 11 ਜੁਲਾਈ ਦਰਮਿਆਨ ਅਮਰੀਕਾ, ਬਰਤਾਨੀਆ ਅਤੇ ਭਾਰਤ ਸਮੇਤ 10 ਦੇਸ਼ਾਂ ’ਚ ਕੀਤੇ ਗਏ ‘ਵੇਕਫੀਲਡ ਰਿਸਰਚ’ ਸਰਵੇਖਣ ਦੇ ਆਧਾਰ ’ਤੇ ਤਿਆਰ ਕੀਤੀ ਗਈ ਹੈ।

# ਵਸੁੰਧਰਾ ਵੀ ਲਾਂਭੇ

### ਪਹਿਲੀ ਵਾਰ ਵਿਧਾਇਕ ਬਣੇ ਭਜਨ ਲਾਲ ਸ਼ਰਮਾ ਰਾਜਸਥਾਨ ਦੇ ਨਵੇਂ ਮੁੱਖ ਮੰਤਰੀ



**ਜੈਪੁਰ** : ਸਾਂਗਾਨੇਰ ਤੋਂ ਪਹਿਲੀ ਵਾਰ ਵਿਧਾਇਕ ਚੁਣੇ ਗਏ ਭਜਨ ਲਾਲ ਸ਼ਰਮਾ (56) ਰਾਜਸਥਾਨ ਦੇ ਨਵੇਂ ਮੁੱਖ ਮੰਤਰੀ ਹੋਣਗੇ। ਦੀਆ ਕੁਮਾਰੀ ਤੇ ਪ੍ਰੇਮ ਚੰਦ ਬੈਰਵਾ ਉਪ ਮੁੱਖ ਮੰਤਰੀ ਦਾ ਅਹੁਦਾ ਸੰਭਾਲਣਗੇ। ਵਾਸੂਦੇਵ ਦੇਵਨਾਨੀ ਸਪੀਕਰ ਬਣਨਗੇ। ਵਿਧਾਇਕ ਦਲ ਦੀ ਮੀਟਿੰਗ ਤੋਂ ਪਹਿਲਾਂ ਲਈ ਗਈ ਗਰੁੱਪ ਫੋਟੋ ਦੌਰਾਨ ਸ਼ਰਮਾ ਸਭ ਤੋਂ ਮਗਰਲੀ ਕਤਾਰ ਵਿਚ ਖੜ੍ਹੇ ਸਨ। ਸਭ ਤੋਂ ਵੱਡੀ ਦਾਅਵੇਦਾਰ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਸਿੰਧੀਆ ਨੇ ਹੀ ਵਿਧਾਇਕ ਦਲ ਦੀ ਮੀਟਿੰਗ ਵਿਚ ਸ਼ਰਮਾ ਦਾ ਨਾਂਅ ਪੇਸ਼ ਕੀਤਾ, ਜਿਸ ਨੂੰ ਸਭ ਨੇ ਪ੍ਰਵਾਨ ਕਰ ਲਿਆ। ਭਜਨ ਲਾਲ ਆਰ ਐੱਸ ਐੱਸ ਤੇ ਭਾਜਪਾ ਦੇ ਪ੍ਰਧਾਨ ਜੇ ਪੀ ਨੱਢਾ ਦੇ ਕਰੀਬੀ ਹਨ। ਵਿਧਾਇਕ ਬਣਨ ਤੋਂ ਪਹਿਲਾਂ ਉਹ ਭਾਜਪਾ ਦੇ ਚਾਰ ਵਾਰ ਜਨਰਲ ਸਕੱਤਰ ਰਹੇ। ਉਨ੍ਹਾ ਕਾਂਗਰਸ ਉਮੀਦਵਾਰ ਪੁਸ਼ਪੇਂਦਰ ਭਾਰਦਵਾਜ ਨੂੰ 48081 ਵੋਟਾਂ ਦੇ ਫਰਕ ਨਾਲ ਹਰਾਇਆ ਸੀ। ਇਸ ਤੋਂ ਪਹਿਲਾਂ ਭਾਜਪਾ ਨੇ ਮੋਹਨ ਯਾਦਵ ਨੂੰ ਮੱਧ ਪ੍ਰਦੇਸ਼ ਅਤੇ ਵਿਸ਼ਣੂ ਦਿਓ ਸਾਏ ਨੂੰ ਛੱਤੀਸਗੜ੍ਹ ਦਾ ਮੁੱਖ ਮੰਤਰੀ ਬਣਾ ਕੇ ਸਭ ਨੂੰ ਹੈਰਾਨ ਕੀਤਾ ਸੀ। ਵਸੁੰਧਰਾ ਨੇ ਕਈ ਦਿਨ ਵਿਧਾਇਕਾਂ ਦੀ ਲਾਮਬੰਦੀ ਕੀਤੀ, ਪਰ ਹਾਈਕਮਾਨ ਨੇ ਉਨ੍ਹਾ ਦੀ ਚੱਲਣ ਨਹੀਂ ਦਿੱਤੀ।

ਨਵੇਂ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਨੇ ਇਸ ਤੋਂ ਪਹਿਲਾਂ ਭਾਜਪਾ ਤੋਂ ਬਾਗੀ ਹੋ ਕੇ ਵੀ ਚੋਣ ਲੜੀ ਸੀ, ਪਰ ਜ਼ਮਾਨਤ ਜ਼ਬਤ ਕਰਵਾ ਬੈਠੇ ਸਨ। ਉਪ ਮੁੱਖ ਮੰਤਰੀ ਬਣਾਈ ਗਈ ਦੀਆ ਕੁਮਾਰੀ ਵਿਦਿਆਧਰ ਨਗਰ ਵਿਧਾਨ ਸਭਾ ਸੀਟ ਤੋਂ 158516 ਵੋਟਾਂ ਹਾਸਲ ਕਰਕੇ ਜਿੱਤੀ ਹੈ।

ਜੈਪੁਰ ਦੀ ਰਾਜਕੁਮਾਰੀ ਦੀਆ ਕੁਮਾਰੀ ਮਰਹੂਮ ਬ੍ਰਿਗੇਡੀਅਰ ਭਵਾਨੀ ਸਿੰਘ ਅਤੇ ਮਹਾਰਾਣੀ ਪਦਮਣੀ ਦੇਵੀ ਦੀ ਬੇਟੀ ਹੈ। ਉਸ ਨੇ 10 ਸਾਲ ਪਹਿਲਾਂ ਸਿਆਸਤ ’ਚ ਕਦਮ ਰੱਖਿਆ ਅਤੇ 2013 ’ਚ ਸਵਾਈ ਮਾਧੋਪੁਰ ਤੋਂ ਵਿਧਾਇਕ ਚੁਣੀ ਗਈ। ਦੀਆ ਨੇ 2019 ’ਚ ਰਾਜਸਮੰਦ ਤੋਂ ਲੋਕ ਸਭਾ ਦੀ ਚੋਣ ਜਿੱਤੀ ਸੀ। ਭਾਜਪਾ ਨੇ ਜਦੋਂ ਵਿਦਿਆਧਰ ਨਗਰ ਵਿਧਾਨ ਸਭਾ ਸੀਟ ਤੋਂ ਟਿਕਟ ਦਿੱਤੀ ਤਾਂ ਇਹੀ ਚਰਚਾ ਰਹੀ ਕਿ ਉਹ ਮੁੱਖ ਮੰਤਰੀ ਬਣੇਗੀ। ਉਸ ਨੇ ਲੰਡਨ ਦੇ ਚੇਲਸੀ ਸਕੂਲ ਆਫ਼ ਆਰਟਸ ਤੋਂ ਪੜ੍ਹਾਈ ਕੀਤੀ ਹੈ। ਆਪਣੇ ਮਾਪਿਆਂ ਦੀ ਇਕਲੌਤੀ ਔਲਾਦ ਹੋਣ ਕਾਰਨ ਉਹ ਆਪਣੀ ਦਾਦੀ ਰਾਜ ਮਾਤਾ ਗਾਇਤਰੀ ਦੇਵੀ ਦੀ ਦੇਖਰੇਖ ’ਚ ਪਲੀ।

# ਡੇਰਾ ਇਸਮਾਈਲ ਖਾਨ ’ਚ 25 ਪਾਕਿਸਤਾਨੀ ਫੌਜੀ ਤੇ 27 ਦਹਿਸ਼ਤਗਰਦ ਮਾਰੇ ਗਏ

**ਪੇਸ਼ਾਵਰ** : ਖ਼ੈਬਰ-ਪਖਤੂਨਖਵਾ ਸੂਬੇ ਦੇ ਡੇਰਾ ਇਸਮਾਈਲ ਖਾਨ ਜ਼ਿਲ੍ਹੇ ਵਿਚ ਦਹਿਸ਼ਤਗਰਦਾਂ ਨੇ ਮੰਗਲਵਾਰ ਤੜਕੇ 23 ਫੌਜੀ ਮਾਰ ਦਿੱਤੇ। ਦੱਖਣੀ ਵਜ਼ੀਰਿਸਤਾਨ ਕਬਾਇਲੀ ਜ਼ਿਲ੍ਹੇ ਨਾਲ ਲੱਗਦੇ ਡੇਰਾ ਇਸਮਾਈਲ ਖਾਨ ਜ਼ਿਲ੍ਹੇ ਦੇ ਦਰਬਾਨ ਇਲਾਕੇ ਵਿਚ ਦਹਿਸ਼ਤਗਰਦ ਜਦੋਂ ਪੁਲਸ ਚੌਕੀ ਵਿਚ ਦਾਖਲ ਹੋਣ ਵਿਚ ਨਾਕਾਮ ਰਹੇ ਤਾਂ ਉਨ੍ਹਾਂ ਵਿਸਫੋਟਕਾਂ ਦਾ ਟਰੱਕ ਲਿਆ ਕੇ ਮਾਰਿਆ। ਇਸ ਤੋਂ ਬਾਅਦ ਉਨ੍ਹਾਂ ਫਿਦਾਈਨ ਹਮਲਾ ਵੀ ਕੀਤਾ। ਇਸ ਨਾਲ ਇਮਾਰਤ ਢਹਿ ਗਈ ਅਤੇ ਕਈ ਮਾਰੇ ਗਏ ਜਾਂ ਜ਼ਖਮੀ ਹੋ ਗਏ। ਪੁਲਸ ਮੁਤਾਬਕ ਮ੍ਰਿਤਕਾਂ ਦੀ ਗਿਣਤੀ ਵਧ ਸਕਦੀ ਹੈ। ਉਧਰ ਫੌਜ ਨੇ ਵੱਖ-ਵੱਖ ਥਾਵਾਂ ’ਤੇ 27 ਦਹਿਸ਼ਤਗਰਦ ਮਾਰਨ ਦਾ ਦਾਅਵਾ ਕੀਤਾ ਹੈ।

ਫੌਜ ਦੇ ਮੀਡੀਆ ਵਿੰਗ ਨੇ ਕਿਹਾ ਕਿ ਹਮਲਾ ਛੇ ਦਹਿਸ਼ਤਗਰਦਾਂ ਨੇ ਕੀਤਾ ਤੇ ਫੌਜੀ ਕਾਰਵਾਈ ਵਿਚ ਉਹ ਸਾਰੇ ਮਾਰੇ ਗਏ। ਹਮਲੇ ਦੀ ਜ਼ਿੰਮੇਵਾਰੀ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਦੇ ਨਵੇਂ ਸਾਥੀ ਗਰੁੱਪ ਤਹਿਰੀਕ-ਏ-ਜਿਹਾਦ ਪਾਕਿਸਤਾਨ ਨੇ ਲਈ ਹੈ। ਇਸ ਦੇ ਬੁਲਾਰੇ ਮੁੱਲ੍ਹਾ ਕਾਸਿਮ ਨੇ ਹਮਲੇ ਨੂੰ ਫਿਦਾਈਨ ਮਿਸ਼ਨ ਦੱਸਿਆ। ਚਾਰ ਨਵੰਬਰ ਨੂੰ ਇਸੇ ਗਰੁੱਪ ਨੇ ਲਾਹੌਰ ਤੋਂ 300 ਕਿੱਲੋਮੀਟਰ ਦੂਰ ਮੀਆਂਵਾਲੀ ਵਿਚ ਏਅਰ ਫੋਰਸ ਦੇ ਟਰੇਨਿੰਗ ਬੇਸ ’ਤੇ ਹਮਲਾ ਕੀਤਾ ਸੀ। ਉਦੋਂ ਵੀ ਸਾਰੇ ਹਮਲਾਵਰ ਮਾਰੇ ਗਏ ਸਨ।

ਜੁਲਾਈ ਵਿਚ ਇਸ ਗਰੁੱਪ ਨੇ ਬਲੋਚਿਸਤਾਨ ਸੂਬੇ ਵਿਚ ਜ਼ੋਬ ਗੈਰੀਸਨ ਵਿਚ ਹਮਲਾ ਕਰਕੇ ਚਾਰ ਫੌਜੀ ਮਾਰ ਦਿੱਤੇ ਸਨ। ਇਸੇ ਦੌਰਾਨ ਪਾਕਿਸਤਾਨੀ ਫੌਜ ਨੇ ਕਿਹਾ ਹੈ ਕਿ ਡੇਰਾ ਇਸਮਾਈਲ ਖਾਨ ਦੇ ਦੱਰਾ ਜ਼ਿੰਦਾ ਇਲਾਕੇ ਵਿਚ 17 ਦਹਿਸ਼ਤਗਰਦ ਮਾਰ ਦਿੱਤੇ ਗਏ। ਚਾਰ ਹੋਰ ਦਹਿਸ਼ਤਗਰਦ ਕੁਲਾਚੀ ਇਲਾਕੇ ਵਿਚ ਮਾਰੇ ਗਏ। ਇਥੇ ਦੋ ਜਵਾਨ ਵੀ ਮਾਰੇ ਗਏ।



ਹਮਲੇ ਤੋਂ ਬਾਅਦ ਪੁਲਸ ਚੌਕੀ ਦੇ ਬਾਹਰ ਖੜ੍ਹਾ ਜਵਾਨ।

## ਪ੍ਰਚੂਨ ਮਹਿੰਗਾਈ ਦਰ ਵਧ ਕੇ 5.55 ਫੀਸਦੀ ਹੋਈ



**ਨਵੀਂ ਦਿੱਲੀ** : ਦੇਸ਼ ਵਿਚ ਪ੍ਰਚੂਨ ਮਹਿੰਗਾਈ ਦਰ ਤਿੰਨ ਮਹੀਨੇ ਘਟਣ ਤੋਂ ਬਾਅਦ ਨਵੰਬਰ ’ਚ ਵਧ ਕੇ 5.55 ਫੀਸਦੀ ਹੋ ਗਈ। ਇਸ ਦਾ ਕਾਰਨ ਸਬਜ਼ੀਆਂ ਤੇ ਫਲਾਂ ਦੇ ਭਾਅ ਵਧਣਾ ਰਿਹਾ। ਅਕਤੂਬਰ ਵਿਚ ਦਰ 4.87 ਫੀਸਦੀ ਰਹੀ ਸੀ। ਸਤੰਬਰ ਵਿਚ 5.02 ਫੀਸਦੀ ਸੀ। ਖਪਤਕਾਰ ਮਾਮਲਿਆਂ ਦੇ ਵਿਭਾਗ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਨਵੰਬਰ ਵਿਚ ਪਿਆਜ਼ ਦੀ ਕੀਮਤ 58 ਫੀਸਦੀ ਵਧੀ, ਜਦਕਿ ਟਮਾਟਰ 35 ਫੀਸਦੀ ਤੇ ਆਲੂ 2 ਫੀਸਦੀ ਮਹਿੰਗਾ ਹੋਇਆ। ਭਾਰਤੀ ਰਿਜ਼ਰਵ ਬੈਂਕ ਪ੍ਰਚੂਨ ਮਹਿੰਗਾਈ ਦਰ 2 ਤੋਂ 6 ਫੀਸਦੀ ਰੱਖਣ ਲਈ ਜ਼ੋਰ ਲਾਉਂਦੀ ਹੈ।

# ਸਾਂਝੇ ਸ਼ਮਸ਼ਾਨਘਾਟ ਬਣਾਉਣ ਵਾਲੇ 29 ਪਿੰਡਾਂ ਨੂੰ 5-5 ਲੱਖ ਦੀ ਗ੍ਰਾਂਟ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਸਰਕਾਰ ਪਿੰਡਾਂ ’ਚ ਵੱਖੋ-ਵੱਖਰੇ ਸ਼ਮਸ਼ਾਨਘਾਟਾਂ ਦੀ ਥਾਂ ਇੱਕ ਸਾਂਝਾ ਸ਼ਮਸ਼ਾਨਘਾਟ ਬਣਾਉਣ ਵਾਲੇ 29 ਪਿੰਡਾਂ ਨੂੰ 5-5 ਲੱਖ ਰੁਪਏ ਦੀ ਗ੍ਰਾਂਟ ਜਾਰੀ ਕਰੇਗੀ। ਇਸ ਸੰਬੰਧੀ ਫ਼ਾਈਲ ਨੂੰ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਪ੍ਰਵਾਨਗੀ ਦੇ ਦਿੱਤੀ ਹੈ। ਭੁੱਲਰ ਨੇ ਦੱਸਿਆ ਕਿ 1 ਕਰੋੜ 45 ਲੱਖ ਰੁਪਏ ਦੀ ਗ੍ਰਾਂਟ ਰਾਸ਼ੀ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਪਿੰਡ ਸ਼ਹੀਦਗੜ੍ਹ, ਸੈਂਪਲਾ, ਮੁਹੰਮਦੀਪੁਰ, ਧਤੌਂਦਾ ਅਤੇ ਧਨੌਲਾ, ਜ਼ਿਲ੍ਹਾ ਪਠਾਨਕੋਟ ਦੇ ਪਿੰਡ ਘੋਹ, ਜ਼ਿਲ੍ਹਾ ਰੋਪੜ ਦੇ ਪਿੰਡ ਝੱਲੀਆਂ ਕਲਾਂ, ਰਾਮਪੁਰ ਅਤੇ ਗੋਪਾਲਪੁਰ, ਜ਼ਿਲ੍ਹਾ ਸੰਗਰੂਰ ਦੇ ਪਿੰਡ ਖਾਈ, ਜ਼ਿਲ੍ਹਾ ਪਟਿਆਲਾ ਦੇ ਪਿੰਡ ਹਰਚੰਦਪੁਰਾ, ਗੱਜੂਮਾਜਰਾ, ਸਨੌਲੀਆਂ ਅਤੇ ਸੁੱਖੇਵਾਲ, ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਕਿੜੀਆਂ, ਚੰਬਲ, ਡਲੀਰੀ, ਮਾੜੀ ਸਮਰਾ ਅਤੇ ਜਵੰਦਪੁਰ, ਜ਼ਿਲ੍ਹਾ ਐੱਸ ਏ ਐੱਸ ਨਗਰ ਦੇ ਪਿੰਡ ਮਹਿਰੌਲੀ ਅਤੇ ਢਕੋਰਾਂ ਕਲਾਂ, ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਛੰਨ ਘੋਗਾ ਤੇ ਮੁਮੰਦ ਅਤੇ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਰੱਬੋਂ ਨੀਵੀਂ, ਖਾਨਪੁਰ ਮੰਡ, ਜ਼ੁਲਫ਼ਗੜ੍ਹ, ਕੀੜੀ, ਨਵਾਂ ਸਲੇਮਪੁਰਾ ਅਤੇ ਪਿੰਡ ਭਾਡੇਵਾਲ ਨੂੰ ਛੇਤੀ ਜਾਰੀ ਕੀਤੀ ਜਾਵੇਗੀ। ਕੈਬਨਿਟ ਮੰਤਰੀ ਨੇ ਦੱਸਿਆ ਕਿ ਸੂਬੇ ਵਿੱਚ ਬਹੁਤੇ ਪਿੰਡ ਅਜਿਹੇ ਹਨ, ਜਿੱਥੇ ਵੱਖ-ਵੱਖ ਧਰਮਾਂ, ਆਬਾਦੀਆਂ ਲਈ ਵੱਖੋ-ਵੱਖਰੇ ਸ਼ਮਸ਼ਾਨਘਾਟ ਹਨ ਅਤੇ ਇਨ੍ਹਾਂ ਵਿੱਚੋਂ ਕੋਈ ਵੀ ਸ਼ਮਸ਼ਾਨਘਾਟ ਮੁਕੰਮਲ ਰੂਪ ਵਿੱਚ ਵਿਕਸਤ ਨਹੀਂ। ਪੰਜਾਬ ਸਰਕਾਰ ਦੀ ਸਕੀਮ ਅਨੁਸਾਰ ਇੱਕ ਤੋਂ ਵੱਧ ਸ਼ਮਸ਼ਾਨਘਾਟ ਵਾਲੇ ਪਿੰਡਾਂ ਵਿੱਚੋਂ ਜੇ ਕਿਸੇ ਪਿੰਡ ਦੀ ਪੰਚਾਇਤ ਇੱਕ ਸ਼ਮਸ਼ਾਨਘਾਟ ਬਣਾਉਣ ਦਾ ਫ਼ੈਸਲਾ ਕਰਦੀ ਹੈ ਤਾਂ ਸਰਕਾਰ ਉਸ ਪਿੰਡ ਨੂੰ 5 ਲੱਖ ਰੁਪਏ ਦੀ ਵਿਸ਼ੇਸ਼ ਗ੍ਰਾਂਟ ਦੇਵੇਗੀ। ਪੰਚਾਇਤ ਗ੍ਰਾਂਟ ਰਾਸ਼ੀ ਨੂੰ ਸੰਬੰਧਤ ਸ਼ਮਸ਼ਾਨਘਾਟ ਦੇ ਵਿਕਾਸ ਲਈ ਖ਼ਰਚ ਕਰ ਸਕਦੀ ਹੈ ਜਾਂ ਪੁਰਾਣੇ ਸ਼ਮਸ਼ਾਨਘਾਟ ਵਾਲੀਆਂ ਥਾਵਾਂ ਨੂੰ ਹੋਰਨਾਂ ਮੰਤਵਾਂ, ਜਿਵੇਂ ਪਾਰਕਾਂ ਆਦਿ ’ਚ ਤਬਦੀਲ ਕਰਨ ਲਈ ਵਰਤ ਸਕਦੀ ਹੈ। ਉਨ੍ਹਾ ਆਸ ਜਤਾਈ ਕਿ ਸਰਕਾਰ ਦੇ ਇਸ ਉਪਰਾਲੇ ਨਾਲ ਪਿੰਡਾਂ ਵਿੱਚ ਭਾਈਚਾਰਕ ਸਾਂਝ ਨੂੰ ਭਰਵਾਂ ਹੁੰਗਾਰਾ ਮਿਲੇਗਾ।

ਦੱਸ ਦੇਈਏ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪਿਛਲੇ ਵਿੱਤੀ ਵਰ੍ਹੇ ਦੌਰਾਨ ਸਾਂਝੇ ਸ਼ਮਸ਼ਾਨਘਾਟ ਬਣਾਉਣ ਵਾਲੀਆਂ 39 ਗ੍ਰਾਮ ਪੰਚਾਇਤਾਂ ਨੂੰ 1.95 ਕਰੋੜ ਰੁਪਏ ਦੀ ਰਾਸ਼ੀ ਵੰਡੀ ਜਾ ਚੁੱਕੀ ਹੈ।

## ਹਾਈ ਕਮਾਨ ਨੇ ਸਾਰੀਆਂ ਸੀਟਾਂ ’ਤੇ ਤਿਆਰੀ ਰੱਖਣ ਲਈ ਕਿਹਾ : ਰਾਜਾ ਵੜਿੰਗ



**ਚੰਡੀਗੜ੍ਹ** : ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਮੰਗਲਵਾਰ ਕਿਹਾ ਕਿ ਪਾਰਟੀ ਹਾਈ ਕਮਾਨ ਨੇ ਸੂਬਾ ਇਕਾਈ ਨੂੰ ਸੂਬੇ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ ’ਤੇ ਚੋਣ ਲੜਨ ਦੀ ਤਿਆਰੀ ਕਰਨ ਲਈ ਕਿਹਾ ਹੈ। ਉਨ੍ਹਾ ਕਿਹਾ ਕਿ ਉਨ੍ਹਾ ਨੂੰ ਹਾਈ ਕਮਾਨ ਵੱਲੋਂ 2024 ਦੀਆਂ ਚੋਣਾਂ ਕਿਸੇ ਹੋਰ ਪਾਰਟੀ ਨਾਲ ਗੱਠਜੋੜ ਕਰਕੇ ਲੜਨ ਦਾ ਕੋਈ ਸੰਕੇਤ ਨਹੀਂ ਮਿਲਿਆ। ਉਨ੍ਹਾ ਇਹ ਵੀ ਕਿਹਾ ਕਿ ਜੇ ਮਰਹੂਮ ਗਾਇਕ ਸਿੱਧੂ ਮੂਸੇ ਵਾਲਾ ਦੇ ਪਿਤਾ ਅਗਲੇ ਸਾਲ ਚੋਣਾਂ ਲੜਨ ’ਚ ਦਿਲਚਸਪੀ ਦਿਖਾਉਂਦੇ ਹਨ ਤਾਂ ਪਾਰਟੀ ਉਨ੍ਹਾ ਦਾ ਸਵਾਗਤ ਕਰੇਗੀ। ਪੰਜਾਬ ’ਚ ਆਮ ਆਦਮੀ ਪਾਰਟੀ ਨਾਲ ਮਿਲ ਕੇ ਚੋਣ ਲੜਨ ਬਾਰੇ ਸਵਾਲ ਦੇ ਜਵਾਬ ’ਚ ਉਨ੍ਹਾ ਕਿਹਾ ਕਿ ਹੁਣ ਤੱਕ ਪਾਰਟੀ ਹਾਈ ਕਮਾਨ ਤੋਂ ਇਹ ਸੰਕੇਤ ਮਿਲ ਰਹੇ ਹਨ ਕਿ ਕਾਂਗਰਸ ਸਾਰੀਆਂ 13 ਸੀਟਾਂ ਲੜੇਗੀ।

## ਦਾਖਲਾ ਪ੍ਰੀਖਿਆ ਦੀ ਤਿਆਰੀ ਕਰ ਰਹੇ ਮੁੰਡੇ ਦਾ ਕਤਲ

**ਕੋਟਾ (ਰਾਜਸਥਾਨ)** : ਕੋਟਾ ਦੇ ਇੰਦਰਾ ਵਿਹਾਰ ਇਲਾਕੇ ’ਚ ਆਈ ਆਈ ਟੀ-ਜੇ ਈ ਈ ਦੀ ਤਿਆਰੀ ਕਰ ਰਹੇ 17 ਸਾਲਾ ਵਿਦਿਆਰਥੀ ਦੀ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ ਗਈ। ਸੋਮਵਾਰ ਦੇਰ ਸ਼ਾਮ ਜਦੋਂ ਵਿਦਿਆਰਥੀ ਚਾਹ ਦੀ ਦੁਕਾਨ ’ਤੇ ਬੈਠਾ ਸੀ ਤਾਂ ਕੁਝ ਨੌਜਵਾਨਾਂ ਨੇ ਉਸ ’ਤੇ ਰਾਡਾਂ ਅਤੇ ਜ਼ੰਜੀਰਾਂ ਨਾਲ ਹਮਲਾ ਕਰ ਦਿੱਤਾ। ਮ੍ਰਿਤਕ ਦੀ ਪਛਾਣ ਗੋਰਖਪੁਰ ਦੇ ਸਤਿਆਵੀਰ ਉਰਫ ਰਾਜਵੀਰ ਉਰਫ ਰੌਣਕ ਵਜੋਂ ਹੋਈ ਹੈ, ਜੋ ਕਰੀਬ ਦੋ ਸਾਲਾਂ ਤੋਂ ਇੱਥੇ ਇੱਕ ਕੋਚਿੰਗ ਸੰਸਥਾ ’ਚ ਤਿਆਰੀ ਕਰ ਰਿਹਾ ਸੀ। ਦੁਕਾਨਦਾਰ ਨੇ ਦੱਸਿਆ ਕਿ ਉਸ ਨੇ ਕੁਝ ਨੌਜਵਾਨਾਂ ਨੂੰ ਰਾਡਾਂ ਅਤੇ ਜ਼ੰਜੀਰਾਂ ਲੈ ਕੇ ਮੁੰਡੇ ਦਾ ਪਿੱਛਾ ਕਰਦੇ ਦੇਖਿਆ, ਜਿਨ੍ਹਾਂ ਉਸ ’ਤੇ ਹਮਲਾ ਕਰ ਦਿੱਤਾ। ਜ਼ਖਮੀ ਵਿਦਿਆਰਥੀ ਆਪਣੇ ਕਮਰੇ ’ਚ ਚਲਾ ਗਿਆ, ਜਿੱਥੇ ਦੇਰ ਰਾਤ ਉਸ ਦੀ ਹਾਲਤ ਵਿਗੜ ਗਈ। ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਪੁਲਸ ਨੇ ਕਿਹਾ ਕਿ ਹਮਲੇ ਦੇ ਕਾਰਨ ਦਾ ਪਤਾ ਨਹੀਂ ਲੱਗਿਆ। ਮਸ਼ਕੂਕ ਹਮਲਾਵਰਾਂ ਨੂੰ ਹਿਰਾਸਤ ’ਚ ਲੈ ਲਿਆ ਗਿਆ ਤੇ ਪੁੱਛ-ਪੜਤਾਲ ਜਾਰੀ ਸੀ।

## ਸੀ ਬੀ ਐੱਸ ਈ ਵੱਲੋਂ ਡੇਟਸ਼ੀਟ ਜਾਰੀ

**ਨਵੀਂ ਦਿੱਲੀ** : ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ ਬੀ ਐੱਸ ਈ) ਨੇ ਦਸਵੀਂ ਤੇ ਬਾਰ੍ਹਵੀਂ ਦੀ ਡੇਟਸ਼ੀਟ ਜਾਰੀ ਕਰ ਦਿੱਤੀ ਹੈ। ਪ੍ਰੀਖਿਆਵਾਂ 15 ਫਰਵਰੀ ਤੋਂ ਸ਼ੁਰੂ ਹੋ ਕੇ 2 ਅਪ੍ਰੈਲ ਤਕ ਜਾਰੀ ਰਹਿਣਗੀਆਂ। ਸੀ ਬੀ ਐੱਸ ਈ ਅਧਿਕਾਰੀਆਂ ਨੇ ਦੱਸਿਆ ਕਿ ਵਿਦਿਆਰਥੀਆਂ ਦੀ ਸਹੂਲਤ ਲਈ ਦੋ ਵਿਸ਼ਿਆਂ ਦੀਆਂ ਪ੍ਰੀਖਿਆਵਾਂ ਵਿਚਕਾਰ ਤਿਆਰੀ ਲਈ ਢੁਕਵਾਂ ਸਮਾਂ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਪ੍ਰੀਖਿਆਵਾਂ ਦੀ ਡੇਟਸ਼ੀਟ ਤਿਆਰ ਕਰਦੇ ਸਮੇਂ ਮੁਕਾਬਲਾ ਪ੍ਰੀਖਿਆਵਾਂ ਦਾ ਵੀ ਖਾਸ ਧਿਆਨ ਰੱਖਿਆ ਗਿਆ ਹੈ। ਇੱਕ ਪ੍ਰੀਖਿਆ ਸਵੇਰੇ 10:30 ਵਜੇ ਤੋਂ ਦੁਪਹਿਰ 1:30 ਵਜੇ ਤਕ ਤੇ ਦੂਜੀ ਪ੍ਰੀਖਿਆ ਸਵੇਰੇ 10:30 ਤੋਂ ਦੁਪਹਿਰ 12:30 ਵਜੇ ਤਕ ਹੋਵੇਗੀ। 10ਵੀਂ ਜਮਾਤ ਦੀਆਂ ਪ੍ਰੀਖਿਆਵਾਂ 13 ਮਾਰਚ ਨੂੰ ਖਤਮ ਹੋਣਗੀਆਂ।

## ਮੁੱਖ ਚੋਣ ਕਮਿਸ਼ਨਰ ਤੇ ਚੋਣ ਕਮਿਸ਼ਨਰਾਂ ਦਾ ਦਰਜਾ ਸੁਪਰੀਮ ਕੋਰਟ ਦੇ ਜੱਜ ਬਰਾਬਰ ਹੀ ਰਹੇਗਾ

**ਨਵੀਂ ਦਿੱਲੀ** : ਵਿਰੋਧੀ ਪਾਰਟੀਆਂ ਅਤੇ ਸਾਬਕਾ ਮੁੱਖ ਚੋਣ ਕਮਿਸ਼ਨਰਾਂ ਦੇ ਵਿਰੋਧ ਤੋਂ ਬਾਅਦ ਸਰਕਾਰ ਨੇ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ ਦਾ ਦਰਜਾ ਸੁਪਰੀਮ ਕੋਰਟ ਦੇ ਜੱਜ ਦੇ ਬਰਾਬਰ ਬਰਕਰਾਰ ਰੱਖਣ ਦਾ ਫੈਸਲਾ ਕੀਤਾ ਹੈ।

ਇਸ ਵੇਲੇ ਦਰਜਾ ਸੁਪਰੀਮ ਕੋਰਟ ਦੇ ਜੱਜ ਦੇ ਬਰਾਬਰ ਹੀ ਹੈ। ਸਰਕਾਰ ਨੇ ਇਸ ਸਾਲ ਅਗਸਤ ’ਚ ਰਾਜ ਸਭਾ ’ਚ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ (ਨਿਯੁਕਤੀ, ਸੇਵਾ ਦੀਆਂ ਸ਼ਰਤਾਂ) ਬਿੱਲ ਪੇਸ਼ ਕੀਤਾ ਸੀ, ਜਿਸ ’ਚ ਦਰਜਾ ਕੈਬਨਿਟ ਸਕੱਤਰ ਦੇ ਬਰਾਬਰ ਲਿਆਉਣ ਦਾ ਪ੍ਰਸਤਾਵ ਸੀ।

## ਕਰੰਟ ਨਾਲ ਮੌਤ ’ਤੇ ਮੁਆਵਜ਼ੇ ਦੀ ਨੀਤੀ ਬਣਾਉਣ ਦਾ ਹੁਕਮ

**ਚੰਡੀਗੜ੍ਹ** : ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਪੰਜਾਬ ’ਚ ਬਿਜਲੀ ਦਾ ਕਰੰਟ ਲੱਗਣ ਨਾਲ ਹੋ ਰਹੀ ਮੌਤਾਂ ਦਾ ਮੁਆਵਜ਼ਾ ਤੈਅ ਕਰਨ ਦੇ ਲਈ ਪੀ ਐੱਸ ਪੀ ਸੀ ਐੱਲ ਨੂੰ ਨੀਤੀ ਬਣਾਉਣ ਲਈ ਕਿਹਾ ਹੈ। ਹਾਈਕੋਰਟ ਨੇ ਕਿਹਾ ਹੈ ਕਿ ਨੀਤੀ ਨਾ ਹੋਣ ਕਾਰਨ ਪੀੜਤ ਅਤੇ ਪੀੜਤ ਪਰਿਵਾਰਾਂ ਨੂੰ ਮੁਆਵਜ਼ੇ ਦੇ ਲਈ ਦਰ-ਦਰ ਭਟਕਣਾ ਪੈਂਦਾ ਹੈ। ਕਰੰਟ ਲੱਗਣ ਨਾਲ ਮਰੇ ਜਾਂ ਅਪਾਹਜ ਹੋਏ ਪੀੜਤ ਜਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਇੱਕ ਤੈਅ ਮੁਆਵਜ਼ਾ ਦਿੱਤਾ ਜਾਣਾ ਬੇਹੱਦ ਜ਼ਰੂਰੀ ਹੈ। ਨੀਤੀ ਦੀ ਘਾਟ ਕਾਰਨ ਲੋਕਾਂ ਨੂੰ ਮਜਬੂਰੀ ’ਚ ਹਾਈਕੋਰਟ ਆਉਣਾ ਪੈ ਰਿਹਾ ਹੈ। ਇਸ ਨੂੰ ਲੈ ਕੇ ਹਾਈਕੋਰਟ ’ਚ ਵੱਡੀ ਗਿਣਤੀ ’ਚ ਪਟੀਸ਼ਨ ਪੈਂਡਿੰਗ ਹਨ। ਹਰਿਆਣਾ ਸਰਕਾਰ ਪਹਿਲਾਂ ਹੀ ਨੀਤੀ ਬਣਾ ਚੁੱਕੀ ਹੈ।

## ‘ਪਰਵਾਸੀਆਂ ਦੀ ਸਹੀ ਗਿਣਤੀ ਦੱਸਣੀ ਸੰਭਵ ਨਹੀਂ’

**ਨਵੀਂ ਦਿੱਲੀ** : ਕੇਂਦਰ ਨੇ ਸੁਪਰੀਮ ਕੋਰਟ ਨੂੰ ਕਿਹਾ ਹੈ ਕਿ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਰਹਿ ਰਹੇ ਗੈਰ-ਕਾਨੂੰਨੀ ਪਰਵਾਸੀਆਂ ਬਾਰੇ ਅੰਕੜੇ ਇਕੱਠੇ ਕਰਨਾ ਸੰਭਵ ਨਹੀਂ ਹੈ ਕਿਉਂਕਿ ਅਜਿਹੇ ਲੋਕ ਗੁਪਤ ਤਰੀਕੇ ਨਾਲ ਦੇਸ਼ ਵਿਚ ਦਾਖਲ ਹੁੰਦੇ ਹਨ। ਕੋਰਟ ਅਸਾਮ ’ਚ ਗੈਰ-ਕਾਨੂੰਨੀ ਪਰਵਾਸੀਆਂ ਨਾਲ ਸੰਬੰਧਤ ਨਾਗਰਿਕਤਾ ਕਾਨੂੰਨ ਦੀ ਧਾਰਾ 6ਏ ਦੀ ਸੰਵਿਧਾਨਕ ਵੈਧਤਾ ਦੀ ਸਮੀਖਿਆ ਕਰ ਰਹੀ ਹੈ। ਸੁਪਰੀਮ ਕੋਰਟ ’ਚ ਦਾਇਰ ਹਲਫਨਾਮੇ ’ਚ ਕੇਂਦਰ ਨੇ ਕਿਹਾ ਕਿ ਇਸ ਵਿਵਸਥਾ ਦੇ ਤਹਿਤ 17,861 ਲੋਕਾਂ ਨੂੰ ਨਾਗਰਿਕਤਾ ਦਿੱਤੀ ਗਈ ਹੈ। ਕੇਂਦਰ ਨੇ ਕਿਹਾ ਕਿ 1966-1971 ਦੀ ਮਿਆਦ ਦੇ ਸੰਬੰਧ ’ਚ ਵਿਦੇਸ਼ੀ ਟ੍ਰਿਬਿਊਨਲ ਦੇ ਹੁਕਮਾਂ ਤਹਿਤ 32,381 ਵਿਅਕਤੀਆਂ ਦਾ ਪਤਾ ਲਗਾਇਆ ਗਿਆ ਸੀ, ਜੋ ਵਿਦੇਸ਼ੀ ਸਨ। ਕੋਰਟ ਨੇ ਇਹ ਵੀ ਪੁੱਛਿਆ ਕਿ 25 ਮਾਰਚ, 1971 ਤੋਂ ਬਾਅਦ ਗੈਰ-ਕਾਨੂੰਨੀ ਢੰਗ ਨਾਲ ਭਾਰਤ ’ਚ ਦਾਖਲ ਹੋਣ ਵਾਲੇ ਪਰਵਾਸੀਆਂ ਦੀ ਅੰਦਾਜ਼ਨ ਗਿਣਤੀ ਕਿੰਨੀ ਹੈ। ਇਸ ਦੇ ਜਵਾਬ ’ਚ ਕੇਂਦਰ ਨੇ ਕਿਹਾ ਕਿ ਗੈਰ-ਕਾਨੂੰਨੀ ਪਰਵਾਸੀ ਨਾਜਾਇਜ਼ ਢੰਗ ਨਾਲ ਦੇਸ਼ ’ਚ ਦਾਖਲ ਹੁੰਦੇ ਹਨ। ਕੇਂਦਰ ਨੇ ਕਿਹਾ-ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਅਜਿਹੇ ਵਿਦੇਸ਼ੀ ਨਾਗਰਿਕਾਂ ਦਾ ਪਤਾ ਲਗਾਉਣਾ, ਹਿਰਾਸਤ ’ਚ ਲੈਣਾ ਅਤੇ ਦੇਸ਼ ਨਿਕਾਲਾ ਦੇਣਾ ਗੁੰਝਲਦਾਰ ਪ੍ਰਕਿਰਿਆ ਹੈ। ਇਸ ਕਾਰਨ ਇਨ੍ਹਾਂ ਦੀ ਸਹੀ ਗਿਣਤੀ ਦੱਸਣਾ ਸੰਭਵ ਨਹੀਂ ਹੈ।

## ਭਾਰਤ ਨੀਦਰਲੈਂਡਜ਼ ਨੂੰ ਹਰਾ ਕੇ ਜੂਨੀਅਰ ਹਾਕੀ ਵਿਸ਼ਵ ਕੱਪ ਦੇ ਸੈਮੀਫਾਈਨਲ ’ਚ

**ਕੁਆਲਾਲੰਪੁਰ** : ਦੋ ਗੋਲਾਂ ਨਾਲ ਪਛੜਨ ਤੋਂ ਬਾਅਦ ਭਾਰਤੀ ਟੀਮ ਸ਼ਾਨਦਾਰ ਵਾਪਸੀ ਕਰਦਿਆਂ ਜੂਨੀਅਰ ਹਾਕੀ ਵਿਸ਼ਵ ਕੱਪ ’ਚ ਨੀਦਰਲੈਂਡਜ਼ ਵਰਗੀ ਮਜ਼ਬੂਤ ਟੀਮ ਨੂੰ 4-3 ਗੋਲਾਂ ਨਾਲ ਹਰਾ ਕੇ ਸੈਮੀਫਾਈਨਲ ’ਚ ਪੁੱਜ ਗਈ। ਭਾਰਤੀ ਟੀਮ ਵੀਰਵਾਰ ਨੂੰ ਸੈਮੀਫਾਈਨਲ ’ਚ ਜਰਮਨੀ ਨਾਲ ਭਿੜੇਗੀ।

ਵਿਸ਼ਵ ਰੈਂਕਿੰਗ ’ਚ ਤੀਜੇ ਅਤੇ ਚੌਥੇ ਸਥਾਨ ’ਤੇ ਕਾਬਜ਼ ਭਾਰਤ ਅਤੇ ਨੀਦਰਲੈਂਡਜ਼ ਵਿਚਾਲੇ ਕੁਆਰਟਰ ਫਾਈਨਲ ਮੈਚ ਬਹੁਤ ਰੋਮਾਂਚਕ ਰਿਹਾ। ਅੱਧੇ ਸਮੇਂ ਤੱਕ ਡੱਚ ਟੀਮ 2-0 ਨਾਲ ਅੱਗੇ ਸੀ, ਪਰ ਇਸ ਤੋਂ ਬਾਅਦ ਭਾਰਤ ਨੇ ਵਾਪਸੀ ਕੀਤੀ ਅਤੇ ਦੂਜੇ ਅੱਧ ’ਚ ਚਾਰ ਗੋਲ ਕੀਤੇ। ਨੀਦਰਲੈਂਡਜ਼ ਲਈ ਟਿਮੋ ਬੋਅਰਸ (ਪੰਜਵੇਂ ਮਿੰਟ), ਪੇਪਿਨ ਵੈਨ ਡੇਰ ਹੇਡਨ (16ਵੇਂ ਮਿੰਟ) ਅਤੇ ਓਲੀਵੀਅਰ ਹਾਰਟੈਂਸੀਅਸ (44ਵੇਂ ਮਿੰਟ) ਨੇ ਗੋਲ ਕੀਤੇ, ਜਦਕਿ ਭਾਰਤ ਲਈ ਆਦਿਤਿਆ ਲਾਲਾਗੇ (34ਵੇਂ ਮਿੰਟ), ਅਰਿਜੀਤ ਸਿੰਘ ਹੁੰਦਲ (36ਵੇਂ ਮਿੰਟ), ਆਨੰਦ ਕੁਸ਼ਵਾਹਾ (52ਵੇਂ ਮਿੰਟ) ਅਤੇ ਕਪਤਾਨ ਉੱਤਮ ਸਿੰਘ (57ਵੇਂ ਮਿੰਟ) ਨੇ ਗੋਲ ਕੀਤੇ।

## ਸੁਖਦੇਵ ਗੁੱਗਾਮਾੜੀ ਕਤਲ ’ਚ ਏਅਰ ਹੋਸਟੈੱਸ ਦਾ ਕੋਰਸ ਕਰ ਰਹੀ ਪੂਜਾ ਗ੍ਰਿਫਤਾਰ, ਪਤੀ ਦੀ ਭਾਲ



**ਜੈਪੁਰ** : ਸ੍ਰੀ ਰਾਸ਼ਟਰੀ ਰਾਜਪੂਤ ਕਰਣੀ ਸੈਨਾ ਦੇ ਕੌਮੀ ਪ੍ਰਧਾਨ ਸੁਖਦੇਵ ਸਿੰਘ ਗੁੱਗਾਮਾੜੀ ਦੀ ਹੱਤਿਆ ਦੇ ਮਾਮਲੇ ’ਚ ਪੁਲਸ ਨੇ ਇੱਥੇ ਏਅਰ ਹੋਸਟੈੱਸ ਦਾ ਕੋਰਸ ਕਰ ਰਹੀ ਪੂਜਾ ਸੈਣੀ ਉਰਫ ਪੂਜਾ ਬੱਤਰਾ ਨੂੰ ਗ੍ਰਿਫਤਾਰ ਕੀਤਾ ਹੈ। ਦੋਸ਼ ਹੈ ਕਿ ਕੋਟਾ ਦੀ ਪੂਜਾ ਅਤੇ ਉਸ ਦੇ ਪਤੀ ਨੇ ਸ਼ੂਟਰ ਨਿਤਿਨ ਫੌਜੀ ਲਈ ਜੈਪੁਰ ’ਚ ਰਹਿਣ ਦਾ ਪ੍ਰਬੰਧ ਕੀਤਾ ਸੀ। ਉਸ ਨੂੰ ਹਥਿਆਰ ਵੀ ਉਪਲੱਬਧ ਕਰਵਾਏ ਗਏ। ਪੁਲਸ ਨੇ ਦੱਸਿਆ ਕਿ ਪੂਜਾ ਜੈਪੁਰ ’ਚ ਏਅਰ ਹੋਸਟੈੱਸ ਦੀ ਟ੍ਰੇਨਿੰਗ ਲੈ ਰਹੀ ਹੈ। ਜੈਪੁਰ ਦੇ ਪੁਲਸ ਕਮਿਸ਼ਨਰ ਬੀਜੂ ਜਾਰਜ ਜੋਸੇਫ ਨੇ ਕਿਹਾ-ਟੀਮ ਨੇ ਐਡੀਸ਼ਨਲ ਡੀ ਸੀ ਪੀ ਦੀ ਨਿਗਰਾਨੀ ’ਚ ਫਲੈਟ ’ਚ ਛਾਪਾ ਮਾਰਿਆ। ਪੂਜਾ ਨੂੰ ਉੱਥੇ ਗ੍ਰਿਫਤਾਰ ਕਰਕੇ ਨਿਤਿਨ ਬਾਰੇ ਪੁੱਛ-ਪੜਤਾਲ ਕੀਤੀ ਤਾਂ ਉਸ ਨੇ ਦੱਸਿਆ ਕਿ ਉਹ ਇੱਥੇ ਹੀ ਰਹਿੰਦਾ ਸੀ। ਇੰਨਾ ਹੀ ਨਹੀਂ ਪੂਜਾ ਨਿਤਿਨ ਫੌਜੀ ਨਾਲ ਕਈ ਦਿਨਾਂ ਤੱਕ ਫਲੈਟ ’ਚ ਰਹੀ। ਪੂਜਾ ਕੋਟਾ ਦੇ ਬਦਮਾਸ਼ ਮਹਿੰਦਰ ਉਰਫ ਸਮੀਰ ਦੀ ਪਤਨੀ ਹੈ। ਮਹਿੰਦਰ ਫਰਾਰ ਹੈ। ਪੂਜਾ ਇਸ ਮਾਮਲੇ ’ਚ ਪੰਜਵੀਂ ਗ੍ਰਿਫਤਾਰੀ ਹੈ।

## ਅੱਜ-ਨਾਮਾ

ਭਾਜਪਾ ਵਾਲਿਆਂ ਦਾ ਨਵਾਂ ਹੀ ਫਾਰਮੂਲਾ,
ਆਗੂ ਅਸਲੋਂ ਕੋਈ ਨਵਾਂ ਲਿਆਉ ਬੇਲੀ।
ਨਿਮਾਣੇ ਲੀਡਰ ਨੂੰ ਅੰਤਾਂ ਦਾ ਮਾਣ ਦੇਵੋ,
ਪੁਰਾਣਾ ਕੱਢੋ ਤਾਂ ਬਾਹਰ ਬਿਠਾਉ ਬੇਲੀ।
ਲਾਂਭੇ ਹੁਕਮਾਂ ਤੋਂ ਨਵਾਂ ਨਹੀਂ ਜਾਣ ਵਾਲਾ,
ਅਫਸਰੀ ਟੀਮ ਤੋਂ ਕੰਮ ਚਲਵਾਉ ਬੇਲੀ।
ਰਾਜਾਂ ਅੰਦਰ ਪੁਰਾਣੇ ਹਨ ਕਿਤੇ ਜਿਹੜੇ,
ਡਰ ਕੇ ਰਹਿਣ ਦੀ ਜਾਚ ਸਿਖਾਉ ਬੇਲੀ।
ਇਹੀ ਅਕਲ ਨਾ ਸਿੱਖੀ ਹੈ ਕਾਂਗਰਸੀਆਂ,
ਤਦ ਹੀ ਖਾਂਦੇ ਨੇ ਥਾਂਉਂ-ਥਾਂ ਮਾਰ ਬੇਲੀ।
ਜਿਹੜੀ ਕਿਸ਼ਤੀ ਦੇ ਲੜਨ ਸਵਾਰ ਰੁੱਝੇ,
ਬੇੜੀ ਲੱਗੀ ਨਹੀਂ ਕਦੀ ਆ ਪਾਰ ਬੇਲੀ।

-ਤੀਸ ਮਾਰ ਖਾਂ

# ਬਾਇਡਨ ਗਣਤੰਤਰ ਦਿਵਸ ’ਤੇ ਨਹੀਂ ਆਉਣਗੇ



**ਨਵੀਂ ਦਿੱਲੀ** : ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਭਾਰਤ ਦੇ ਗਣਤੰਤਰ ਦਿਵਸ ਦੇ ਜਸ਼ਨਾਂ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਲ ਨਹੀਂ ਹੋਣਗੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੀ-20 ਸਿਖਰ ਸੰਮੇਲਨ ਦੌਰਾਨ ਉਨ੍ਹਾ ਨੂੰ ਗਣਤੰਤਰ ਦਿਵਸ ’ਤੇ ਸੱਦਿਆ ਸੀ। ਭਾਰਤ ਅਗਲਾ ਕੁਆਡ ਸਿਖਰ ਸੰਮੇਲਨ 27 ਜਨਵਰੀ ਨੂੰ ਨਵੀਂ ਦਿੱਲੀ ਵਿਚ ਕਰਨਾ ਚਾਹੁੰਦਾ ਸੀ। ਸੰਮੇਲਨ ਵਿਚ ਭਾਰਤ, ਅਮਰੀਕਾ, ਜਾਪਾਨ ਤੇ ਆਸਟਰੇਲੀਆ ਦੇ ਆਗੂਆਂ ਨੇ ਹਿੱਸਾ ਲੈਣਾ ਸੀ। 27 ਜਨਵਰੀ ਬਾਰੇ ਦੂਜੇ ਦੇਸ਼ ਸਹਿਮਤ ਨਹੀਂ ਹੋਏ। ਇਸ ਤੋਂ ਪਹਿਲਾਂ 2015 ਵਿਚ ਤੱਤਕਾਲੀ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਗਣਤੰਤਰ ਦਿਵਸ ’ਤੇ ਆਏ ਸਨ। ਹੁਣ ਭਾਰਤ ਦੂਜੇ ਦੇਸ਼ਾਂ ਨਾਲ ਗੱਲ ਕਰਕੇ ਕੁਆਡ ਸਿਖਰ ਸੰਮੇਲਨ ਲਈ ਕੋਈ ਹੋਰ ਤਰੀਕ ਤੈਅ ਕਰੇਗਾ। 26 ਜਨਵਰੀ ਨੂੰ ਆਸਟਰੇਲੀਆ ਦਾ ਕੌਮੀ ਦਿਨ ਹੁੰਦਾ ਹੈ, ਜਿਸ ਕਰਕੇ ਉਥੋਂ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਨੀਜ਼ ਭਾਰਤ ਨਹੀਂ ਆ ਸਕਦੇ।

ਅਮਰੀਕੀ ਰਾਜਦੂਤ ਐਰਿਕ ਗਾਰਸੇਟੀ ਨੇ ਸਤੰਬਰ ਵਿਚ ਕਿਹਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਾਇਡਨ ਨੂੰ ਗਣਤੰਤਰ ਦਿਵਸ ’ਤੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ, ਪਰ ਅਮਰੀਕਾ ਸਰਕਾਰ ਨੇ ਸੱਦਾ ਪ੍ਰਵਾਨ ਕਰਨ ਜਾਂ ਨਾ ਕਰਨ ਬਾਰੇ ਕੋਈ ਬਿਆਨ ਨਹੀਂ ਦਿੱਤਾ ਸੀ।

ਕੁਆਡ ਗਰੁੱਪ ਚੀਨ ਦੇ ਆਰਥਕ ਤੇ ਫੌਜੀ ਉਭਾਰ ਦਾ ਮੁਕਾਬਲਾ ਕਰਨ ਲਈ ਬਣਾਇਆ ਗਿਆ ਹੈ। ਇਨ੍ਹਾਂ ਦੇਸ਼ਾਂ ਨੇ ਤੈਅ ਕੀਤਾ ਹੈ ਕਿ ਫੌਜੀ ਹਮਲੇ ਵਿਚ ਉਹ ਇਕ-ਦੂਜੇ ਦੀ ਹਮਾਇਤ ਵਿਚ ਆਉਣਗੇ।

## ਆਸਟਰੇਲੀਆ ਦੇ ਕਿਸਾਨਾਂ ਵੱਲੋਂ ਖੇਤਾਂ ’ਚੋਂ ਤਾਰਾਂ ਲੰਘਾਉਣ ਦਾ ਵਿਰੋਧ




**ਕੈਨਬਰਾ** : ਆਸਟਰੇਲੀਆ ਦੇ ਸੈਂਕੜੇ ਕਿਸਾਨ ਹਾਈ-ਵੋਲਟੇਜ ਬਿਜਲੀ ਤਾਰਾਂ ਨੂੰ ਆਪਣੀਆਂ ਜ਼ਮੀਨਾਂ ’ਚੋਂ ਲੰਘਾਉਣ ਖਿਲਾਫ ਡਟ ਗਏ ਹਨ। ਆਸਟਰੇਲੀਆ 2030 ਤੱਕ ਸਾਫ-ਸੁਥਰੀ ਊਰਜਾ ਲਈ ਤਾਰਾਂ ਕੱਢਣ ਲਈ ਜ਼ੋਰ ਲਗਾ ਰਿਹਾ ਹੈ। ਸਰਕਾਰ ਨੇ ਹਵਾ, ਸੂਰਜੀ ਅਤੇ ਪਣ-ਬਿਜਲੀ ਪ੍ਰਾਜੈਕਟਾਂ ਨੂੰ ਗਰਿੱਡ ਨਾਲ ਜੋੜਨ ਲਈ 2050 ਤੱਕ 10,000 ਕਿਲੋਮੀਟਰ ਬਿਜਲੀ ਤਾਰਾਂ ਪਾਉਣੀਆਂ ਹਨ। ਇਨ੍ਹਾਂ ਤੋਂ ਬਗੈਰ ਬਿਜਲੀ ਸਪਲਾਈ ਸੰਭਵ ਨਹੀਂ। ਸਾਫ-ਸੁਥਰੀ ਊਰਜਾ ਦੇ ਹੱਕ ’ਚ ਭਾਵੇਂ ਕਿਸਾਨ ਹਨ, ਪਰ ਉਹ ਨਹੀਂ ਚਾਹੁੰਦੇ ਕਿ ਉਨ੍ਹਾਂ ਦੀਆਂ ਜ਼ਮੀਨਾਂ ਵਿੱਚੋਂ ਤਾਰਾਂ ਲੰਘਣ। ਉਨ੍ਹਾਂ ਦਾ ਕਹਿਣਾ ਹੈ ਕਿ 80 ਮੀਟਰ (262 ਫੁੱਟ) ਉੱਚੇ ਟਾਵਰਾਂ ’ਤੇ ਪਾਈਆਂ ਤਾਰਾਂ ਉਨ੍ਹਾਂ ਦੀ ਖੇਤੀ ’ਚ ਵਿਘਨ ਪਾਉਣਗੀਆਂ ਤੇ ਇਨ੍ਹਾਂ ਨਾਲ ਖੇਤਾਂ ਨੂੰ ਅੱਗ ਲੱਗ ਸਕਦੀ ਹੈ। ਕਿਸਾਨ ਕਹਿ ਰਹੇ ਹਨ ਕਿ ਤਾਰਾਂ ਨੂੰ ਜ਼ਮੀਨ ਦੇ ਹੇਠੋਂ ਕੱਢਿਆ ਜਾਵੇ, ਪਰ ਮਾਹਰਾਂ ਦਾ ਕਹਿਣਾ ਹੈ ਕਿ ਇਸ ਨਾਲ ਲਾਗਤ ਵੱਧ ਜਾਵੇਗੀ।

13-DEC-PAGE-1.qxd 12/12/2023 10:26 PM Page 2



## ਪੈਨਸ਼ਨਰਜ਼ ਦਿਵਸ ਮਨਾਉਣ ਸੰਬੰਧੀ ਇਕੱਤਰਤਾ



**ਸੰਗਰੂਰ (ਪ੍ਰਵੀਨ ਸਿੰਘ)**-ਸਥਾਨਕ ਤਹਿਸੀਲ ਕੰਪਲੈਕਸ ਵਿਖੇ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ 17 ਦਸੰਬਰ ਨੂੰ ਸਾਲਾਨਾ ਪੈਨਸ਼ਨਰਜ਼ ਦਿਵਸ ਮਨਾਉਣ ਲਈ ਕਾਰਜਕਾਰਨੀ ਕਮੇਟੀ ਤੇ ਮੈਂਬਰਾਂ ਦੀ ਵਿਸ਼ੇਸ਼ ਇਕੱਤਰਤਾ ਸ੍ਰੀ ਜਗਦੀਸ਼ ਸਿੰਘ ਚੀਮਾ ਪ੍ਰਧਾਨ ਦੀ ਅਗਵਾਈ ਵਿੱਚ ਹੋਈ। ਇਸ ਮੌਕੇ ਸੀਨੀਅਰ ਸਿਟੀਜ਼ਨ ਭਲਾਈ ਸੰਸਥਾ ਦੇ ਨਵਨਿਯੁਕਤ ਪ੍ਰਧਾਨ ਡਾ. ਨਰਵਿੰਦਰ ਸਿੰਘ ਕੌਸ਼ਲ, ਇੰਜ: ਪਰਵੀਨ ਬਾਂਸਲ ਚੇਅਰਮੈਨ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਗੁਰਦੀਪ ਸਿੰਘ ਮੰਗਵਾਲ ਦੇ ਸਟੇਜ ਸੰਚਾਲਨ ਅਧੀਨ ਭੁਪਿੰਦਰ ਸਿੰਘ ਜੱਸੀ ਜਨਰਲ ਸਕੱਤਰ ਨੇ ਮੈਂਬਰਾਂ ਦਾ ਸਵਾਗਤ ਕੀਤਾ। ਉਪਰੰਤ ਜਗਜੀਤ ਇੰਦਰ ਸਿੰਘ ਚੇਅਰਮੈਨ ਐਸੋਸੀਏਸ਼ਨ, ਸੱਜਣ ਸਿੰਘ ਪੂਨੀਆ, ਰਾਜ ਕੁਮਾਰ ਅਰੋੜਾ ਜ਼ਿਲ੍ਹਾ ਪ੍ਰਧਾਨ, ਰਾਮ ਲਾਲ ਪਾਂਧੀ ਜ਼ਿਲ੍ਹਾ ਸਕੱਤਰ, ਰਾਵਿੰਦਰ ਸਿੰਘ ਗੁੱਡੂ, ਜਗਜੀਤ ਸਿੰਘ ਨਵਨਿਯੁਕਤ ਸਕੱਤਰ ਸੀਨੀਅਰ ਸਿਟੀਜ਼ਨ ਭਲਾਈ ਸੰਸਥਾ ਸੰਗਰੂਰ, ਨਿਹਾਲ ਸਿੰਘ ਮੰਗਵਾਲ, ਸੁਰਿੰਦਰ ਪਾਲ ਸਿੰਘ ਸਿਦਕੀ, ਹਰਵਿਲਾਸ ਸਿੰਘ ਬਾਬਾ ਆਦਿ ਨੇ ਖੁਸ਼ੀਆਂ ਭਰਪੂਰ ਪੈਨਸ਼ਨਰਜ਼ ਦਿਵਸ ਮਨਾਉਣ 'ਤੇ ਪ੍ਰਸੰਨਤਾ ਜ਼ਾਹਰ ਕਰਦੇ ਹੋਏ ਸਮਾਗਮ ਲਈ ਸ਼ੁੱਭ ਕਾਮਨਾਵਾਂ ਤੇ ਆਪਣੇ ਵੱਲੋਂ ਬਣਦਾ ਸਹਿਯੋਗ ਦੇਣ ਲਈ ਕਿਹਾ। ਜੀਤ ਸਿੰਘ ਢੀਂਡਸਾ ਨੇ ਦੱਸਿਆ ਕਿ ਆਬਕਾਰੀ ਤੇ ਕਰ ਵਿਭਾਗ ਦੇ ਸਾਬਕਾ ਇੰਸਪੈਕਟਰ ਤੇ ਸਮਾਜ ਸੇਵੀ ਰਵਿੰਦਰ ਸਿੰਘ ਗੁੱਡੂ ਇਸ ਸਮਾਗਮ ਦੇ ਮੁੱਖ ਮਹਿਮਾਨ ਤੇ ਸੁਖਵਿੰਦਰ ਸਿੰਘ ਸੇਖੋਂ ਕੈਨੇਡਾ ਵਾਸੀ ਸਮਾਗਮ ਦੀ ਪ੍ਰਧਾਨਗੀ ਕਰਨਗੇ। ਇਸ ਮੌਕੇ ਦਸੰਬਰ ਮਹੀਨੇ ਵਾਲੇ ਸਾਥੀਆਂ ਦੇ ਜਨਮ ਦਿਨ ਮਨਾਏ ਗਏ ਤੇ ਨਵੇਂ ਬਣੇ ਮੈਂਬਰਾਂ ਦਾ ਸਵਾਗਤ ਤੇ ਸਨਮਾਨ ਕੀਤਾ।

# ਦਿਆਲਪੁਰਾ ਵੱਲੋਂ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੇ ਨਵੇਂ ਬਣੇ ਦਫਤਰ ਦਾ ਉਦਘਾਟਨ

**ਸਮਰਾਲਾ (ਸੁਰਜੀਤ ਸਿੰਘ)**

ਭ੍ਰਿਸ਼ਟਾਚਾਰ ਵਿਰੋਧੀ ਫਰੰਟ (ਰਜਿ:) ਦੇ ਨਵੇਂ ਬਣੇ ਦਫਤਰ ਜਿਸਨੂੰ 'ਬਾਗੀ ਭਵਨ' ਦਾ ਨਾਂਅ ਦਿੱਤਾ ਗਿਆ ਹੈ, ਦੀ ਇਮਾਰਤ ਦਾ ਉਦਘਾਟਨ ਸਮਰਾਲਾ ਦੇ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਨੀਂਹ ਪੱਥਰ ਤੋਂ ਪਰਦਾ ਉਠਾ ਕੇ ਕੀਤਾ। ਸਮਾਗਮ ਦੌਰਾਨ ਬਤੌਰ ਮੁੱਖ ਮਹਿਮਾਨ ਜਗਤਾਰ ਸਿੰਘ ਦਿਆਲਪੁਰਾ ਹਲਕਾ ਵਿਧਾਇਕ, ਬਲਬੀਰ ਸਿੰਘ ਰਾਜੇਵਾਲ ਪ੍ਰਧਾਨ ਬੀ. ਕੇ. ਯੂ, ਆਲਮਦੀਪ ਸਿੰਘ ਮੱਲਮਾਜਰਾ ਪ੍ਰਧਾਨ ਆੜ੍ਹਤੀਆ ਐਸੋ., ਡਾ. ਤਾਰਿਕਜੋਤ ਸਿੰਘ ਐਸ. ਐਮ.ਓ. ਸਿਵਲ ਹਸਪਤਾਲ ਸਮਰਾਲਾ, ਦਵਿੰਦਰ ਸਿੰਘ ਜਟਾਣਾ, ਕਮਾਂਡੈਂਟ ਰਛਪਾਲ ਸਿੰਘ ਨੇ ਸ਼ਿਰਕਤ ਕੀਤੀ।

ਸਮਾਗਮ ਦੀ ਸ਼ੁਰੂਆਤ ਕਮਾਂਡੈਂਟ ਰਛਪਾਲ ਸਿੰਘ ਨੇ 25 ਸਾਲ ਪਹਿਲਾਂ ਸ਼ੁਰੂ ਹੋਏ ਫਰੰਟ ਦੁਆਰਾ ਕੀਤੇ ਕੰਮਾਂ ਦਾ ਲੇਖਾ ਜੋਖਾ ਤੇ ਫਰੰਟ ਦੇ ਫਾਊਂਡਰ ਮੈਂਬਰਾਂ, ਜਿਨ੍ਹਾਂ ਵਿੱਚ ਮੁੱਖ ਸਵ: ਮਹਿਮਾ ਸਿੰਘ ਕੰਗ, ਐਡਵੋਕੇਟ ਲਛਮਣ ਰਾਏ, ਐਡਵੋਕੇਟ ਨਿਰਭਉ ਸਿੰਘ ਆਦਿ ਦਾ ਜ਼ਿਕਰ ਕਰਦੇ ਹੋਏ ਭਾਵੁਕ ਵੀ ਹੋ ਗਏ। ਜੇਕਰ ਅੱਜ ਫਰੰਟ ਨੂੰ ਆਪਣਾ ਦਫ਼ਤਰ ਬਣਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ, ਉਸ ਵਿੱਚ ਕਾਮਰੇਡ ਜਗਜੀਤ ਸਿੰਘ ਬਾਗੀ ਜਿਨ੍ਹਾਂ ਦਾ ਬੁੱਤ ਫਰੰਟ ਦੇ ਦਫਤਰ ਵਿੱਚ ਸਥਾਪਤ ਕੀਤਾ ਗਿਆ ਹੈ, ਦੇ ਪਰਵਾਰਕ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੀ ਕੋਸ਼ਿਸ਼ ਸਦਕਾ ਕਾਗਜ਼ੀ ਮੁਸ਼ਕਲਾਂ ਹੱਲ ਹੋਈਆਂ। ਹਨ੍ਹਦਵਿੰਦਰ ਸਿੰਘ ਜਟਾਣਾ, ਜੋ ਕਾਮਰੇਡ ਦੇ ਜਗਜੀਤ ਸਿੰਘ ਬਾਗੀ ਦੇ ਜਵਾਈ ਹਨ, ਨੇ ਫਰੰਟ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਵਾਅਦਾ ਕੀਤਾ ਕਿ ਫਰੰਟ ਵੱਲੋਂ ਕੀਤੇ ਜਾਂਦੇ ਕਾਰਜਾਂ ਲਈ ਉਨ੍ਹਾਂ ਦਾ ਪੂਰਾ ਪਰਵਾਰ ਫਰੰਟ ਨਾਲ ਖੜਾ ਹੈ। ਇਸ ਮੌਕੇ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਕਿਹਾ ਕਿ ਮੇਰੇ ਹਲਕੇ ਦੀ ਇਹ ਪਹਿਲੀ ਸੰਸਥਾ ਹੈ, ਜਿਸ ਪਿਛਲੇ 25 ਸਾਲਾਂ ਤੋਂ ਆਮ ਲੋਕਾਂ ਦੇ ਹੱਕਾਂ ਲਈ ਲੜ ਰਹੀ ਹੈ ਅਤੇ ਭ੍ਰਿਸ਼ਟ ਹੋ ਚੁੱਕੇ ਸਰਕਾਰੀਤੰਤਰ ਵਿਰੁੱਧ ਝੰਡਾ ਬੁਲੰਦ ਕੀਤਾ ਹੋਇਆ ਹੈ।



ਮੰਚ ਸੰਚਾਲਕ ਦੀ ਭੂਮਿਕਾ ਦੀਪ ਦਿਲਬਰ ਦੁਆਰਾ ਬਾਖੂਬੀ ਨਿਭਾਈ ਗਈ। ਸਮਾਗਮ ਵਿੱਚ ਉਪਰੋਕਤ ਤੋਂ ਇਲਾਵਾ ਲੈਕ: ਬਿਹਾਰੀ ਲਾਲ ਸੱਦੀ, ਪ੍ਰੋ. ਬਲਦੀਪ, ਸੁਰਜੀਤ ਵਿਸ਼ਦ, ਲੈਕ: ਵਿਜੇ ਕੁਮਾਰ ਪ੍ਰਧਾਨ ਅਧਿਆਪਕ ਚੇਤਨਾ ਮੰਚ ਸਮਰਾਲਾ, ਐਡਵੋਕੇਟ ਗਗਨਦੀਪ ਸ਼ਰਮਾ, ਉਘੇ ਰੰਗਕਰਮੀ ਰਾਜਵਿੰਦਰ ਸਮਰਾਲਾ, ਨੀਰਜ ਸਿਹਾਲਾ ਪ੍ਰਧਾਨ ਸਮਰਾਲਾ ਸੋਸ਼ਲ ਵੈਲਫੇਅਰ, ਇੰਦਰਜੀਤ ਸਿੰਘ ਕੰਗ, ਰਿਕੂ ਐਮ. ਸੀ. ਸਮਰਾਲਾ, ਮਾ. ਪ੍ਰੇਮ ਨਾਥ, ਸੁਰਿੰਦਰ ਕੁਮਾਰ, ਰਜਿੰਦਰ ਸਿੰਘ, ਰਣਜੀਤ ਸਿੰਘ ਉਟਾਲਾਂ, ਸ਼ਵਿੰਦਰ ਸਿੰਘ, ਦੇਸਰਾਜ, ਦੀਪ ਦਿਲਬਰ, ਨਵਜੀਤ ਸਿੰਘ ਪੀ. ਏ. ਹਲਕਾ ਵਿਧਾਇਕ, ਸੁਖਵਿੰਦਰ ਸਿੰਘ ਗਿੱਲ ਮਾਛੀਵਾੜਾ, ਕੇਵਲ ਸਿੰਘ ਹੇੜੋਂ ਬੇਟ, ਕਸ਼ਮੀਰੀ ਲਾਲ, ਰਵਿੰਦਰ ਕੌਰ ਪ੍ਰਧਾਨ ਇਸਤਰੀ ਵਿੰਗ, ਸੁਖਜੀਤ ਕੌਰ, ਚਰਨ ਕੌਰ, ਅਵਤਾਰ ਸਿੰਘ ਉਟਾਲਾਂ, ਪ੍ਰਿਥੀਪਾਲ ਸਿੰਘ ਭਗਵਾਨਪੁਰਾ, ਕਾਮਰੇਡ ਭਜਨ ਸਿੰਘ, ਕਾਮਰੇਡ ਕੇਵਲ ਸਿੰਘ ਮੰਜਾਲੀਆਂ, ਕੈਪਟਨ ਮਹਿੰਦਰ ਸਿੰਘ, ਕਾਮਰੇਡ ਬੰਤ ਸਿੰਘ, ਪ੍ਰਿਥੀ ਸਿੰਘ ਆਦਿ ਤੋਂ ਇਲਾਵਾ ਹੋਰ ਵੀ ਵਰਕਰ ਅਤੇ ਆਮ ਲੋਕੀ ਹਾਜ਼ਰ ਸਨ।

# ਸਮਾਣਾ 'ਚ ਖੁੱਲ੍ਹਿਆ ਬਾਬਾ ਬੰਦਾ ਸਿੰਘ ਬਹਾਦਰ ਦਲ ਪੰਜਾਬ ਦਾ ਮੁੱਖ ਦਫਤਰ



**ਸਮਾਣਾ (ਗੁਰਦਿਆਲ ਸਿੰਘ ਵੈਲ)**-ਇਤਿਹਾਸਕ ਸ਼ਹਿਰ ਸਮਾਣਾ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦਲ ਪੰਜਾਬ ਜਥੇਬੰਦੀ ਵੱਲੋਂ ਸੂਬਾ ਪ੍ਰਧਾਨ ਜਥੇਦਾਰ ਕੁਲਦੀਪ ਸਿੰਘ ਢੌਂਠਲ ਦੀ ਅਗਵਾਈ ਹੇਠ ਮੁੱਖ ਦਫਤਰ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਸਰਾ ਲੈਂਦੇ ਹੋਏ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ। ਇਸ ਮੌਕੇ ਬਾਬਾ ਸੁਖਦੇਵ ਸਿੰਘ ਨਾਨਕਸਰ ਪਟਿਆਲੇ ਵਾਲਿਆਂ ਵੱਲੋਂ ਰਸਭਿੰਨ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਮੁੱਖ ਦਫਤਰ ਦਾ ਉਦਘਾਟਨ ਆਈਆਂ ਸੰਗਤਾਂ ਵੱਲੋਂ ਜੈਕਾਰਿਆਂ ਦੀ ਗੂੰਜ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਕੀਤਾ ਗਿਆ। ਇਸ ਮੌਕੇ ਬਾਬਾ ਬੁੱਢਾ ਸਾਹਿਬ ਗ੍ਰੰਥੀ ਸਭਾ ਵਿੰਗ ਪਟਿਆਲਾ ਦੇ ਸਮੂਹ ਅਹੁਦੇਦਾਰ ਤੇ ਮੈਂਬਰ ਵੱਡੀ ਗਿਣਤੀ ਵਿੱਚ ਹਾਜ਼ਰ ਹੋਏ, ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਝਰਮਲ ਸਿੰਘ ਸਮਾਣਾ, ਜਸਵੰਤ ਸਿੰਘ ਕੋਟਲੀ, ਰਣਜੋਧ ਸਿੰਘ ਆਸਟਰੇਲੀਆ ਵਾਲੇ, ਸਾਹਿਬ ਸਿੰਘ ਸਮਾਣਾ, ਭੁਪਿੰਦਰ ਸਿੰਘ ਮਸ਼ੀਂਗਣ ਯੂਥ ਪ੍ਰਧਾਨ ਜ਼ਿਲ੍ਹਾ ਪਟਿਆਲਾ ਸ਼੍ਰੋ ਅ ਦਲ ਅੰਮ੍ਰਿਤਸਰ ਫਤਿਹ, ਭੁਪਿੰਦਰ ਸਿੰਘ ਰੋਹੀ, ਮਨਪ੍ਰੀਤ ਸਿੰਘ ਚੂੜਪੁਰ, ਸੁਖਦੇਵ ਜੋਗਿੰਦਰ ਸਿੰਘ, ਬਾਬਾ ਬਲਵਿੰਦਰ ਸਿੰਘ ਕਾਲੇਕਾ, ਅਜੈਬ ਸਿੰਘ ਬਿਸ਼ਨਪੁਰਾ, ਮਨਪ੍ਰੀਤ ਸਿੰਘ ਘੜਾਮਾ ਪੱਤੀ, ਬਰਮਾ ਸਿੰਘ ਜਨਾਲ, ਨਰਾਇਣ ਸਿੰਘ ਭੰਗੂ, ਬਾਬਾ ਜਗਸੀਰ ਸਿੰਘ, ਗੁਰਦੇਵ ਸਿੰਘ ਨਨੋਹੇੜਾ, ਜਰਨੈਲ ਸਿੰਘ ਮਾਨ, ਜਰਨੈਲ ਸਿੰਘ ਸਾਹਿਬਾਜਪੁਰ, ਜਗਦੀਪ ਸਿੰਘ ਤਲਵੰਡੀ, ਤਰਸੇਮ ਸਿੰਘ ਪੱਪੂ, ਰਾਜ ਸਿੰਘ ਤੁਲੇਵਾਲ, ਸਾਹਿਬ ਸਿੰਘ ਢਾਬਾ, ਨਿਰਪਾਲ ਸਿੰਘ ਵੜੈਚਾਂ ਪੱਤੀ, ਬੇਅੰਤ ਸਿੰਘ ਮਰੌੜੀ ਆਦਿ ਵੱਡੀ ਗਿਣਤੀ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦਲ ਪੰਜਾਬ ਤੇ ਬਾਬਾ ਬੁੱਢਾ ਸਾਹਿਬ ਗ੍ਰੰਥੀ ਸਭਾ ਵਿੰਗ ਪੰਜਾਬ ਦੇ ਅਹੁਦੇਦਾਰ ਹਾਜ਼ਰ ਸਨ।

## ਵਿਦਿਆਰਥੀਆਂ ਨੇ ਵਿੱਦਿਅਕ ਟੂਰ ਲਗਾਇਆ



**ਬਰੇਟਾ (ਰੀਤਵਾਲ)**-ਸਰਕਾਰੀ ਪ੍ਰਾਇਮਰੀ ਸਕੂਲ ਧਰਮਪੁਰਾ ਦੇ ਵਿਦਿਆਰਥੀਆਂ ਨੇ ਸਕੂਲ ਪ੍ਰਬੰਧਕ ਕਮੇਟੀ ਤੇ ਸਟਾਫ਼ ਦੇ ਸਹਿਯੋਗ ਨਾਲ ਦੋ ਦਿਨਾ ਵਿੱਦਿਅਕ ਟੂਰ ਲਗਾਇਆ। ਸਕੂਲ ਮੁਖੀ ਜਸ਼ਨਦੀਪ ਸਿੰਘ ਕੁਲਾਣਾ ਨੇ ਟੂਰ ਬੱਸ ਨੂੰ ਝੰਡੀ ਦੇਣ ਦੀ ਰਸਮ ਅਦਾ ਕੀਤੀ। ਇਸ ਟੂਰ ਦੌਰਾਨ ਵਿਦਿਆਰਥੀਆਂ ਨੇ ਸ੍ਰੀ ਦਰਬਾਰ ਸਾਹਿਬ ਤਰਨਤਾਰਨ, ਅਟਾਰੀ-ਵਾਹਗਾ ਬਾਰਡਰ, ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੇ ਸੁਲਤਾਨਪੁਰ ਲੋਧੀ ਦੇ ਇਤਿਹਾਸਕ ਗੁਰਧਾਮਾਂ ਤੇ ਕਾਲ਼ੀ ਬੇਈ ਦੇ ਦਰਸ਼ਨ ਕੀਤੇ। ਇਸ ਟੂਰ ਦੇ ਇੰਚਾਰਜ ਦਰਸ਼ਨ ਸਿੰਘ ਮੱਲ ਸਿੰਘ ਵਾਲਾ ਨੇ ਵਿਦਿਆਰਥੀਆਂ ਨੂੰ ਇਨ੍ਹਾਂ ਸਥਾਨਾਂ ਦੇ ਇਤਿਹਾਸ ਤੇ ਮਹੱਤਵ ਬਾਰੇ ਨਾਲੋਂ-ਨਾਲ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਦਿਆਰਥੀ ਸਾਰਾ ਸਾਲ ਕਿਤਾਬੀ ਗਿਆਨ ਉੱਤੇ ਨਿਰਭਰ ਰਹਿੰਦੇ ਹਨ, ਜਿੱਥੇ ਟੂਰ ਦੌਰਾਨ ਸੈਰ-ਸਪਾਟੇ ਦੇ ਨਾਲ ਨਾਲ ਵਿਦਿਆਰਥੀਆਂ ਦੇ ਗਿਆਨ ਤੇ ਅਨੁਭਵ ਵਿੱਚ ਅਥਾਹ ਵਾਧਾ ਹੁੰਦਾ ਹੈ। ਇਸ ਮੌਕੇ ਬਲਕਾਰ ਸਿੰਘ ਬਰੇਟਾ, ਵੀਰਪਾਲ ਸਿੰਘ ਬਰੇਟਾ, ਸੁਨੀਲ ਕੁਮਾਰ ਬੋਹਾ, ਵੀਰਪਾਲ ਕੌਰ ਧਰਮਪੁਰਾ ਤੇ ਗਮਦੂਰ ਸਿੰਘ ਸਸਪਾਲੀ ਵਿਦਿਆਰਥੀਆਂ ਦੇ ਨਾਲ ਹਾਜ਼ਰ ਰਹੇ।

## ਸਰਬੱਤ ਦਾ ਭਲਾ ਟਰੱਸਟ ਨੇ ਵਿਦਿਆਰਥੀਆਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ




**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਬੱਤ ਦਾ ਭਲਾ ਟਰੱਸਟ ਨੇ ਸੰਨੀ ਓਬਰਾਏ ਸਕਾਲਰਸ਼ਿਪ ਸਕੀਮ ਅਧੀਨ ਮਾਤਾ ਗੁਜਰੀ ਕਾਲਜ ਦੇ ਸੈਸ਼ਨ 2023-24 ਦੇ 26 ਲੋੜਵੰਦ ਵਿਦਿਆਰਥੀਆਂ ਨੂੰ 1,95,500 ਰੁਪਏ ਕਾਲਜ ਦੀਆਂ ਫੀਸਾਂ ਦੇ ਰੂਪ ਵਿੱਚ ਸਹਾਇਤਾ ਰਾਸ਼ੀ ਦੇ ਚੈੱਕ ਦਿੱਤੇ। ਟਰੱਸਟ ਦੇ ਐਜੂਕੇਸ਼ਨ ਵਿੰਗ ਦੀ ਡਾਇਰੈਕਟਰ ਸ੍ਰੀਮਤੀ ਇੰਦਰਜੀਤ ਕੌਰ ਨੇ ਸਕਾਲਰਸ਼ਿਪ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਦੱਸਿਆ ਕਿ ਟਰੱਸਟ ਵੱਲੋਂ ਡਾ. ਐੱਸ. ਪੀ. ਸਿੰਘ ਓਬਰਾਏ ਦੇ ਯਤਨਾਂ ਸਦਕਾ ਉੱਚ-ਵਿੱਦਿਆ ਦੀ ਪੜ੍ਹਾਈ ਲਈ ਜ਼ਰੂਰਤਮੰਦ ਤੇ ਹੋਣਹਾਰ ਵਿਦਿਆਰਥੀਆਂ ਨੂੰ ਇਹ ਸਹਾਇਤਾ ਰਾਸ਼ੀ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਇਸੇ ਕੜੀ ਤਹਿਤ ਕਾਲਜ ਦੇ ਵਿਦਿਆਰਥੀਆਂ ਨੂੰ ਸਹਾਇਤਾ ਰਾਸ਼ੀ ਪ੍ਰਾਪਤ ਹੋਈ ਅਤੇ ਭਵਿੱਖ ਵਿੱਚ ਵੀ ਇਹ ਰਾਸ਼ੀ ਇਸੇ ਤਰ੍ਹਾਂ ਨਿਰੰਤਰ ਜਾਰੀ ਰਹੇਗੀ। ਜ਼ਿਕਰਯੋਗ ਹੈ ਕਿ ਡਾ. ਓਬਰਾਏ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਮਨੁੱਖਤਾ ਨੂੰ ਬਖਸ਼ੇ ਮਹਾਨ ਫਲਸਫੇ ਅਨੁਸਾਰ ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ ਦੀ ਪਾਲਣਾ ਕਰਦੇ ਹੋਏ ਸਮਾਜਿਕ ਭਲਾਈ ਦੇ ਕਾਰਜਾਂ, ਜਿਨ੍ਹਾਂ ਵਿੱਚ ਸਿਲਾਈ-ਕਢਾਈ, ਕੰਪਿਊਟਰ ਕੋਰਸ ਤੇ ਹੋਰ ਸਮਾਜਿਕ ਭਲਾਈ ਦੇ ਕਾਰਜ ਕਰਵਾਏ ਜਾ ਰਹੇ ਹਨ, ਉੱਥੇ ਹੀ ਉੱਚ ਸਿੱਖਿਆ ਪ੍ਰਾਪਤ ਕਰਨ ਵਾਲੇ ਲੋੜਵੰਦ ਵਿਦਿਆਰਥੀਆਂ ਨੂੰ ਵੀ ਫੀਸਾਂ ਦੇ ਰੂਪ ਵਿੱਚ ਸਹਾਇਤਾ ਰਾਸ਼ੀ ਪ੍ਰਦਾਨ ਕੀਤੀ ਜਾਂਦੀ ਹੈ। ਇਸ ਮੌਕੇ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਟਰੱਸਟ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਤੇ ਵਿਦਿਆਰਥੀਆਂ ਦੇ ਹਿੱਤ ਵਿੱਚ ਕੀਤੇ ਜਾ ਰਹੇ ਇਸ ਕਾਰਜ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ, ਡਾ. ਗੁਰਬਾਜ ਸਿੰਘ, ਸ੍ਰ. ਜਸਵੰਤ ਸਿੰਘ ਤੇ ਵਿਦਿਆਰਥੀ ਆਦਿ ਹਾਜ਼ਰ ਸਨ।

## ਰਾਮਬਾਗ ਪਾਰਕ 'ਚ ਲਗਾਇਆ ਇੱਕ ਰੋਜ਼ਾ ਐੱਨ ਐੱਸ ਐੱਸ ਕੈਂਪ



ਤਲਵੰਡੀ ਸਾਬੋ (ਜਗਦੀਪ ਗਿੱਲ)-ਮਾਲਵਾ ਵੈੱਲਫੇਅਰ ਕਲੱਬ ਤਲਵੰਡੀ ਸਾਬੋ ਵੱਲੋਂ ਖਾਲਸਾ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਦੇ ਸਹਿਯੋਗ ਨਾਲ ਇੱਕ ਰੋਜ਼ਾ ਐੱਨ ਐੱਸ ਐੱਸ ਕੈਂਪ ਲਗਾਇਆ ਗਿਆ, ਜਿਸ ਵਿੱਚ ਲਗਭਗ 30 ਵਲੰਟਰੀਆਂ ਨੇ ਹਿੱਸਾ ਲਿਆ ਤੇ ਸਾਰੇ ਹੀ ਵਲੰਟਰੀਆਂ ਨੇ ਬੜੀ ਹੀ ਸੇਵਾ ਭਾਵਨਾ ਨਾਲ ਕੰਮ ਕੀਤਾ। ਇਸ ਸਬੰਧੀ ਪ੍ਰਧਾਨ ਵਿਕਾਸ ਸਿੰਗਲਾ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਸਕੂਲ ਹਮੇਸ਼ਾ ਹੀ ਬੱਚਿਆਂ ਨੂੰ ਆਪਣੇ ਸਮਾਜ ਨਾਲ ਜੋੜਨ ਦੀ ਕੋਸ਼ਿਸ਼ ਕਰਦਾ ਆ ਰਿਹਾ ਹੈ, ਜਿਸ ਤਹਿਤ ਵੱਖ ਵੱਖ ਕੈਂਪ ਵੱਖ ਵੱਖ ਸਥਾਨਾਂ 'ਤੇ ਲਗਾਏ ਜਾਂਦੇ ਹਨ। ਪ੍ਰੋਗਰਾਮ ਅਫਸਰ ਗੁਰਪ੍ਰੀਤ ਸਿੰਘ ਤੇ ਕਲੱਬ ਚੇਅਰਮੈਨ ਚੰਦਰ ਸ਼ੇਖਰ ਤਲਵੰਡੀ ਦੀ ਅਗਵਾਈ ਹੇਠ ਪਾਰਕ ਦੀ ਸਾਫ ਸਫਾਈ ਕੀਤੀ ਗਈ, ਜਿਸ ਵਿੱਚ ਬੂਟਿਆਂ ਦੀ ਕਾਂਟ ਛਾਂਟ ਤੇ ਪਾਰਕ ਦੇ ਆਉਂਦੇ ਰਸਤਿਆਂ ਨੂੰ ਸਾਫ ਕੀਤਾ ਗਿਆ। ਇਸ ਮੌਕੇ ਕਲੱਬ ਦੇ ਸਰਪ੍ਰਸਤ ਅੰਮ੍ਰਿਤਪਾਲ ਸਿੰਘ ਬਰਾੜ ਨੇ ਆਏ ਹੋਏ ਸਾਰੇ ਵਲੰਟਰੀਆਂ ਨੂੰ ਜੀ ਆਇਆਂ ਕਿਹਾ ਤੇ ਅੱਗੇ ਤੋਂ ਵੀ ਸਮਾਜ ਸੇਵਾ ਵਿੱਚ ਜੁੜਨ ਲਈ ਪ੍ਰੇਰਿਤ ਕੀਤਾ। ਕੈਂਪ ਦੌਰਾਨ ਖਾਲਸਾ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਦੇ ਪ੍ਰਿੰਸੀਪਲ ਬਿਕਰਮਜੀਤ ਸਿੰਘ ਸਿੱਧੂ ਨੇ ਵਿਸ਼ਵਾਸ ਦਿਵਾਇਆ ਕਿ ਉਹ ਅੱਗੇ ਤੋਂ ਵੀ ਕਲੱਬ ਨਾਲ ਜੁੜ ਕੇ ਸਮਾਜ ਸੇਵਾ ਵਿੱਚ ਕੰਮ ਕਰਨ ਲਈ ਬੱਚਿਆਂ ਨੂੰ ਉਤਸ਼ਾਹਤ ਕਰਕੇ ਉਨ੍ਹਾਂ ਨੂੰ ਅਜਿਹੇ ਕਾਰਜ ਕਰਨ ਲਈ ਪ੍ਰੇਰਿਤ ਕਰਨਗੇ। ਇਸ ਮੌਕੇ ਕਲੱਬ ਦੇ ਖਜ਼ਾਨਚੀ ਮਨਦੀਪ ਸਿੰਘ, ਮੈਂਬਰ ਜਗਨਦੀਪ ਸਿੰਘ, ਅਰਸ਼ਦੀਪ ਸਿੰਘ ਗਿੱਲ, ਵਿਸ਼ਾਲ ਗਰਗ, ਪ੍ਰੀਤ ਤਲਵੰਡੀ ਮੌਜੂਦ ਸਨ।

## ਭਗਵੰਤ ਮਾਨ ਦੀ ਅਗਵਾਈ ਹੇਠ ਸਾਰੇ ਵਾਅਦੇ ਪੂਰੇ ਕੀਤੇ ਜਾ ਰਹੇ ਹਨ : ਜੱਸੀ ਸੋਹੀਆਂ ਵਾਲਾ



**ਮੰਡੀ ਗੋਬਿੰਦਗੜ੍ਹ (ਲਖਵੀਰ ਸਿੰਘ, ਹਰਚਰਨ ਉੱਪਲ)**-ਵਿਧਾਨ ਸਭਾ ਚੋਣਾਂ ਸਮੇਂ ਆਮ ਆਦਮੀ ਪਾਰਟੀ ਵੱਲੋਂ ਸੂਬੇ ਦੇ ਲੋਕਾਂ ਨਾਲ ਕੀਤੇ ਸਾਰੇ ਵਾਅਦੇ ਪੰਜਾਬ ਸਰਕਾਰ ਵਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੂਰੇ ਕੀਤੇ ਜਾ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਲੋਕ ਸਭਾ ਹਲਕਾ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਆਮ ਆਦਮੀ ਪਾਰਟੀ ਦੀ ਟਿਕਟ ਦੇ ਦਾਅਵੇਦਾਰ ਅਤੇ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਮੰਡੀ ਗੋਬਿੰਦਗੜ੍ਹ ਵਿਖੇ ਦੇਵਗਨ ਇੰਡਸਟਰੀ ਦੇ ਮਾਲਕ ਬਲਜੀਤ ਸਿੰਘ ਦੇ ਘਰ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਬਿਨਾਂ ਕਿਸੇ ਪੱਖਪਾਤ ਤੋਂ ਹਰ ਵਰਗ ਦੇ ਲੋਕਾਂ ਨੂੰ ਬਣਦੀਆਂ ਸਹੂਲਤਾਂ ਦੇ ਰਹੀ ਹੈ। ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਹੁਣ ਤੱਕ 40 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਵੱਡੀ ਪੱਧਰ 'ਤੇ ਹੋਰ ਨੌਕਰੀਆਂ ਦੇਣ ਦੇ ਪ੍ਰਬੰਧਕ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਆਪ ਦੀ ਸਰਕਾਰ ਲੋਕਾਂ ਦੀ ਪਹਿਲੀ ਅਜਿਹੀ ਸਰਕਾਰ ਹੈ, ਜੋ ਸੂਬੇ ਦੇ ਲੋਕਾਂ ਨੂੰ ਭ੍ਰਿਸ਼ਟਾਚਾਰ ਮੁਕਤ ਸਾਫ ਸੁਥਰਾ ਪ੍ਰਸ਼ਾਸਨ ਦੇਣ ਲਈ ਵਚਨਬੱਧ ਹੈ।

# ਰਿਸ਼ਵਤ ਲੈਣ ਵਾਲਾ ਡੀ ਐੱਸ ਪੀ ਗ੍ਰਿਫ਼ਤਾਰ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਫ਼ਿਰੋਜ਼ਪੁਰ ਸਬ-ਡਵੀਜ਼ਨ ਦੇ ਡੀਐਸਪੀ ਸੁਰਿੰਦਰਪਾਲ ਬਾਂਸਲ ਨੂੰ ਪੁਲਸ ਨੇ ਸੋਮਵਾਰ ਰਾਤ ਗ੍ਰਿਫ਼ਤਾਰ ਕਰ ਲਿਆ।ਉਸ ਨੂੰ ਕੈਂਟ ਥਾਣੇ ਵਿੱਚ ਰੱਖਿਆ ਗਿਆ ਹੈ।ਇਹ ਗ੍ਰਿਫਤਾਰੀ 5 ਲੱਖ ਰੁਪਏ ਦੀ ਰਿਸ਼ਵਤ ਅਤੇ ਅਹੁਦੇ ਦੀ ਦੁਰਵਰਤੋਂ ਦੇ ਮਾਮਲੇ ਨਾਲ ਸਬੰਧਤ ਹੈ। ਡੀਐਸਪੀ ਸੁਰਿੰਦਰਪਾਲ ਬਾਂਸਲ ਵੱਲੋਂ ਰਿਸ਼ਵਤ ਲੈਣ ਦੀਆਂ ਸ਼ਿਕਾਇਤਾਂ ਤੋਂ ਬਾਅਦ ਵਿਭਾਗ ਦੇ ਐਸਪੀ-ਡੀ ਰਣਧੀਰ ਕੁਮਾਰ ਵੱਲੋਂ ਮਾਮਲੇ ਦੀ ਜਾਂਚ ਕੀਤੀ ਗਈ ਸੀ, ਜਿਸ ਵਿੱਚ ਖੁਲਾਸਾ ਹੋਇਆ ਸੀ ਕਿ ਬਾਂਸਲ ਨੇ ਸਾਬਕਾ ਸਰਪੰਚ ਗੁਰਮੇਜ ਸਿੰਘ ਰਾਹੀਂ ਗੂਗਲ ਪੇਅ ਰਾਹੀਂ ਆਪਣੇ ਖਾਤੇ ਵਿੱਚ ਕਰੀਬ 5 ਲੱਖ ਰੁਪਏ ਕਢਵਾ ਲਏ ਸਨ।ਇਸ ਤੋਂ ਇਲਾਵਾ ਦੋਸ਼ ਹੈ ਕਿ ਗੁਰਮੇਜ ਸਿੰਘ ਜੋ ਕਿ ਇੱਕ ਗੰਭੀਰ ਮਾਮਲੇ ਵਿੱਚ ਲੋੜੀਂਦਾ ਸੀ, ਨੂੰ ਬਾਂਸਲ ਨੇ ਆਪਣੀ ਜਾਂਚ ਵਿੱਚ ਬੇਕਸੂਰ ਕਰਾਰ ਦਿੱਤਾ ਸੀ।ਪੁਲਸ ਸੂਤਰਾਂ ਅਨੁਸਾਰ ਸਥਾਨਕ ਸੱਤਾਧਾਰੀ ਧਿਰ ਦੇ ਇੱਕ ਸੀਨੀਅਰ ਆਗੂ ਦੀ ਸ਼ਮੂਲੀਅਤ ਕਾਰਨ ਪੁਲਿਸ ਦੇ ਉੱਚ ਅਧਿਕਾਰੀ ਬਿਨਾਂ ਠੋਸ ਸਬੂਤਾਂ ਦੇ ਬਾਂਸਲ ਨੂੰ ਗ੍ਰਿਫ਼ਤਾਰ ਕਰਨ ਤੋਂ ਡਰਦੇ ਸਨ।ਜਦੋਂ ਹੀ ਠੋਸ ਸਬੂਤ ਇਕੱਠੇ ਕੀਤੇ ਗਏ ਤਾਂ ਤਫ਼ਤੀਸ਼ੀ ਅਫ਼ਸਰ ਐਸਪੀ-ਡੀ ਰਣਧੀਰ ਕੁਮਾਰ ਦੀ ਸ਼ਿਕਾਇਤ 'ਤੇ ਫ਼ਿਰੋਜ਼ਪੁਰ ਕੈਂਟ ਥਾਣੇ ਵਿੱਚ 6 ਦਸੰਬਰ 2023 ਨੂੰ ਆਈ.ਪੀ.ਸੀ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਸੀ, ਜਿਸ ਤਹਿਤ ਬਾਂਸਲ ਨੂੰ ਨੋਟਿਸ ਵੀ ਜਾਰੀ ਕੀਤਾ ਗਿਆ ਸੀ।ਗ੍ਰਿਫ਼ਤਾਰੀ ਤੋਂ ਪਹਿਲਾਂ ਆਪਣਾ ਪੱਖ ਪੇਸ਼ ਕਰਨ ਲਈ ਦਿੱਤਾ ਗਿਆ ਸੀ। ਇਸ ਦੌਰਾਨ ਅਦਾਲਤ ਤੋਂ ਇਜਾਜ਼ਤ ਲੈ ਕੇ ਪੁਲਿਸ ਨੇ ਬਾਂਸਲ ਦੇ ਫ਼ਿਰੋਜ਼ਪੁਰ ਤੇ ਲੁਧਿਆਣਾ ਦੇ ਟਿਕਾਣਿਆਂ ਦੀ ਵੀ ਤਲਾਸ਼ੀ ਲਈ।ਇਸ ਤੋਂ ਪਹਿਲਾਂ ਬਾਂਸਲ ਨੇ ਆਪਣੇ ਅਧੀਨ ਇੱਕ ਇੰਸਪੈਕਟਰ ਸਮੇਤ 10 ਪੁਲਸ ਮੁਲਾਜ਼ਮਾਂ 'ਤੇ ਗੈਂਗਸਟਰਾਂ ਅਤੇ ਨਸ਼ਾ ਤਸਕਰਾਂ ਨਾਲ ਸਬੰਧ ਰੱਖਣ ਦੇ ਦੋਸ਼ ਲਾਏ ਸਨ।ਇਸ ਮਾਮਲੇ ਦੀ ਜਾਂਚ ਅਜੇ ਬਾਕੀ ਹੈ।ਇਸ ਤੋਂ ਪਹਿਲਾਂ ਬਾਂਸਲ ਰਿਸ਼ਵਤ ਦੇ ਕੇਸ ਵਿੱਚ ਫਸ ਗਏ ਸਨ।

# ਪੰਜ ਮਹੀਨੇ ਪਹਿਲਾਂ ਵਿਆਹੀ ਲੜਕੀ ਨੇ ਕੀਤੀ ਖੁਦਕੁਸ਼ੀ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਪਿਆਂ ਦੀ ਸਹਿਮਤੀ ਤੋਂ ਬਗੈਰ ਪ੍ਰੇਮ ਵਿਆਹ ਕਰਵਾਉਣ ਵਾਲੀ ਇੱਕ ਵਿਆਹੁਤਾ ਲੜਕੀ ਵੱਲੋਂ ਵਿਆਹ ਤੋਂ ਕਰੀਬ ਪੰਜ ਮਹੀਨਿਆਂ ਬਾਅਦ ਫਾਹਾ ਲੈ ਕੇ ਖੁਦਕੁਸ਼ੀ ਕਰ ਲੈਣ ਦਾ ਸਮਾਚਾਰ ਹੈ। ਮ੍ਰਿਤਕਾ ਦੀ ਪਹਿਚਾਣ ਵਰਸ਼ਾ (24) ਪਤਨੀ ਸਚਿਨ ਵਾਸੀ ਹਮਾਂਯੂਪੁਰ ਸਰਹਿੰਦ ਵਜੋਂ ਹੋਈ ਹੈ। ਮ੍ਰਿਤਕਾ ਦੇ ਪਤੀ ਸਚਿਨ ਨੇ ਦੱਸਿਆ ਕਿ ਉਹ ਰੋਜ਼ਾਨਾ ਦੀ ਤਰ੍ਹਾਂ ਖਰਾਦ ਦੇ ਕੰਮ 'ਤੇ ਗਿਆ ਹੋਇਆ ਸੀ ਤਾਂ ਉਸ ਦੇ ਛੋਟੇ ਭਰਾ ਨੇ ਫੋਨ ਕਰਕੇ ਦੱਸਿਆ ਕਿ ਭਾਬੀ ਆਪਣੀ ਕਮਰੇ 'ਚ ਛੱਤ ਵਾਲੇ ਪੱਖੇ ਨਾਲ ਲਟਕੀ ਹੋਈ ਹੈ ਜਿਸ 'ਤੇ ਉਸ ਨੇ ਘਟਨਾ ਦੀ ਸੂਚਨਾ ਪੁਲਸ ਨੂੰ ਦਿੱਤੀ ਤੇ ਘਰ ਪਹੁੰਚ ਕੇ ਦੇਖਿਆ ਤਾਂ ਵਰਸ਼ਾ ਦੀ ਮੌਤ ਹੋ ਚੁੱਕੀ ਸੀ। ਗਵਾਂਢ 'ਚ ਰਹਿੰਦੇ ਰੋਹਿਤ ਕੁਮਾਰ ਨੇ ਪੱਤਰਕਾਰ ਨੂੰ ਦੱਸਿਆ ਕਿ ਸੰਜੂ ਅਤੇ ਉਸ ਦੇ ਪਰਵਾਰਕ ਮੈਂਬਰ ਮਿਹਨਤੀ ਕਿਸਮ ਦੇ ਵਿਅਕਤੀ ਹਨ ਜਿਨ੍ਹਾਂ ਨੂੰ ਕਦੇ ਕਿਸੇ ਨਾਲ ਲੜਦੇ ਝਗੜਦੇ ਨਹੀਂ ਦੇਖਿਆ। ਗਵਾਂਢੀਆਂ ਨੇ ਦੱਸਿਆ ਕਿ ਮੇਰਠ ਦੀ ਰਹਿਣ ਵਾਲੀ ਵਰਸ਼ਾ ਨੇ ਆਪਣੇ ਮਾਪਿਆਂ ਦੀ ਮਰਜ਼ੀ ਤੋਂ ਬਗੈਰ ਸਚਿਨ ਨਾਲ ਕਰੀਬ ਪੰਜ ਮਹੀਨੇ ਪਹਿਲਾਂ ਵਿਆਹ ਕਰਵਾਇਆ ਸੀ ਜਿਸ ਕਾਰਨ ਵਰਸ਼ਾ ਦਾ ਪੇਕਾ ਪਰਵਾਰ ਉਸ ਨਾਲ ਵਰਤਦਾ ਨਹੀਂ ਸੀ, ਜਿਸ ਨੂੰ ਲੈ ਕੇ ਵਰਸ਼ਾ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦੀ ਸੀ ਤੇ ਇਸੇ ਮਾਨਸਿਕ ਤਣਾਅ ਦੇ ਚਲਦਿਆਂ ਉਸ ਨੇ ਖੁਦਕਸ਼ੀ ਜਿਹਾ ਗਲਤ ਕਦਮ ਚੁੱਕਿਆ ਜਾਪਦਾ ਹੈ। ਖਬਰ ਲਿਖੇ ਜਾਣ ਤੱਕ ਡੀ.ਐਸ.ਪੀ.(ਫ.ਗ.ਸ) ਰਾਜ ਕੁਮਾਰ ਅਤੇ ਐਸ.ਐਚ.ਓ. ਸਰਹਿੰਦ ਬਲਵੀਰ ਸਿੰਘ ਦੀ ਅਗਵਾਈ 'ਚ ਪੁਲਸ ਦੀ ਟੀਮ ਵੱਲੋਂ ਮੌਕੇ 'ਤੇ ਜਾਂਚ ਕੀਤੀ ਜਾ ਰਹੀ ਸੀ।



# ਸੁਰਿੰਦਰਾ ਡੇਅਰੀ ਤੇ ਸ਼ਿਵਮ ਰੈਸਟੋਰੈਂਟ ਵੱਲੋਂ ਖ਼ੂਨਦਾਨ ਕੈਂਪ




**ਭਗਤਾ ਭਾਈ ਕਾ (ਰਾਜੀਵ ਗੋਇਲ)**

ਸਥਾਨਕ ਸ਼ਹਿਰ ਅਤੇ ਇਲਾਕੇ ਵਿੱਚ ਵਿਸ਼ੇਸ਼ ਨਾਮਣਾ ਖੱਟਣ ਵਾਲੀ ਮਸ਼ਹੂਰ ਸੁਰਿੰਦਰਾ ਡੇਅਰੀ ਤੇ ਸ਼ਿਵਮ ਰੈਂਸਟੋਰੈਂਟ ਵਿਖੇ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਹੋਰਾਂ ਦੇ ਨਾਲ ਨਾਲ ਥਾਣੇ ਦੇ ਅਧਿਕਾਰੀਆਂ ਵੱਲੋਂ ਵੀ ਖ਼ੂਨਦਾਨ ਕੀਤਾ ਗਿਆ। ਇਸ ਮੌਕੇ ਸਿਵਲ ਹਸਪਤਾਲ ਬਠਿੰਡਾ ਦੀ ਟੀਮ ਵੱਲੋਂ ਆਮ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਵੱਧ ਤੋਂ ਵੱਧ ਖ਼ੂਨਦਾਨ ਕਰਨ, ਇਸ ਨਾਲ ਖ਼ੂਨ ਦਾ ਸਰਕਲ ਵੀ ਚਲਦਾ ਰਹਿੰਦਾ ਹੈ ਤੇ ਨਾਲ ਹੀ ਖ਼ੂਨ ਦੇ ਗਾੜ੍ਹੇ ਹੋਣ ਦਾ ਖਤਰਾ ਵੀ ਨਹੀਂ ਰਹਿੰਦਾ। ਉਨ੍ਹਾਂ ਦੱਸਿਆ ਕਿ ਕਰੀਬ 95 ਯੂਨਿਟਾਂ ਖ਼ੂਨ ਦੀਆਂ ਇਕੱਤਰ ਹੋਈਆਂ ਹਨ। ਇਸ ਮੌਕੇ ਥਾਣਾ ਮੁਖੀ ਜਗਦੀਪ ਸਿੰਘ ਸਮੇਤ ਇਲਾਕੇ ਦੇ ਮੋਹਤਵਰਾਂ ਵੱਲੋਂ ਵੀ ਖ਼ੂਨਦਾਨ ਕੀਤਾ ਗਿਆ। ਇਸ ਖ਼ੂਨਦਾਨ ਕੈਂਪ ਵਿੱਚ ਸ਼ਿਰਕਤ ਕੀਤੇ ਜਾਣ 'ਤੇ ਡੇਅਰੀ ਸੰਚਾਲਕ ਮਹਿੰਦਰਪਾਲ ਕਮਰਾ ਉਰਫ ਬਿੱਟੂ ਅਰੋੜਾ ਵੱਲੋਂ ਸਾਰੇ ਹੀ ਦੋਸਤਾਂ ਮਿੱਤਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

# ਬੀ ਕੇ ਯੂ ਪੰਜਾਬ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਦਿੱਲੀ ਮਾਰਚ 'ਚ ਸ਼ਾਮਲ ਹੋਣ ਦਾ ਐਲਾਨ

**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਫੁਰਮਾਨ ਸਿੰਘ ਸੰਧੂ ਤੇ ਕੌਮੀ ਜਨਰਲ ਸਕੱਤਰ ਪੰਜਾਬ ਸੁੱਖ ਗਿੱਲ ਮੋਗਾ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸੰਯੁਕਤ ਮੋਰਚਾ ਪੰਜਾਬ ਨੂੰ ਭੇਜੀ ਗਈ ਲਿਖਤੀ ਚਿੱਠੀ ਰਾਹੀਂ ਬੰਦੀ ਸਿੰਘਾਂ ਨੂੰ ਰਿਹਾਅ ਕਰਵਾਉਣ ਲਈ 20 ਦਸੰਬਰ ਨੂੰ ਹੋਣ ਵਾਲੇ ਦਿੱਲੀ ਮਾਰਚ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਸੀ, ਓਸੇ ਕੜੀ ਤਹਿਤ ਅੱਜ ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸ੍ਰ: ਸੰਧੂ ਤੇ ਕੌਮੀ ਜਨਰਲ ਸਕੱਤਰ ਪੰਜਾਬ ਸ੍ਰ: ਗਿੱਲ ਨੇ ਦਿੱਲੀ ਮਾਰਚ ਵਿੱਚ ਜਾਣ ਦਾ ਐਲਾਨ ਕਰਦਿਆਂ ਕਿਹਾ ਕਿ ਸਾਡੀ ਜਥੇਬੰਦੀ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨਾਂ ਨੌਜਵਾਨਾਂ ਨੂੰ ਲੈ ਕੇ ਸ਼ਿਰਕਤ ਕਰੇਗੀ। ਸੰਧੂ ਤੇ ਗਿੱਲ ਨੇ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਪੰਜਾਬ 100 ਗੱਡੀਆਂ ਦਾ ਕਾਫਲਾ ਲੈ ਕੇ 19 ਦਸੰਬਰ ਨੂੰ ਸਵੇਰੇ 10 ਵਜੇ ਰਵਾਨਾ ਹੋਣਗੇ। ਕਿਸਾਨ ਆਗੂ ਸੁੱਖ ਗਿੱਲ ਮੋਗਾ ਨੇ ਕਿਹਾ ਕਿ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਕੌਮ ਨੂੰ ਇੱਕਜੁੱਟ ਹੋ ਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਦਿੱਲੀ ਵਿਖੇ 20 ਦਸੰਬਰ ਨੂੰ ਸਵੇਰੇ 11 ਵਜੇ ਪਹੁੰਚ ਕੇ ਰਾਸ਼ਟਰਪਤੀ ਭਵਨ ਵੱਲ ਸ਼ਾਂਤਮਈ ਰੋਸ ਪ੍ਰਦਰਸ਼ਨ ਕਰਨ ਲਈ ਸੱਦਾ ਦਿੱਤਾ ਹੈ, ਜਿਸ ਵਿੱਚ ਪੰਜਾਬ ਭਰ 'ਚੋਂ ਸਿੱਖ ਜਥੇਬੰਦੀਆਂ, ਸੰਪਰਦਾਵਾਂ, ਕਿਸਾਨ ਜਥੇਬੰਦੀਆਂ ਤੇ ਸਾਰੇ ਪੰਜਾਬ ਦੇ ਧਰਮਾਂ ਨੂੰ ਤਿੰਨ ਦਹਾਕਿਆਂ ਤੋਂ ਜੇਲ੍ਹਾਂ ਵਿੱਚ ਬੈਠੇ ਬੰਦੀ ਸਿੰਘਾਂ ਨੂੰ ਰਿਹਾਅ ਕਰਵਾਉਣ ਲਈ ਇੱਕਜੁੱਟ ਹੋ ਕੇ ਕੌਮ ਦੀ ਲੜਾਈ ਲੜਨ ਦੀ ਅਪੀਲ ਕੀਤੀ। ਇਸ ਮੌਕੇ ਹਰਦੀਪ ਸਿੰਘ ਕਰਮੂੰਵਾਲਾ, ਲਖਵਿੰਦਰ ਸਿੰਘ ਕਰਮੂੰਵਾਲਾ, ਗੁਰਪ੍ਰਤਾਪ ਸਿੰਘ ਕੋਟ ਈਸੇ ਖਾਂ, ਸੂਰਤ ਸਿੰਘ ਬਹਿਰਾਮਕੇ, ਸਬੇਗ ਸਿੰਘ ਮਖੂ ਆਦਿ ਕਿਸਾਨ ਹਾਜ਼ਰ ਸਨ।




## ਉਤਰ ਰੇਲਵੇ

### ਖੁਲ੍ਹੀ ਨਿਵਿਦਾ ਸੂਚਨਾ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਵ.ਮੰਡਲ ਬਿਜਲੀ ਇੰਜੀਨੀਅਰ/ਟੀ.ਆਰ.ਡੀ., ਉਤਰ ਰੇਲਵੇ, ਫਿਰੋਜਪੁਰ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਈ-ਨਿਵਿਦਾਵਾਂ ਅੰਤਮ ਮਿਤੀ 05.01. 2024 ਨੂੰ 15.00 ਵਜੇ ਤਕ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ 05.01.2024 ਨੂੰ 15:00 ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅੰਦਾਜ਼ਨ ਲਾਗਤ (Rs.) | ਟੈਂਡਰ ਦੀ ਕੀਮਤ (Rs.) | ਨਿਵਿਦਾ ਦੀ ਸਮਾਪਤੀ ਮਿਤੀ ਤੇ ਸਮਾਂ | ਬਿਆਨਾ ਰਾਸ਼ੀ # (Rs.) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|---|---|
| 523-ਟੀ.ਆਰ.ਡੀ.-ਫਿਰੋਜਪੁਰ--2023-24 | ਫਿਰੋਜਪੁਰ ਮੰਡਲ ਦੇ ਵਖ-ਵਖ ਟਾਵਰ ਵੈਗਨਾਂ ਵਿਚ ਛੋਟੀ-ਮੋਟੀ ਖਰਾਬੀ ਅਤੇ ਖਰਾਬ ਹਿਸਿਆਂ ਨੂੰ ਬਦਲਣ ਦਾ ਕੰਮ। | 14,58,609.00p | ਜੀਰੋ | 05.01.2024 15:00 ਵਜੇ ਤਕ | 29,200/- | 06 ਮਹੀਨੇ | 05.01.2024 15:00 ਵਜੇ ਦੇ ਬਾਅਦ | www.ireps.gov.in |

#ਨਿਵਿਦਾਕਰਤਾ ਕਿਰਪਾ ਧਿਆਨ ਦੇਣ ਕਿ ਬੋਲੀ ਸੁਰੱਖਿਆ ਦੇ ਬਿਨਾ ਪ੍ਰਾਪਤ ਪ੍ਰਸਤਾਵ ਜਾਂ ਤਾਂ ਈ-ਪੇਮੇਂਟ ਗੇਟਵੇ ਦੇ ਮਾਧਿਅਮ ਨਾਲ ਨਕਦ ਵਿਚ ਜਾਂ ਭਾਰਤ ਦੇ ਕਿਸੇ ਵੀ ਅਨੁਸੂਚਿਤ ਵਾਣਿਜਕ ਬੇਂਕ ਤੋਂ ਬੈਂਕ ਗਾਰੰਟੀ ਬਾਂਡ ਦੇ ਰੂਪ ਵਿਚ ਜਾਂ ਨਿਵਿਦਾ ਦਸਤਾਵੇਜਾਂ ਵਿਚ ਉਲੇਖਿਤ (ਅਨੁਲਗਨਕ-21 ਦੇ ਅਨੁਸਾਰ) ਇਕ ਸਮੇਂ ਦੇ ਲਈ ਵੈਲਿਡ ਹਨ। ਬੋਲੀ ਦੀ ਵੈਧਤਾ ਅਵਧੀ ਦੇ ਬਾਅਦ 90 ਦਿਨ ਦੇ ਲਈ ਅਧੂਰੇ ਅਤੇ ਅਣਵੈਲਿਡ ਪ੍ਰਸਤਾਵ ਦੇ ਰੂਪ ਵਿਚ ਮੰਨਿਆ ਜਾਵੇਗਾ ਅਤੇ ਜਿਸ ਦੇ ਲਈ ਠੇਕੇਦਾਰ ਦਾ ਰੇਲਵੇ ਤੇ ਕੋਈ ਦਾਅਵਾ ਨਹੀਂ ਹੋਵੇਗਾ।

ਨੰ.:523-ਟੀ.ਆਰ.ਡੀ./ਫਿਰੋਜਪੁਰ/ਟੀ-2023-24 ਮਿਤੀ: 11.12.2023 — 3885/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਮਾਲਵਾ ਸਾਹਿਤ ਸਭਾ ਦੇ ਮਹੀਨਾਵਾਰ ਪ੍ਰੋਗਰਾਮ 'ਚ ਸੁਰਜੀਤ ਬਰਾੜ ਦੀ ਪੁਸਤਕ 'ਤੇ ਗੋਸ਼ਟੀ



**ਬਰਨਾਲਾ (ਬਰਾੜ)**-ਬੀਤੇ ਦਿਨੀਂ ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਸਥਾਨਕ ਪੰਜਾਬ ਆਈ ਟੀ ਆਈ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਪ੍ਰਸਿੱਧ ਆਲੋਚਕ ਅਤੇ ਨਾਵਲਕਾਰ ਡਾ. ਸੁਰਜੀਤ ਬਰਾੜ ਦੇ ਨਾਵਲ 'ਡੁੱਬ ਰਿਹਾ ਪਿੰਡ' ਉੱਪਰ ਗੋਸ਼ਟੀ ਮੌਕੇ ਪਰਚਾ ਪੜ੍ਹਦਿਆਂ ਡਾ. ਭੁਪਿੰਦਰ ਸਿੰਘ ਬੇਦੀ ਨੇ ਕਿਹਾ ਕਿ ਅਜੋਕੇ ਸਮੇਂ ਪੰਜਾਬ ਦੇ ਪਿੰਡਾਂ ਵਿੱਚ ਜਿਸ ਕਿਸਮ ਦੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ ਡਾ. ਬਰਾੜ ਨੇ ਇਸ ਨਾਵਲ ਰਾਹੀਂ ਉਨ੍ਹਾਂ ਨੂੰ ਕਹਿਣ ਦਾ ਯਤਨ ਕੀਤਾ ਹੈ। ਬੂਟਾ ਸਿੰਘ ਚੌਹਾਨ ਨੇ ਕਿਹਾ ਕਿ ਇਸ ਨਾਵਲ ਨੂੰ ਸਿਰਜਣ ਲਈ ਡਾ. ਬਰਾੜ ਨੇ ਨਵੀਂ ਤਕਨੀਕ ਦਾ ਪ੍ਰਯੋਗ ਕੀਤਾ ਹੈ। ਉਪਰੰਤ ਸੁਖਵਿੰਦਰ ਕੌਰ ਮਨਕੂ ਦੇ ਪਲੇਠੇ ਕਾਵਿ ਸੰਗ੍ਰਹਿ ਸੱਚ ਦਾ ਦੀਵਾ ਦਾ ਲੋਕ ਅਰਪਣ ਕੀਤਾ ਗਿਆ ਜਿਸ ਬਾਰੇ ਸਭਾ ਦੇ ਪ੍ਰਧਾਨ ਡਾ. ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਇਸ ਕਾਵਿ ਸੰਗ੍ਰਹਿ 'ਚ ਸੁਖਵਿੰਦਰ ਕੌਰ ਨੇ ਮਨੁੱਖੀ ਸੁਭਾਅ ਦੇ ਬਦਲਵੇਂ ਮੁਹਾਵਰੇ ਨੂੰ ਪੇਸ਼ ਕੀਤਾ ਹੈ। ਹਰਮੀਤ ਵਿਦਿਆਰਥੀ ਨੇ ਕਿਹਾ ਕਿ ਇਸ ਪੁਸਤਕ ਵਿੱਚ ਕਵਿਤਰੀ ਨੇ ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ ਨੂੰ ਉਸਾਰੂ ਖਿਆਲਾਂ ਰਾਹੀਂ ਸ਼ਬਦਾਂ ਵਿੱਚ ਪਰੋ ਕੇ ਸਾਡੇ ਸਨਮੁੱਖ ਕੀਤਾ ਹੈ। ਇਨ੍ਹਾਂ ਤੋਂ ਇਲਾਵਾ ਭੋਲਾ ਸਿੰਘ ਸੰਘੇੜਾ, ਤਰਸੇਮ, ਹਰਚਰਨ ਸਿੰਘ ਚਹਿਲ, ਦਰਸ਼ਨ ਸਿੰਘ ਗੁਰੂ, ਡਾ. ਰਾਮਪਾਲ ਸਿੰਘ, ਡਾ. ਮੇਹਰ ਮਾਣਕ, ਮਹਿੰਦਰ ਸਿੰਘ ਰਾਹੀ, ਸਾਗਰ ਸਿੰਘ ਸਾਗਰ, ਗੁਰਮੇਲ ਸਿੰਘ ਬੌਡੇ, ਜਗੀਰ ਸਿੰਘ ਖੋਖਰ ਅਤੇ ਡਾ. ਅਮਨਦੀਪ ਸਿੰਘ ਟੱਲੇਵਾਲੀਆ ਨੇ ਇਨ੍ਹਾਂ ਪੁਸਤਕਾਂ ਉੱਪਰ ਆਪਣੇ ਵਿਚਾਰ ਪੇਸ਼ ਕੀਤੇ। ਉਪਰੰਤ ਹੋਏ ਕਵੀ ਦਰਬਾਰ 'ਚ ਜਗਤਾਰ ਬੈਂਸ, ਡਾ. ਉਜਾਗਰ ਸਿੰਘ ਮਾਨ, ਰਾਮ ਸਰੂਪ ਸ਼ਰਮਾ, ਪਾਲ ਸਿੰਘ ਲਹਿਰੀ, ਸ਼ਿੰਦਰ ਧੌਲਾ, ਰਾਮ ਸਿੰਘ ਬੀਹਲਾ, ਸੁਖਵਿੰਦਰ ਸਿੰਘ ਸਨੇਹ, ਹਾਕਮ ਸਿੰਘ ਰੂੜੇਕੇ, ਸੁਰਜੀਤ ਸਿੰਘ ਦਿਹੜ, ਮਨਦੀਪ ਕੁਮਾਰ, ਲਖਵਿੰਦਰ ਸਿੰਘ ਠੀਕਰੀਵਾਲ, ਲਖਵਿੰਦਰ ਮੁਖਾਤਿਬ, ਡਾ. ਹਰਪ੍ਰੀਤ ਕੌਰ ਰੂਬੀ, ਰਘਬੀਰ ਸਿੰਘ ਗਿੱਲ ਕੱਟੂ, ਰਾਮ ਸਿੰਘ ਹਠੂਰ ਅਤੇ ਜੁਗਰਾਜ ਚੰਦ ਰਾਏਸਰ ਨੇ ਆਪਣੇ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ।

## ਸਿਵਲ ਸਰਜਨ ਨੇ ਸਵਾਈਨ ਫਲੂ ਸੰਬੰਧੀ ਕੀਤੀ ਮੀਟਿੰਗ

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਵਾਈਨ ਫਲੂ ਤੋਂ ਬਚਣ ਲਈ ਆਮ ਲੋਕਾਂ ਨੂੰ ਜਾਗਰੂਕ ਕਰਨ ਅਤੇ ਇਸ ਸਬੰਧੀ ਸਿਹਤ ਸੰਸਥਾਵਾਂ ਅੰਦਰ ਢੁਕਵੇਂ ਪ੍ਰਬੰਧ ਰੱਖਣ ਲਈ ਸਿਵਲ ਸਰਜਨ ਫਤਿਹਗੜ੍ਹ ਸਾਹਿਬ ਡਾ. ਦਵਿੰਦਰਜੀਤ ਕੌਰ ਨੇ ਜ਼ਿਲ੍ਹੇ ਦੇ ਸਮੂਹ ਸੀਨੀਅਰ ਮੈਡੀਕਲ ਅਫਸਰਾਂ ਨਾਲ ਮੀਟਿੰਗ ਕੀਤੀ। ਮੀਟਿੰਗ 'ਚ ਡਾ. ਦਵਿੰਦਰਜੀਤ ਕੌਰ ਨੇ ਕਿਹਾ ਕਿ ਜ਼ਿਲ੍ਹੇ ਅੰਦਰ ਭਾਵੇਂ ਸਵਾਈਨ ਫਲੂ ਦਾ ਕੋਈ ਵੀ ਕੇਸ ਰਿਪੋਰਟ ਨਹੀਂ ਹੋਇਆ ਪਰ ਫਿਰ ਵੀ ਇਸ ਤੋਂ ਬਚਣ ਲਈ ਹਰ ਸਿਹਤ ਸੰਸਥਾ ਵਿੱਚ ਆਉਣ ਵਾਲੇ ਮਰੀਜ਼ਾਂ ਨੂੰ ਇਸ ਸਬੰਧੀ ਜਾਗਰੂਕ ਕੀਤਾ ਜਾਵੇ ਅਤੇ ਵਿਭਾਗ ਦੇ ਫੀਲਡ ਸਟਾਫ ਤੇ ਆਸ਼ਾ ਵਰਕਰਾਂ ਵੱਲੋਂ ਘਰ ਘਰ ਜਾ ਕੇ ਆਮ ਲੋਕਾਂ ਨੂੰ ਸਵਾਈਨ ਫਲੂ ਸਬੰਧੀ ਜਾਗਰੂਕ ਕੀਤਾ ਜਾਵੇ। ਉਹਨਾਂ ਸਰਕਾਰ ਵੱਲੋਂ ਭੇਜੀਆਂ ਗਾਈਡਲਾਇਨਾਂ ਮੀਟਿੰਗ ਵਿੱਚ ਸਾਂਝੀਆਂ ਕਰਦੇ ਹੋਏ ਕਿਹਾ ਕਿ ਜ਼ਿਲ੍ਹੇ ਅੰਦਰ ਭਾਵੇਂ ਸਵਾਈਨ ਫਲੂ ਦਾ ਕੋਈ ਵੀ ਕੇਸ ਰਿਪੋਰਟ ਨਾ ਹੋਣ ਦੇ ਬਾਵਜੂਦ ਆਪੋ ਆਪਣੀਆਂ ਸਿਹਤ ਸੰਸਥਾਵਾਂ ਉੱਪਰ ਫਲੂ ਕਾਰਨਰ ਸਥਾਪਤ ਕੀਤੇ ਜਾਣ ਅਤੇ ਜੇਕਰ ਕੋਈ ਸਵਾਇਨ ਫਲੂ ਦਾ ਕੇਸ ਆਉਂਦਾ ਹੈ ਤਾਂ ਉਸ ਦੇ ਇਲਾਜ ਲਈ ਅਗਾਊਂ ਢੁਕਵੇਂ ਪ੍ਰਬੰਧ ਕਰਕੇ ਰੱਖੇ ਜਾਣ ਜਾਣ ਅਤੇ ਕੇਸਾਂ ਦੇ ਇਲਾਜ ਲਈ ਵਰਤੋਂ ਵਿੱਚ ਆਉਣ ਵਾਲੀਆਂ ਲੋੜੀਂਦੀਆਂ ਦਵਾਈਆਂ ਦਾ ਸਟਾਕ ਸੰਸਥਾ 'ਤੇ ਰੱਖਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਜਿਸ ਸੰਸਥਾ ਵਿੱਚ ਦਵਾਈਆਂ ਉਪਲਬਧ ਨਹੀਂ ਹਨ ਉਹ ਜ਼ਿਲਾ ਪੱਧਰ ਤੋਂ ਦਵਾਈਆਂ ਲੈ ਲਈਆਂ ਜਾਣ ਕਿਉਂਕਿ ਦਵਾਈਆਂ ਦੀ ਕੋਈ ਕਮੀ ਨਹੀਂ ਹੈ।

# ਪਲਸ ਪੋਲੀਓ ਰੋਕੂ ਮੁਹਿੰਮ ਦੇ ਦੂਜੇ ਦਿਨ ਬੱਚਿਆਂ ਨੂੰ ਘਰ-ਘਰ ਜਾ ਪਿਲਾਈਆਂ ਬੂੰਦਾਂ

**ਮੋਗਾ (ਅਮਰਜੀਤ ਬੱਬਰੀ)**-ਕੇਂਦਰੀ ਸਿਹਤ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਿਆਂ ਵਿੱਚ ਵਿਸ਼ੇਸ਼ ਪੋਲੀਓ ਰੋਕੂ ਮੁਹਿੰਮ ਚੱਲ ਰਹੀ ਹੈ।ਇਸ ਮੁਹਿੰਮ ਤਹਿਤ ਜ਼ਿਲ੍ਹਾ ਮੋਗਾ ਵਿਖੇ ਵੀ 10 ਤੋਂ 12 ਦਸੰਬਰ ਤੱਕ 0-5 ਸਾਲ ਉਮਰ ਦੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਜਾ ਰਹੀਆਂ ਹਨ।ਡਿਪਟੀ ਕਮਿਸ਼ਨਰ ਮੋਗਾ ਕੁਲਵੰਤ ਸਿੰਘ ਨੇ ਦੱਸਿਆ ਕਿ ਪੋਲੀਓ ਰੋਕੂ ਮੁਹਿੰਮ ਦਾ ਦੂਜਾ ਦਿਨ ਸਫ਼ਲਤਾਪੂਰਵਕ ਸੰਪੰਨ ਹੋ ਚੁੱਕਾ ਹੈ।ਦੂਜੇ ਦਿਨ ਸਿਹਤ ਵਿਭਾਗ ਦੀਆਂ 835 ਟੀਮਾਂ, 20 ਮੋਬਾਇਲ ਟੀਮਾਂ ਤੇ 19 ਟਰਾਂਜਿਟ ਟੀਮਾਂ ਵੱਲੋਂ ਘਰ-ਘਰ ਜਾ ਕੇ 35725 ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਗਈਆਂ।ਇਸ ਨਾਲ ਇਨ੍ਹਾਂ ਦੋ ਦਿਨਾਂ ਵਿੱਚ ਕੁੱਲ 78616 ਬੱਚਿਆਂ ਨੇ ਪੋਲੀਓ ਰੋਕੂ ਬੂੰਦਾਂ ਪੀ ਲਈਆਂ ਹਨ। ਡਿਪਟੀ ਕਮਿਸ਼ਨਰ ਮੋਗਾ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਇਸ ਮੁਹਿੰਮ ਨੂੰ ਸਫ਼ਲ ਬਣਾਉਣ ਲਈ ਆਪਣੇ ਪੱਧਰ ਉੱਤੇ ਪੂਰਨ ਸਹਿਯੋਗ ਕਰਨ।ਸਿਵਲ ਸਰਜਨ ਮੋਗਾ ਡਾ. ਰਜੇਸ਼ ਅੱਤਰੀ ਨੇ ਚੁਣੇ ਹੋਏ ਸਰਪੰਚਾਂ-ਪੰਚਾਂ ਤੇ ਹੋਰ ਮੋਹਤਬਰਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਰਸੂਖ ਨਾਲ ਵੱਧ ਤੋਂ ਵੱਧ ਲੋਕਾਂ ਨੂੰ ਪ੍ਰੇਰਣ ਕਿ ਉਹ ਆਪਣੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਜ਼ਰੂਰ ਪਿਲਾਉਣ।ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਜ਼ਰੀਏ ਹਰ ਯੋਗ ਬੱਚੇ ਤੱਕ ਪੋਲੀਓ ਰੋਕੂ ਬੂੰਦ ਦੀ ਪਹੁੰਚ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ।ਇਸ ਮੌਕੇ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾਕਟਰ ਅਸ਼ੋਕ ਸਿੰਗਲਾ ਨੇ ਦੱਸਿਆ ਕਿ ਟੀਚੇ ਨੂੰ ਪੂਰਾ ਕਰਨ ਲਈ 417 ਬੂਥ ਲਾਏ ਗਏ ਹਨ।ਇਸ ਤੋਂ ਇਲਾਵਾ ਘਰ-ਘਰ ਜਾ ਕੇ ਬੂੰਦਾਂ ਪਿਲਾਉਣ ਲਈ 654 ਟੀਮਾਂ, 21 ਮੋਬਾਈਲ ਟੀਮਾਂ, 16 ਟਰਾਂਜ਼ਿਟ ਟੀਮਾਂ ਬਣਾਈਆਂ ਗਈਆਂ ਹਨ।ਇਸ ਕੰਮ ਨੂੰ 1915 ਵੈਕਸੀਨੇਟਰਾਂ ਵੱਲੋਂ ਸਿਰੇ ਚਾੜ੍ਹਿਆ ਜਾਵੇਗਾ।ਉਨ੍ਹਾਂ ਦੱਸਿਆ ਕਿ ਮੁਹਿੰਮ ਨੂੰ ਸਫ਼ਲ ਬਣਾਉਣ ਵਿੱਚ ਕਿਸੇ ਵੀ ਤਰ੍ਹਾਂ ਦੀ ਕਸਰ ਬਾਕੀ ਨਹੀਂ ਛੱਡੀ ਜਾਵੇਗੀ।




**RELIANCE** Asset Reconstruction

**Reliance Asset Reconstruction Co. Ltd.**
Corporate Office: 11th Floor, North Side, R-Tech Park, Western Express Highway, Goregaon (East), Mumbai 400 063

## ਸਕਿਉਰਡ ਐੱਸਟਸ ਦੀ ਈ-ਨਿਲਾਮੀ ਵਿਕਰੀ ਵਾਸਤੇ ਜਨਤਕ ਨੋਟਿਸ

ਰਿਲਾਇੰਸ ਐੱਸਟ ਰੀਕੰਸਟਰੱਕਸ਼ਨ ਕੰਪਨੀ ਲਿਮ: (ਆਰ ਏ ਆਰ ਸੀ) ਆਰ ਏ ਆਰ ਸੀ-026 ਟਰੱਸਟ ਦੀ ਟਰੱਸਟੀ ਰਿਲਾਇੰਸ ਕੈਪੀਟਲ ਲਿਮ: ਨਾਲ 30.12.2016 ਨੂੰ ਕੀਤੇ ਗਏ ਇਕਰਾਰਨਾਮੇ ਅਨੁਸਾਰ ਹੇਠਾਂ ਦਰਸਾਏ ਕਰਜ਼ਦਾਰਾਂ ਦੀ ਜਾਇਦਾਦ ਹਿੱਸੇਦਾਰ ਅਤੇ ਸਕਿਉਰਡ ਕ੍ਰੈਡਿਟਰ ਹੈ।
ਨਿਮਨਹਸਤਾਖਰੀ ਵੱਲੋਂ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਨਾਲ ਸਕਿਉਰਿਟੀ ਇੰਟਰੈੱਸਟ ਐਕਟ 2002 ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬਕਾਏ ਦੀ ਵਸੂਲੀ ਵਾਸਤੇ ਹੇਠਾਂ ਦਰਸਾਈ ਜਾਇਦਾਦ ਦੀ 'ਆਨਲਾਈਨ ਈ-ਨਿਲਾਮੀ' ਰਾਹੀਂ ਵਿਕਰੀ ਕੀਤੀ ਜਾਵੇਗੀ। ਜਾਇਦਾਦਾਂ ਦੀ ਵਿਕਰੀ 'ਜਿਵੇਂ ਹੈ ਜਿੱਥੇ ਹੈ', 'ਜਿਵੇਂ ਹੈ ਜੋ ਹੈ' ਅਤੇ 'ਨੋ ਰੀਕੋਰਸ' ਦੇ ਆਧਾਰ ਤੋਂ ਇਲਾਵਾ ਹੇਠਾਂ ਦਰਸਾਈਆਂ ਹੋਰ ਸ਼ਰਤਾਂ ਤਹਿਤ ਕੀਤੀ ਜਾਵੇਗੀ।

| ਕਰਜ਼ਦਾਰ/ਗਰੰਟਰਾਂ ਦਾ ਨਾਂਅ | ਬਕਾਇਆ ਰਕਮ | ਕਬਜ਼ੇ ਦੀ ਮਿਤੀ |
|---|---|---|
| 1. ਅਸ਼ਵਨੀ ਗੋਇਲ : ਮਕਾਨ ਨੰ. 5 ਏ, ਨਿਹਾਲ ਬਾਗ, ਪਾਰਾਦਰੀ ਪਟਿਆਲਾ, ਪੰਜਾਬ-147001, ਨਾਲ ਹੀ : ਅਸ਼ਵਨੀ ਗੋਇਲ, ਅਸ਼ਵਨੀ ਗੋਇਲ ਐਂਡ ਕੰਪਨੀ, ਗੀਤਾ ਪੈਟਰੋਲ ਪੰਪ ਦੇ ਨਾਲ, ਸਰਹਿੰਦ ਰੋਡ, ਪਟਿਆਲਾ, ਪੰਜਾਬ-147001<br>2. ਮਧੂ ਗੋਇਲ, ਮਕਾਨ ਨੰ. 5 ਏ, ਨਿਹਾਲ ਬਾਗ, ਪਾਰਾਦਰੀ ਪਟਿਆਲਾ, ਪੰਜਾਬ-147001, ਨਾਲ ਹੀ : ਗੀਤਾ ਪੈਟਰੋਲ ਪੰਪ ਦੇ ਨਾਲ, ਸਰਹਿੰਦ ਰੋਡ, ਪਟਿਆਲਾ, ਪੰਜਾਬ-147001 | 28.11.2023 ਨੂੰ ਰੁਪਏ 12,44,30,734.57/- (ਬਾਰਾਂ ਕਰੋੜ ਚੁਤਾਲੀ ਲੱਖ ਤੀਹ ਹਜ਼ਾਰ ਸੱਤ ਸੌ ਚੌਂਤੀ ਰੁਪਏ ਅਤੇ ਸਤਵੰਜਾ ਪੈਸੇ ਕੇਵਲ) ਸਮੇਤ ਮੁਕੰਮਲ ਅਦਾਇਗੀ ਦੀ ਮਿਤੀ ਤੱਕ ਇਸ ਉਪਰ ਭਵਿੱਖੀ ਵਿਆਜ। | 18.07.2023 |

| ਜਾਇਦਾਦ ਦਾ ਵੇਰਵਾ | ਰਾਖਵੀਂ ਕੀਮਤ | ਈ ਐੱਮ ਡੀ ਰਕਮ |
|---|---|---|
| ਸ੍ਰੀਮਤੀ ਮਧੂ ਗੋਇਲ ਦੇ ਨਾਂਅ 'ਤੇ ਵਪਾਰਕ ਜਾਇਦਾਦ, ਪਲਾਟ ਪਿੰਡ ਝਿਲ, ਤਹਿਸੀਲ ਤੇ ਜ਼ਿਲ੍ਹਾ ਪਟਿਆਲਾ, ਖੇਵਟ ਨੰ. 1531/4075, ਖਸਰਾ ਨੰ. 60//17/2 (0-2), 18/1 (0-1), 24/1 (3-2), ਕੁੱਲ 3 ਕਨਾਲ 5 ਮਰਲੇ ਜ਼ਮੀਨ 32 (1/3)/65 ਹਿੱਸਾ ਮਤਲਬ 32 (1/3) ਮਰਲੇ, ਰਕਬਾ 970 ਵਰਗ ਗਜ਼, ਗੀਤਾ ਪੈਟਰੋਲ ਪੰਪ ਦੇ ਨਾਲ, ਸਰਹਿੰਦ ਰੋਡ ਪਟਿਆਲਾ, ਪੰਜਾਬ-147001 ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਸੜਕ, ਲੰਬਾਈ 41'-6'', ਪੱਛਮ : ਖਾਲੀ ਜ਼ਮੀਨ, ਉੱਤਰ : ਦਿਲਬਾਗ ਸਿੰਘ ਆਦਿ, ਲੰਬਾਈ 220', ਦੱਖਣ : ਰਕੇਸ਼ ਗੋਇਲ ਦੀ ਜਾਇਦਾਦ। | ਰੁਪਏ 3,00,00,000/ (ਤਿੰਨ ਕਰੋੜ ਰੁਪਏ ਕੇਵਲ) | ਰੁਪਏ 30,00,000/- (ਤੀਹ ਲੱਖ ਰੁਪਏ ਕੇਵਲ) |

**ਈ-ਨਿਲਾਮੀ ਦੇ ਵੇਰਵੇ : ਜਾਇਦਾਦ ਦਾ ਨਿਰੀਖਣ : 29.12.2023 ਸਵੇਰੇ 11.00 ਵਜੇ ਤੋਂ ਬਾਅਦ ਦੁਪਹਿਰ 2.00 ਵਜੇ ਤੱਕ**
**ਬੋਲੀ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ : 11.01.2024**
**ਈ-ਨਿਲਾਮੀ ਦੀ ਮਿਤੀ : 12.01.2024 ਨੂੰ ਬਾਅਦ ਦੁਪਹਿਰ 2.00 ਵਜੇ ਤੋਂ 3.00 ਵਜੇ ਦਰਮਿਆਨ (ਹਰੇਕ ਲਈ ਪੰਜ ਮਿੰਟ ਵਾਧੂ ਹੋਣਗੇ)**

### ਈ-ਨਿਲਾਮੀ ਵਿਕਰੀ ਦੇ ਨਿਯਮ ਅਤੇ ਸ਼ਰਤਾਂ

1. ਜਾਇਦਾਦ ਰਾਖਵੀਂ ਕੀਮਤ ਤੋਂ ਹੇਠਾਂ ਨਹੀਂ ਵੇਚੀ ਜਾਵੇਗੀ ਅਤੇ ਵਿਕਰੀ ਮੈਸ. ਰਿਲਾਇੰਸ ਐੱਸਟਸ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ (ਆਰ ਏ ਆਰ ਸੀ) ਦੀ ਸਕਿਉਰਡ ਕ੍ਰੈਡਿਟਰ ਵਜੋਂ ਪੁਸ਼ਟੀ ਜ਼ਰੂਰੀ ਹੈ। ਜਾਇਦਾਦ ਦੀ ਵਿਕਰੀ 'ਜਿਵੇਂ ਹੈ ਜਿੱਥੇ ਹੈ', 'ਜੋ ਹੈ ਜਿਵੇਂ ਹੈ' ਅਤੇ 'ਨੋ ਰੀਕੋਰਸ' ਦੇ ਅਧਾਰ 'ਤੇ ਹੋਵੇਗੀ।
2. ਈ-ਨਿਲਾਮੀ ਆਰ ਏ ਆਰ ਸੀ ਦੀ ਪ੍ਰਵਾਨਿਤ ਸਰਵਿਸ ਪ੍ਰੋਵਾਈਡਰ ਮੈਸ: ਅਰਕਾ ਈਮਾਰਟ ਪ੍ਰਾਈਵੇਟ ਲਿਮਟਿਡ ਰਾਹੀਂ ਵੈੱਬਸਾਈਟ http://www.Auctionbazaar.com (ਅਰਕਾ ਈਮਾਰਟ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ) 'ਤੇ ਕੀਤੀ ਜਾਵੇਗੀ। ਈ-ਨਿਲਾਮੀ ਟੈਂਡਰ ਦਸਤਾਵੇਜ਼, ਜਿਨ੍ਹਾਂ 'ਚ ਆਨਲਾਈਨ ਬੋਲੀ ਫਾਰਮ ਸਮੇਤ ਆਨਲਾਈਨ ਈ-ਨਿਲਾਮੀ ਵਿਕਰੀ ਦੇ ਜਨਰਲ ਨਿਯਮ ਅਤੇ ਸ਼ਰਤਾਂ ਦਰਜ ਹਨ, ਵੈੱਬਸਾਈਟ www.rarcl.com ਅਤੇ http://www.Auctionbazaar.com 'ਤੇ ਉਪਲੱਬਧ ਹਨ। ਚਾਹਵਾਨ ਬੋਲੀਕਾਰ ਸੰਬੰਧਤ ਦਸਤਾਵੇਜ਼ ਡਾਊਨਲੋਡ ਕਰ ਸਕਦੇ ਹਨ।
3. ਚਾਹਵਾਨ ਬੋਲੀਕਾਰ ਦੀ ਆਈ ਡੀ 'ਚ ਹਿੱਸਾ ਲੈਣ ਲਈ ਵੈਧ ਈਮੇਲ ਹੋਣੀ ਚਾਹੀਦੀ ਹੈ ਅਤੇ ਈ-ਨਿਲਾਮੀ ਏਜੰਸੀ ਵੱਲੋਂ ਦਿੱਤੇ ਗਏ ਪਾਸਵਰਡ ਰਾਹੀਂ ਹੀ ਆਪਣੀ ਈ-ਮੇਲ ਆਈ ਡੀ ਰਾਹੀਂ ਸੰਪਰਕ ਕਰਨ।
4. ਚਾਹਵਾਨ ਬੋਲੀਕਾਰਾਂ ਨੂੰ ਨਿਰਧਾਰਤ ਫਾਰਮੈਟ 'ਚ ਈ ਐੱਮ ਡੀ ਜਮ੍ਹਾਂ ਕਰਵਾਏ ਜਾਣ ਦੇ ਵੇਰਵੇ ਸਮੇਤ ਖੁਦ ਤਸਦੀਕਸ਼ੁਦਾ ਕੇ ਵਾਈ ਸੀ ਦਸਤਾਵੇਜ਼ (ਪੈਨ, ਅਧਾਰ ਕਾਰਡ ਆਦਿ) ਨਾਲ ਆਪਣੀਆਂ ਬੋਲੀਆਂ ਜਮ੍ਹਾਂ ਕਰਵਾਉਣੀਆਂ ਹੋਣਗੀਆਂ ਅਤੇ ਇਹ ਰਿਲਾਇੰਸ ਐੱਸਟ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ (ਆਰ ਏ ਆਰ ਸੀ) ਦੇ ਅਧਿਕਾਰਤ ਅਫਸਰ ਕੋਲ 11ਵੀਂ ਮੰਜ਼ਲ, ਨਾਰਥ ਸਾਈਡ ਆਰ ਟੈੱਕ ਪਾਰਕ, ਵੈਸਟਰਨ ਐੱਕਸਪ੍ਰੈੱਸ ਹਾਈਵੇ, ਗੋਰੇਗਾਉਂ (ਈਸਟ), ਮੁੰਬਈ-400063 ਵਿਖੇ ਅਤੇ ਈਮੇਲ ਰਾਹੀਂ Narendra.r.shukia;a@relianceada.com ਅਤੇ vinod.pawaskar@relianceada.com 'ਤੇ ਜਮ੍ਹਾਂ ਕਰਵਾਉਣਾ ਹੋਵੇਗਾ, ਜਿਸ ਤੋਂ ਬਾਅਦ ਭਾਗੀਦਾਰੀ ਆਈ ਡੀ ਅਤੇ ਪਾਸਵਰਡ ਸਿਰਫ ਉਨ੍ਹਾਂ ਦੀ ਈਮੇਲ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ 11.01.2024 ਹੈ। ਬੋਲੀ ਫਾਰਮ ਜਾਂ ਈ ਐੱਮ ਡੀ ਕਿਸੇ ਵੀ ਕਾਰਨ ਦੇਰ ਨਾਲ ਪ੍ਰਾਪਤ ਹੋਣ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਈ ਐੱਮ ਡੀ ਤੋਂ ਬਗੈਰ ਬੋਲੀ ਅਤੇ ਰਾਖਵੀਂ ਕੀਮਤ ਤੋਂ ਹੇਠਾਂ ਦੀ ਬੋਲੀ ਤੁਰੰਤ ਰੱਦ ਕਰ ਦਿੱਤੀ ਜਾਵੇਗੀ।
5. ਬੋਲੀਕਾਰ ਨੂੰ ਇੰਡੀਅਨ ਬੈਂਕ੍ਰਪਟਸੀ ਕੋਡ, 2016 ਦੇ ਸੈਕਸ਼ਨ 29 ਏ ਅਧੀਨ ਵਚਨ ਦੇਣਾ ਲਾਜ਼ਮੀ ਹੋਵੇਗਾ।
6. ਬੋਲੀਕਾਰ ਦੇ ਨੈੱਟਵਰਕ 'ਚ ਖਰਾਬੀ ਕਾਰਨ ਕਿਸੇ ਦੇਰੀ/ਨਾਕਾਮੀ ਲਈ ਨਾ ਤਾਂ ਆਰ ਏ ਆਰ ਸੀ ਅਤੇ ਨਾ ਹੀ ਸਰਵਿਸ ਪ੍ਰੋਵਾਈਡਰ ਜ਼ਿੰਮੇਵਾਰ ਹੋਵੇਗਾ। ਅਜਿਹੀਆਂ ਘਟਨਾਵਾਂ ਵਾਸਤੇ ਬੋਲੀਕਾਰਾਂ ਨੂੰ ਬਦਲਵੇਂ ਪਾਵਰ ਬੈਕਅਪਸ ਆਦਿ ਦੇ ਲੋੜੀਂਦੇ ਪ੍ਰਬੰਧ ਕਰਨ ਲਈ ਸਲਾਹ ਦਿੱਤੀ ਜਾਂਦੀ ਹੈ।
7. ਰਕਮ ਬਿਆਨਾ ਜਮ੍ਹਾਂ (ਈ ਐੱਮ ਡੀ) ਆਰ ਟੀ ਜੀ ਐੱਸ/ਐੱਨ ਐੱਫ ਈ ਟੀ ਫੰਡ ਟਰਾਂਸਫਰ ਰਾਹੀਂ ਚਾਲੂ ਖਾਤਾ ਨੰ. 00600310040511, ਬੈਂਕ ਦਾ ਨਾਂਅ ਐੱਚ ਡੀ ਐੱਫ ਸੀ ਬੈਂਕ, ਬ੍ਰਾਂਚ ਫੋਰਟ, ਮੁੰਬਈ ਲਾਭਕਾਰੀ ਦਾ ਨਾਂਅ : ਆਰ ਏ ਆਰ ਸੀ 026 ਟਰੱਸਟ ਆਈ ਐੱਫ ਸੀ ਕੋਡ, ਐੱਚ ਡੀ ਐੱਫ ਐੱਸ ਸੀ 0000060 'ਤੇ ਜਮ੍ਹਾਂ ਕਰਵਾਈ ਜਾਵੇ। ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਈ ਐੱਮ ਡੀ ਵਾਸਤੇ ਚੈੱਕ/ਡਿਮਾਂਡ ਡਰਾਫਟ ਸਵੀਕਾਰ ਨਹੀਂ ਕੀਤੇ ਜਾਣਗੇ।
8. ਰਾਖਵੀਂ ਕੀਮਤ ਤੋਂ ਹੇਠਾਂ ਅਤੇ/ਜਾਂ ਈ ਐੱਮ ਡੀ ਤੋਂ ਬਿਨਾਂ ਬੋਲੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ। ਬੋਲੀਕਾਰ 2,00,000/- (ਦੋ ਲੱਖ ਰੁਪਏ ਕੇਵਲ) ਦੇ ਗੁਣਾਂਕ 'ਚ ਬੋਲੀ ਰਕਮ 'ਚ ਸੋਧ ਕਰ ਸਕਦੇ ਹਨ। ਇਕੱਲੇ ਹੀ ਬੋਲੀਕਾਰ ਹੋਣ ਦੇ ਮਾਮਲੇ 'ਚ ਬੋਲੀਕਾਰ ਨੂੰ ਘੱਟੋ-ਘੱਟ ਇੱਕ ਵਾਰ ਬੋਲੀ 'ਚ ਸੋਧ ਕਰਵਾਉਣੀ ਜ਼ਰੂਰੀ ਹੋਵੇਗੀ।
9. ਸਫਲ ਬੋਲੀਕਾਰ ਨੂੰ ਬੋਲੀ ਰਕਮ /ਵਿਕਰੀ ਕੀਮਤ (ਪਹਿਲਾਂ ਅਦਾ ਕੀਤੀ ਬਿਆਨਾ ਰਕਮ ਸ਼ਾਮਲ) ਦਾ 25 ਫੀਸਦੀ ਸਫਲ ਬੋਲੀਕਾਰ ਦੇ ਐਲਾਨ ਤੋਂ ਤੁਰੰਤ ਬਾਅਦ ਜਮ੍ਹਾਂ ਕਰਵਾਉਣਾ ਪਵੇਗਾ। ਸਫਲ ਬੋਲੀਕਾਰ ਬੋਲੀ ਰਕਮ/ਵਿਕਰੀ ਕੀਮਤ ਦਾ ਬਾਕੀ 75 ਫੀਸਦੀ ਸਫਲ ਬੋਲੀਕਾਰ ਦੇ ਐਲਾਨ ਤੋਂ 15 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣਾ ਪਵੇਗਾ।
10. ਜੇਕਰ ਸਫਲ ਬੋਲੀਕਾਰ ਉਪਰੋਕਤ ਅਨੁਸਾਰ ਵਿਕਰੀ ਕੀਮਤ ਜਮ੍ਹਾਂ ਕਰਵਾਉਣ 'ਚ ਅਸਫਲ ਰਹੇਗਾ ਤਾਂ ਬਿਨਾਂ ਕਿਸੇ ਨੋਟਿਸ ਸਾਰੇ ਡਿਪਾਜ਼ਟਸ ਈ ਐੱਮ ਡੀ ਸਮੇਤ ਜ਼ਬਤ ਕਰ ਲਏ ਜਾਣਗੇ। ਬੇਸ਼ੱਕ ਬਕਾਇਆ 75 ਫੀਸਦੀ ਦੀ ਅਦਾਇਗੀ ਲਈ ਸਿਰਫ ਅਧਿਕਾਰਤ ਅਫਸਰ ਦੀ ਮਰਜ਼ੀ ਨਾਲ ਹੋਰ ਸਮਾਂ ਦਿੱਤਾ ਜਾ ਸਕਦਾ ਹੈ।
11. ਅਸਫਲ ਬੋਲੀਕਾਰਾਂ ਦੀ ਈ ਐੱਮ ਡੀ ਰਕਮ ਬਿਨਾਂ ਵਿਆਜ ਦੇ, ਈ ਨਿਲਾਮੀ ਵਿਕਰੀ ਅਮਲ ਬੰਦ ਹੋਣ ਤੋਂ ਬਾਅਦ ਵਾਪਸ ਕਰ ਦਿੱਤੀ ਜਾਵੇਗੀ।
12. ਅਧਿਕਾਰਤ ਅਫਸਰ ਵੱਲੋਂ ਦਿੱਤੇ ਗਏ ਵੇਰਵੇ ਉਸ ਦੀ ਜਾਣਕਾਰੀ, ਵਿਸ਼ਵਾਸ਼ ਅਤੇ ਰਿਕਾਰਡਜ਼ ਦੇ ਅਨੁਸਾਰ ਹਨ। ਅਧਿਕਾਰਤ ਅਫਸਰ ਕਿਸੇ ਭੁੱਲ, ਗਲਤ ਬਿਆਨ ਜਾਂ ਗਲਤੀ ਲਈ ਜ਼ਿੰਮੇਵਾਰੀ ਨਹੀਂ ਹੋਵੇਗਾ।
13. ਨਿਮਨਹਸਤਾਖਰੀ ਅਧਿਕਾਰਤ ਅਫਸਰ ਨੂੰ ਕਿਸੇ ਬੋਲੀ ਨੂੰ ਬਿਨਾਂ ਅਗਾਊਂ ਨੋਟਿਸ ਜਾਂ ਬਿਨਾਂ ਕੋਈ ਕਾਰਨ ਦੱਸੇ ਸਵੀਕਾਰ ਜਾਂ ਰੱਦ ਕਰਨ ਜਾਂ ਰੋਕਣ/ਮੁਲਤਵੀ ਕਰਨ/ਵਿਕਰੀ ਰੱਦ ਕਰਨ ਜਾਂ ਵਿਕਰੀ ਦੀਆਂ ਸ਼ਰਤਾਂ ਅਤੇ ਨਿਯਮਾਂ 'ਚ ਸੋਧ ਕਰਨ ਲਈ ਮੁਕੰਮਲ ਅਧਿਕਾਰ ਅਤੇ ਹੱਕ ਪ੍ਰਾਪਤ ਹੈ।
14. ਬੋਲੀਕਾਰਾਂ ਨੂੰ ਬੋਲੀ ਜਮ੍ਹਾਂ ਕਰਵਾਏ ਜਾਣ ਤੋਂ ਪਹਿਲਾਂ ਜਾਇਦਾਦ 'ਤੇ ਚਾਰਜਿਜ/ਭਾਰ ਸੰਬੰਧੀ ਚੰਗੀ ਤਰ੍ਹਾਂ ਪੜਤਾਲ ਕਰ ਲੈਣੀ ਚਾਹੀਦੀ ਹੈ ਅਤੇ ਜਾਇਦਾਦ ਦੇ ਟਾਈਟਲ ਅਤੇ ਕੁਆਲਿਟੀ ਸੰਬੰਧੀ ਸੰਤੁਸ਼ਟ ਕਰ ਲੈਣਾ ਚਾਹੀਦਾ ਹੈ। ਆਨਲਾਈਨ ਬੋਲੀ ਜਮ੍ਹਾਂ ਕਰਵਾਏ ਜਾਣ ਤੋਂ ਬਾਅਦ ਜਾਇਦਾਦ 'ਤੇ ਚਾਰਜਿਜ/ਭਾਰ ਆਦਿ ਅਤੇ ਹੋਰ ਕੋਈ ਮਸਲਾ, ਦਾਅਵਾ ਆਦਿ ਵਿਚਾਰਿਆ ਨਹੀਂ ਜਾਵੇਗਾ।
15. ਜਾਇਦਾਦ ਦੀ ਵਿਕਰੀ 'ਤੇ ਸਟੈਂਪ ਡਿਊਟੀ/ਰਜਿਸਟਰੇਸ਼ਨ ਫੀਸ ਸਮੇਤ ਕੋਈ ਬਕਾਇਆ, ਟੈਕਸ, ਚਾਰਜਿਜ ਵਿਧਾਨਕ ਜਾਂ ਹੋਰ ਸਿਰਫ ਖਰੀਦਦਾਰ ਨੂੰ ਹੀ ਸਹਿਣ ਕਰਨੇ ਪੈਣਗੇ।
16 ਹੋਰ ਵੇਰਵਿਆਂ ਲਈ ਸ੍ਰੀ ਨਰੇਂਦਰ ਸ਼ੁਕਲਾ ਅਸਿਸਟੈਂਟ ਵਾਈਸ ਪ੍ਰੈਜ਼ੀਡੈਂਟ ਰੈਜ਼ੋਲੂਸ਼ਨ, ਮੋਬਾਇਲ ਨੰ. 9321339065 ਅਤੇ ਸ੍ਰੀ ਵਿਨੋਦ ਪਵਾਸਕਰ, ਹੈੱਡ ਲੀਗਲ ਮੋਬਾਇਲ ਨੰ. -8080722836, ਰਿਲਾਇੰਸ ਐੱਸਟ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ ਉਪਰ ਦਰਸਾਏ ਪਤੇ 'ਤੇ ਸੰਪਰਕ ਕੀਤਾ ਜਾਵੇ।
17. ਵਿਕਰੀ ਸਰਟੀਫਿਕੇਟ, ਸਕਿਉਰਡ ਕ੍ਰੈਡਿਟਰ ਵੱਲੋਂ ਵਿਕਰੀ 'ਤੇ ਪੂਰੀ ਸੋਚ ਵਿਚਾਰ ਅਤੇ ਪੁਸ਼ਟੀ ਪ੍ਰਾਪਤੀ ਤੋਂ ਬਾਅਦ ਜਾਰੀ ਕੀਤਾ ਜਾਵੇਗਾ। ਵਿਕਰੀ ਸਰਟੀਫਿਕੇਟ ਸਫਲ ਬੋਲੀਕਾਰ ਦੇ ਨਾਂਅ 'ਤੇ ਜਾਰੀ ਕੀਤਾ ਜਾਵੇਗਾ, ਜਿਸ ਵਿਅਕਤੀ ਨੇ ਬੋਲੀ ਜਮ੍ਹਾਂ ਕਰਵਾਈ ਹੋਵੇਗੀ/ਈ-ਨਿਲਾਮੀ 'ਚ ਹਿੱਸਾ ਲਿਆ ਹੋਵੇਗਾ ਦੇ ਨਾਂਅ ਤੋਂ ਬਿਨਾਂ ਕਿਸੇ ਵਿਅਕਤੀ ਦੇ ਨਾਂਅ 'ਤੇ ਸਰਟੀਫਿਕੇਟ ਤਬਦੀਲ ਕਰਨ ਦੀ ਬੇਨਤੀ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਇਹ ਨੋਟਿਸ ਕਰਜ਼ਦਾਰ/ਗਰੰਟਰ/ਰਹਿਣਕਾਰ ਲਈ ਸਰਫੇਸੀ ਐਕਟ ਅਤੇ ਇਸ ਅਧੀਨ ਬਣੇ ਨਿਯਮਾਂ ਤਹਿਤ 30 ਦਿਨਾਂ ਦਾ ਵਿਧਾਨਕ ਨੋਟਿਸ ਵੀ ਹੈ।

ਸਥਾਨ : ਪਟਿਆਲਾ (ਪੰਜਾਬ)
ਮਿਤੀ : 13.12.2023

ਅਧਿਕਾਰਤ ਅਫਸਰ
ਵਾਸਤੇ ਰਿਲਾਇੰਸ ਐੱਸਟ ਰੀਕੰਸਟਰੱਕਸ਼ਨ ਕੰਪਨੀ ਲਿਮ:


ਨਵਾਂ ਜ਼ਮਾਨਾ — ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਵਿਜੀਲੈਂਸ ਬਿਊਰੋ ਵੱਲੋਂ ਰਿਸ਼ਵਤਖੋਰੀ ਦੇ 7 ਕੇਸਾਂ 'ਚ 9 ਮੁਲਜ਼ਮ ਨਵੰਬਰ ਮਹੀਨੇ ਗ੍ਰਿਫ਼ਤਾਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**
ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਨਵੰਬਰ ਮਹੀਨੇ ਦੌਰਾਨ ਰਿਸ਼ਵਤ ਲੈਣ ਸੰਬੰਧੀ 7 ਵੱਖ-ਵੱਖ ਮਾਮਲਿਆਂ ਵਿੱਚ 9 ਸਰਕਾਰੀ ਮੁਲਾਜ਼ਮਾਂ ਨੂੰ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ ਜਿਨ੍ਹਾਂ ਵਿੱਚ ਦੋ ਡਾਕਟਰ, ਦੋ ਬਿਜਲੀ ਕਰਮਚਾਰੀ ਅਤੇ ਦੋ ਪੁਲਸ ਮੁਲਾਜ਼ਮ ਸ਼ਾਮਲ ਸਨ।ਇਸ ਤੋਂ ਇਲਾਵਾ 6 ਅਪਰਾਧਿਕ ਮਾਮਲੇ ਵੀ ਦਰਜ ਕੀਤੇ ਗਏ ਹਨ, ਜਿਨ੍ਹਾਂ ਵਿਚ 14 ਮੁਲਜ਼ਮ ਸ਼ਾਮਲ ਹਨ। ਇੱਥੇ ਇਹ ਪ੍ਰਗਟਾਵਾ ਕਰਦਿਆਂ ਵਿਜੀਲੈਂਸ ਬਿਓਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਬਿਊਰੋ ਨੇ ਹਰ ਖੇਤਰ ਵਿੱਚ ਜਨਤਕ ਸੇਵਕਾਂ ਅਤੇ ਹੋਰਨਾਂ ਖੇਤਰਾਂ ਵਿੱਚ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਲਈ ਆਪਣੀ ਪੂਰੀ ਕੋਸ਼ਿਸ਼ ਕੀਤੀ।ਉਨ੍ਹਾਂ ਖੁਲਾਸਾ ਕੀਤਾ ਕਿ ਇਸ ਸਮੇਂ ਦੌਰਾਨ ਵਿਸ਼ੇਸ਼ ਅਦਾਲਤਾਂ ਨੇ ਵਿਜੀਲੈਂਸ ਬਿਊਰੋ ਦੁਆਰਾ ਦਾਇਰ ਕੀਤੇ ਅਤੇ ਲੜੇ ਗਏ 7 ਕੇਸਾਂ ਦਾ ਫੈਸਲਾ ਸੁਣਾਇਆ ਜਿੰਨਾ ਵਿੱਚ 8 ਅਧਿਕਾਰੀਆਂ/ਕਰਮਚਾਰੀਆਂ ਨੂੰ ਦੋਸ਼ੀ ਠਹਿਰਾਉਂਦਿਆਂ 3 ਸਾਲ ਤੋਂ 7 ਸਾਲ ਤੱਕ ਦੀ ਕੈਦ ਅਤੇ 10,000 ਤੋਂ 60,500 ਰੁਪਏ ਤੱਕ ਦੇ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

ਜਾਣਕਾਰੀ ਦਿੰਦੇ ਹੋਏ ਉਨ੍ਹਾਂ ਦੱਸਿਆ ਕਿ ਲੁਧਿਆਣਾ ਦੇ ਵਿਸ਼ੇਸ਼ ਜੱਜ ਦੀ ਅਦਾਲਤ ਵੱਲੋਂ ਅਦਾਲਤ ਨੇ ਰਿਸ਼ਵਤਖੋਰੀ ਦੇ ਇੱਕ ਕੇਸ ਦਾ ਫੈਸਲਾ ਸੁਣਾਉਂਦੇ ਹੋਏ ਸੇਵਾ ਕੇਂਦਰ, ਲੁਧਿਆਣਾ ਵਿਖੇ ਤਾਇਨਾਤ ਕੰਪਿਊਟਰ ਅਪਰੇਟਰ ਹਰਕਿੰਦਰ ਸਿੰਘ ਨੂੰ 4 ਸਾਲ ਦੀ ਕੈਦ ਅਤੇ 10,000 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।ਇਸੇ ਤਰ੍ਹਾਂ ਵਧੀਕ ਸੈਸ਼ਨ ਜੱਜ, ਫਿਰੋਜ਼ਪੁਰ ਦੀ ਅਦਾਲਤ ਨੇ ਰਿਸ਼ਵਤਖੋਰੀ ਦੇ ਇੱਕ ਕੇਸ ਵਿੱਚ ਫਿਰੋਜ਼ਪੁਰ ਸ਼ਹਿਰੀ ਥਾਣੇ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ ਮੇਜਰ ਸਿੰਘ ਨੂੰ ਦੋਸ਼ੀ ਕਰਾਰ ਦਿੰਦਿਆਂ 4 ਸਾਲ ਦੀ ਕੈਦ ਅਤੇ 10 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ। ਇਸ ਤੋਂ ਇਲਾਵਾ ਬਰਨਾਲਾ ਦੀ ਅਦਾਲਤ ਨੇ ਰਿਸ਼ਵਤਖੋਰੀ ਦੇ ਦੋ ਕੇਸਾਂ ਦਾ ਫੈਸਲਾ ਕੀਤਾ ਹੈ ਜਿਸ ਵਿੱਚ ਨਵਲ ਕਿਸ਼ੋਰ, ਜੂਨੀਅਰ ਇੰਜਨੀਅਰ, ਪਾਵਰਕਾਮ ਅਤੇ ਚਰਨਜੀਤ ਸਿੰਘ ਸਹਾਇਕ ਸਬ ਇੰਸਪੈਕਟਰ, ਥਾਣਾ ਬਰਨਾਲਾ ਨੂੰ ਦੋਸ਼ੀ ਕਰਾਰ ਦਿੰਦਿਆਂ 4 ਸਾਲ ਦੀ ਕੈਦ ਅਤੇ 20,000-20,000 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।ਇਸੇ ਤਰ੍ਹਾਂ ਵਧੀਕ ਸੈਸ਼ਨ ਜੱਜ, ਐਸ ਬੀ ਐਸ ਨਗਰ ਦੀ ਅਦਾਲਤ ਨੇ ਰਿਸ਼ਵਤਖੋਰੀ ਦੇ ਇੱਕ ਕੇਸ ਦਾ ਫੈਸਲਾ ਸੁਣਾਇਆ ਹੈ ਜਿਸ ਵਿੱਚ ਮਹਿਤਪੁਰ, ਜ਼ਿਲ੍ਹਾ ਐਸ ਬੀ ਐਸ ਨਗਰ ਵਿਖੇ ਤਾਇਨਾਤ ਪਟਵਾਰੀ ਨੰਦ ਲਾਲ ਨੂੰ ਦੋਸ਼ੀ ਕਰਾਰ ਦਿੰਦਿਆਂ 3 ਸਾਲ ਦੀ ਕੈਦ ਅਤੇ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।ਉਨ੍ਹਾਂ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਧੀਕ ਸੈਸ਼ਨ ਜੱਜ ਐੱਸ.ਏ.ਐੱਸ. ਨਗਰ ਦੀ ਅਦਾਲਤ ਨੇ ਰਿਸ਼ਵਤਖੋਰੀ ਦੇ ਦੋ ਵੱਖ ਵੱਖ ਕੇਸਾਂ ਦਾ ਫੈਸਲਾ ਸੁਣਾਇਆ ਹੈ ਜਿਸ ਵਿੱਚ ਅਜੀਤ ਸਿੰਘ ਲੌਂਗੀਆ, ਨਾਇਬ ਤਹਿਸੀਲਦਾਰ, ਸ੍ਰੀ ਫਤਹਿਗੜ੍ਹ ਸਾਹਿਬ ਨੂੰ ਦੋਸ਼ੀ ਕਰਾਰ ਦਿੰਦਿਆਂ 5 ਸਾਲ ਦੀ ਕੈਦ ਅਤੇ 50 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਇਸ ਤੋਂ ਇਲਾਵਾ ਸੁਰਿੰਦਰਪਾਲ ਸਿੰਘ ਸੁਪਰਡੈਂਟ ਇੰਜਨੀਅਰ ਪੰਜਾਬ ਮੰਡੀ ਬੋਰਡ ਅਤੇ ਲਾਭ ਸਿੰਘ ਸੁਪਰਡੈਂਟ ਪੰਜਾਬ ਸਕੂਲ ਸਿੱਖਿਆ ਬੋਰਡ ਐਸ ਏ ਐਸ ਨਗਰ ਨੂੰ 7-7 ਸਾਲ ਦੀ ਕੈਦ ਅਤੇ 60,500 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।ਬੁਲਾਰੇ ਨੇ ਦੱਸਿਆ ਕਿ ਵਿਜੀਲੈਂਸ ਬਿਊਰੋ ਨੇ ਨਵੰਬਰ ਮਹੀਨੇ ਦੌਰਾਨ ਵੱਖ-ਵੱਖ ਅਦਾਲਤਾਂ ਵਿੱਚ 17 ਵਿਜੀਲੈਂਸ ਕੇਸਾਂ ਦੇ ਚਲਾਨ ਪੇਸ਼ ਕੀਤੇ ਹਨ।ਇਸ ਤੋਂ ਇਲਾਵਾ ਭ੍ਰਿਸ਼ਟਾਚਾਰ ਦੇ ਮਾਮਲਿਆਂ ਦੀ ਡੂੰਘਾਈ ਨਾਲ ਜਾਂਚ ਕਰਨ ਲਈ 5 ਵਿਜੀਲੈਂਸ ਪੜਤਾਲਾਂ ਵੀ ਦਰਜ ਕੀਤੀਆਂ ਹਨ।

# 11ਵਾਂ ਇਨਕਲਾਬੀ ਨਾਟਕ ਮੇਲਾ ਅਮਿਟ ਪੈੜਾਂ ਪਾਉਂਦਾ ਸਮਾਪਤ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ) ਪਿੰਡ ਟਿੱਬਾ ਦਾ 11ਵਾਂ ਇਨਕਲਾਬੀ ਨਾਟਕ ਮੇਲਾ ਇਸ ਵਾਰ ਫਿਰ ਅਮਿਟ ਪੈੜਾ ਪਾਉਂਦਾ ਸਮਾਪਤ ਹੋਇਆ।ਪਿੰਡ ਦੀ ਸ਼ਹੀਦ ਊਧਮ ਸਿੰਘ ਲਾਇਬ੍ਰੇਰੀ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸਹਿਯੋਗ ਨਾਲ ਦੇਸ਼ ਦੀ ਅਜ਼ਾਦੀ ਲਈ ਮਰ ਮਿਟਣ ਵਾਲੇ ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਗਦਰੀ ਬਾਬਿਆਂ ਦੀ ਯਾਦ ਵਿੱਚ ਕਰਵਾਏ ਇਸ ਨਾਟਕ ਮੇਲੇ ਦੌਰਾਨ ਸੈਂਕੜੇ ਲੋਕਾਂ ਨੇ ਹਾਜ਼ਰੀ ਲਵਾਈ।ਜਿਸ 'ਚ ਅਦਾਕਾਰ ਮੰਚ ਮੋਹਾਲੀ ਤੋਂ ਡਾ. ਸਾਹਿਬ ਸਿੰਘ ਨੇ ਕਲਾਕਾਰੀ ਦੀ ਸਿਖਰ ਪੇਸ਼ ਕਰਦੇ ਹੋਏ ਆਪਣਾ ਪ੍ਰਚਲਤ ਨਾਟਕ 'ਸੰਦੂਕੜੀ ਖੋਲ ਨਰੈਣਿਆ' ਦਰਸ਼ਕਾਂ ਨਾਲ ਖਚਾਖਚ ਭਰੇ ਪੰਡਾਲ ਦੌਰਾਨ ਪਿੰਡ ਟਿੱਬਾ ਦੇ ਸ.ਪ੍ਰਾ.ਸਕੂਲ ਵਿੱਚ ਖੇਡਿਆ।ਇਸ ਨਾਟਕ ਨੇ ਪੰਜਾਬ ਦੀਆਂ ਰਾਜਨੀਤਿਕ, ਆਰਥਿਕ ਤੇ ਸਮਾਜਿਕ ਕਮਜ਼ੋਰੀਆਂ 'ਤੇ ਪਿੰਨ ਪੁਆਇਟ ਕੀਤਾ ।ਨਾਟਕ ਖਤਮ ਤੇ ਜਦ ਉਸ ਕਿਹਾ ਕਿ ਪਿੰਡ ਟਿੱਬਾ ਦੇ ਲੋਕਾਂ ਤੋਂ ਸਿਖਣਾ ਚਾਹੀਦਾ ਹੈ ਕਿ ਕਿਵੇਂ ਟਿਕ ਕੇ ਨਾਟਕ ਦੇਖਣਾ ਹੈ ਤਾਂ ਸਾਰਾ ਪੰਡਾਲ ਤਾੜੀਆਂ ਨਾਲ ਗੂੰਜ ਉੱਠਿਆ।ਲੋਕ ਕਿੰਨਾ ਚਿਰ ਖੜੇ ਹੋਏ ਤਾੜੀਆਂ ਮਾਰਦੇ ਰਹੇ ਤੇ ਸਾਹਿਬ ਸਿੰਘ ਲੋਕਾਂ 'ਤੇ ਫੁੱਲਾਂ ਦੀ ਵਰਖਾ ਕਰਦਾ ਰਿਹਾ।ਇਸ ਤੋਂ ਇਲਾਵਾ ਪਰਵਾਜ ਰੰਗਮੰਚ ਫਗਵਾੜਾ ਵੱਲੋਂ ਨਸ਼ਿਆ ਦੁਆਰਾ ਪੱਟੇ ਗਏ ਘਰਾਂ ਦੀ ਦਾਸਤਾਨ ਪਾਉਂਦਾ ਨਾਟਕ 'ਮਿਟੀ ਰੁਦਨ ਕਰੇ' ਖੇਡਿਆ ਗਿਆ ਜਿਸਦੀ ਪੇਸ਼ਕਾਰੀ ਵੀ ਕਮਾਲ ਦੀ ਸੀ।ਪ੍ਰੋਗਰਾਮ ਦੀ ਸ਼ੁਰੂਆਤ ਮੌਕੇ



ਪਰਮਜੀਤ ਸਿੰਘ ਜਲੰਧਰ ਵੱਲੋਂ ਜਾਦੂ ਦੇ ਟ੍ਰਿਕ ਕਰਕੇ ਦਿਖਾਏ ਗਏ।ਪ੍ਰੋਗਰਾਮ ਦੇ ਮੁੱਖ ਬੁਲਾਰੇ ਡੈਮੋਕਰੇਟਿਕ ਮੁਲਾਜ਼ਮ ਫਰੰਟ ਦੇ ਸੂਬਾ ਆਗੂ ਜਰਮਨਜੀਤ ਸਿੰਘ ਨੇ ਕਿਹਾ ਕਿ ਸੁਲਤਾਨਪੁਰ ਦੀ ਧਰਤੀ ਜਿੱਥੇ ਸ਼੍ਰੀ ਗੁਰੂ ਨਾਨਕ ਜੀ ਕਰੀਬ 14 ਸਾਲ ਰਹੇ ਤੇ ਉਹਨਾਂ ਬਾਣੀ ਰਾਹੀਂ ਵਹਿਮਾਂ ਭਰਮਾ ਤੋਂ ਲੋਕਾਈ ਨੂੰ ਮੁਕਤ ਕਰਨ ਲਈ ਪੂਰਾ ਤਾਣ ਲਾਇਆ ਅਤੇ ਸਮੇਂ ਦੀਆਂ ਸਰਕਾਰਾਂ ਨੂੰ ਵੰਗਾਰਿਆ ਤੇ ਮਲਕ ਭਗੋਆ ਨੂੰ ਛੱਡ ਕੇ ਭਾਈ ਲਾਲੋਆਂ ਦੇ ਘਰੋਂ ਰੁੱਖੀ ਮਿਸੀ ਖਾਦੀਪਰ ਅੱਜ ਅਫਸੋਸ ਹੈ ਕਿ ਅਸੀਂ ਉਹਨਾਂ ਦੇ ਵਾਰਿਸ ਨਾ ਤਾਂ ਸਰਕਾਰਾਂ ਨੂੰ ਵੰਗਾਰ ਰਹੇ ਹਾ ਤੇ ਨਾ ਹੀ ਭਾਈ ਲਾਲੋਆ ਨਾਲ ਦੋਸਤੀ ਪਾ ਰਹੇ ਹਾਂ।ਉਹਨਾਂ ਕਿਹਾ ਕਿ ਫਲਸਤੀਨ ਅੰਦਰ ਕਿਸ ਤਰਾ ਸਾਮਰਾਜ ਦੇ ਜਾਬਰ ਪੰਜੇ ਨੇ ਬੇਕਸੂਰੇ ਲੋਕਾਂ ਦਾ ਘਾਣ ਕੀਤਾ ਹੋਇਆ ਹੈ ਤੇ ਕੋਈ ਵਿਰਲਾ ਵਾਂਝਾ ਹੀ ਬਾਬੇ ਨਾਨਕ ਵਾਂਗ ਸਿਸਟਮ ਨੂੰ ਲਲਕਾਰ ਰਿਹਾ ਹੈ ਜਦ ਕਿ ਬਾਕੀ ਲੋਕਾਈ ਫੇਸਬੁੱਕ ਵਟਸਐਪ ਤੇ ਬੇਕਾਰ ਦੀਆਂ ਚੀਜਾਂ ਦੇਖਣ ਵਿੱਚ ਉਲਝੀ ਹੋਈ ਹੈ।ਗਾਇਕ ਜਰਨੈਲ਼ ਸੋਨੀ ਨੇ ਦੋ ਗੀਤ ਗਾ ਕੇ ਸਰੋਤੇ ਕੀਲ ਲਏ।ਲਾਇਬ੍ਰੇਰੀ ਟਿੱਬਾ ਵੱਲੋਂ ਕਿਤਾਬਾਂ ਦਾ ਸਟਾਲ ਵੀ ਲਗਾਇਆ ਗਿਆ।ਸ਼ਾਹਕੋਟ ਤੋਂ ਵਿਸ਼ੇਸ਼ ਤੌਰ 'ਤੇ ਤਰਕਸ਼ੀਲ ਸਾਹਿਤ ਵੈਨ ਪਹੁੰਚੀ ਜਿਸ ਵਿੱਚੋਂ ਲੋਕਾਂ ਨੇ ਜਾਣ ਵੇਲੇ ਕਿਤਾਬਾਂ ਖਰੀਦੀਆਂ।ਸਟੇਜ ਸਕੱਤਰ ਦੀ ਭੂਮਿਕਾ ਡਾ. ਸਤਬੀਰ ਸਿੰਘ ਨੇ ਬਾਖੂਬੀ ਨਿਭਾਈ ।ਵਿਸ਼ੇਸ਼ ਤੌਰ 'ਤੇ ਗੁਰਦੇਵ ਸਿੰਘ ਯੂ ਕੇ ਦਾ ਜਿਨਾਂ ਨੇ ਦਸ ਹਜ਼ਾਰ ਦੀ ਸਹਾਇਤਾਂ ਰਾਸ਼ੀ ਮੇਲੇ ਲਈ ਘੱਲੀ।ਇਸ ਮੌਕੇ ਲਾਇਬ੍ਰੇਰੀ ਮੈਂਬਰ ਮਾ. ਮਨਪ੍ਰੀਤ ਸਿੰਘ, ਮਾ. ਜਸਵਿੰਦਰ ਸਿੰਘ, ਅਮਰਜੀਤ ਸਿੰਘ, ਸੁਖਦੇਵ ਸਿੰਘ, ਅਵਤਾਰ ਸਿੰਘ, ਮਦਲ ਲਾਲ ਕੰਡਾ, ਵਰਿੰਦਰ ਦਰਦੀ, ਰਾਜਵਿੰਦਰ ਬੱਬੂ, ਸੰਤੋਖ ਸਿੰਘ ਆਰਟਿਸਟ, ਸਾਬਕਾ ਸਰਪੰਚ ਬੀਬੀ ਜਸਵਿੰਦਰ ਕੌਰ ਸਾਬਕਾ ਸਰਪੰਚ ਸੂਰਤ ਸਿੰਘ, ਬਲਬੀਰ ਸਿੰਘ, ਰਣਜੀਤ ਸਿੰਘ, ਗੁਰਦੀਪ ਸਿੰਘ ਮਨੀਲਾ, ਕੁਲਵਿੰਦਰ ਕੌਰ, ਨਿਰਮਲ ਕੌਰ, ਭਜਨ ਸਿੰਘ ਥਿੰਦ, ਹਰੀ ਸਿੰਘ, ਮਾ ਸਾਧੂ ਰਾਮ, ਸ਼ਰਮਿੰਦਰ ਸਿੰਘ, ਸਾਬੀ ਇਲੈਕਟ੍ਰਿਕ, ਸੁਖਜੀਤ ਸਿੰਘ ਸਨੀ, ਮਨਜੀਤ ਸਿੰਘ ਮਨੀ, ਮਨਿੰਦਰ ਰੁਬਲ, ਰਿੰਪਲ ਟਿੱਬਾ, ਗੁਰਪ੍ਰੀਤ ਸਿੰਘ ਸਾਬੀ, ਕ੍ਰਿਪਾਲ ਸਿੰਘ ਪਾਲੂ ਆਦਿ ਹਾਜ਼ਰ ਸਨ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਵੱਲੋਂ 15ਵੇਂ ਜ਼ੋਨ ਦਾ ਗਠਨ

**ਗੁਰਦਾਸਪੁਰ, (ਜਨਕ ਮਹਾਜਨ)**
ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਵੱਲੋਂ ਪੰਦਰਵੇਂ ਜ਼ੋਨ ਦਾ ਗਠਨ ਕੀਤਾ ਗਿਆ। ਇਸ ਮੌਕੇ ਪਿੰਡ ਬੋਹੜ ਵਡਾਲਾ ਦੇ ਗੁਰਦੁਆਰਾ ਸਾਹਿਬ ਵਿਖੇ ਹੋਈ ਮੀਟਿੰਗ ਦੀ ਪ੍ਰਧਾਨਗੀ ਸਵਿੰਦਰ ਸਿੰਘ ਚੁਤਾਲਾ ਅਤੇ ਜ਼ਿਲ੍ਹਾ ਪ੍ਰੈੱਸ ਸਕੱਤਰ ਸੁਖਦੇਵ ਸਿੰਘ ਅੱਲੜ ਪਿੰਡੀ ਨੇ ਕੀਤੀ। ਇਸ ਮੌਕੇ ਗਠਨ ਦਾ ਨਾਂਅ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂਅ 'ਤੇ ਰੱਖਿਆ ਜੋ ਜ਼ੋਨ ਤੇਜਾ ਸਿੰਘ ਸੁਤੰਤਰ ਵਿੱਚੋਂ ਨਿਕਲਿਆ। ਇਸ ਮੌਕੇ ਪ੍ਰਧਾਨ ਹਰਵਿੰਦਰ ਸਿੰਘ ਮੱਲ੍ਹੀ, ਸਕੱਤਰ ਬਾਬਾ ਸੁਖਵੰਤ ਸਿੰਘ, ਖਜਾਨਚੀ ਅਵਤਾਰ ਸਿੰਘ ਬੋਹੜ ਵਡਾਲਾ, ਪ੍ਰੈੱਸ ਸਕੱਤਰ ਦਲਜੀਤ ਸਿੰਘ ਸ਼ੇਖੂਪੁਰ, ਸਲਾਹਕਾਰ ਸੁੱਚਾ ਸਿੰਘ ਬਲੱਗਣ, ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਦੋਸਤਪੁਰ, ਮੀਤ ਪ੍ਰਧਾਨ ਹਰਪ੍ਰੀਤ ਕੌਰ, ਬੀਬੀ ਦੇਹਰ, ਮੀਤ ਖਜਾਨ ਮੋਹਨ ਸਿੰਘ ਗਵਾਰ, ਸਹਾਇਕ ਪ੍ਰੈਸ ਸਕੱਤਰ ਸੁਖਜਿੰਦਰ ਸਿੰਘ ਡੇਹਰੀਵਾਲ ਕਿਰਨ, ਸਹਾਇਕ ਖਜ਼ਾਨਚੀ ਪ੍ਰਗਟ ਸਿੰਘ ਵੱਡਾ ਸਹੂਰ, ਸਹਾਇਕ ਸਕੱਤਰ ਨਰਿੰਦਰ ਕੌਰ ਖੇਹੜਾ ਕੋਟਲੀ ਦੀ ਟੀਮ ਬਣੀ। ਇਸ ਮੌਕੇ ਜ਼ੋਨ ਤੇਜਾ ਸਿੰਘ ਸੁਤੰਤਰ ਦੇ ਪ੍ਰਧਾਨ ਸੁਖਵਿੰਦਰ ਸਿੰਘ ਅੱਲੜ ਪਿੰਡੀ, ਸਕੱਤਰ ਬਾਬਾ ਕਰਨੈਲ ਸਿੰਘ ਤੇ ਖਜ਼ਾਨਚੀ ਸਤਨਾਮ ਸਿੰਘ, ਪ੍ਰੈੱਸ ਸਕੱਤਰ ਸੁਖਦੇਵ ਸਿੰਘ, ਰਣਬੀਰ ਸਿੰਘ ਡੁਗਰੀ ਤੇ ਹਰਪਾਲ ਸਿੰਘ ਸਰਾਵਾਂ, ਨਰਿੰਦਰ ਸਿੰਘ ਆਲੀ ਨੰਗਲ, ਬੀਬੀਆ ਨੇ ਹਾਜ਼ਰੀ ਭਰੀ। ਇਸ ਮੌਕੇ ਨਵੇਂ ਪ੍ਰਧਾਨ ਹਰਵਿੰਦਰ ਸਿੰਘ ਮੱਲੀ ਨੇ ਵਿਸ਼ਵਾਸ ਦਵਾਇਆ ਕਿ ਜਿਹੜੀ ਉਨ੍ਹਾਂ ਨੂੰ ਜ਼ਿੰਮੇਵਾਰੀ ਮਿਲੀ ਹੈ ਉਹ ਤਨਦੇਹੀ ਨਾਲ ਨਿਭਾਉਣਗੇ ਤੇ ਨਾਲ ਹੀ ਉਨ੍ਹਾਂ ਦੀ ਟੀਮ ਨੇ ਵੀ ਇਹ ਹੀ ਵਿਸ਼ਵਾਸ ਦਵਾਇਆ ਕਿ ਅਸੀਂ ਤਨਦੇਹੀ ਨਾਲ ਪ੍ਰਧਾਨ ਹਰਵਿੰਦਰ ਸਿੰਘ ਮੱਲੀ ਦਾ ਸਾਥ ਦੇਵਾਂਗੇ।

# 53 ਲੱਖ ਰੁਪਏ ਦੀ ਲਾਗਤ ਨਾਲ ਬਣੇ ਪ੍ਰੋਜੈਕਟ ਪਿੰਡ ਵਾਸੀਆਂ ਦੇ ਸਪੁਰਦ

**ਹੁਸ਼ਿਆਰਪੁਰ (ਓ. ਪੀ. ਰਾਣਾ)**
ਹਲਕੇ ਦੇ ਵਿਕਾਸ ਕਾਰਜ ਅਤੇ ਲੋਕਾਂ ਦੀਆਂ ਪਰੇਸ਼ਾਨੀਆਂ ਨੂੰ ਦੂਰ ਕਰਨਾ ਹਮੇਸ਼ਾ ਮੇਰੀ ਪਹਿਲ ਰਹੀ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਹਲਕਾ



ਚੱਬੇਵਾਲ ਦੇ ਵਿਧਾਇਕ ਅਤੇ ਵਿਧਾਨ ਸਭਾ ਵਿਚ ਉਪਨੇਤਾ ਡਾ. ਰਾਜ ਕੁਮਾਰ ਨੇ ਪਿੰਡ ਖੈਰੜ ਰਾਵਲ ਬੱਸੀ ਵਿਖੇ ਪੀਣ ਵਾਲੇ ਪਾਣੀ ਦੇ ਟਿਊਬਵੈੱਲ ਦਾ ਉਦਘਾਟਨ ਕਰਕੇ 53 ਲੱਖ ਰੁਪਏ ਦੀ ਲਾਗਤ ਨਾਲ ਬਣੇ ਇਸ ਪ੍ਰੋਜੈਕਟ ਨੂੰ ਪਿੰਡ ਵਾਸੀਆਂ ਹਵਾਲੇ ਕੀਤਾ।ਇਹ ਪ੍ਰੋਜੈਕਟ ਡਾ. ਰਾਜ ਨੇ ਸ਼ੁਰੂ ਕਰਵਾਇਆ ਸੀ ਅਤੇ ਇਸ ਦੇ ਲੱਗ ਜਾਣ ਨਾਲ ਪਿੰਡ ਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਸਹੂਲਤ ਪ੍ਰਾਪਤ ਹੋਵੇਗੀ। ਡਾ. ਰਾਜ ਕੁਮਾਰ ਵੱਲੋਂ ਇਸ ਪਿੰਡ ਦੇ ਨਾਲ-ਨਾਲ ਆਪਣੇ ਹਲਕੇ ਦੇ ਹੋਰਨਾਂ ਪਿੰਡਾਂ ਨੂੰ ਮਾਡਲ ਪਿੰਡ ਬਣਾਉਣ 'ਚ ਕੋਈ ਕਸਰ ਨਹੀਂ ਛੱਡੀ ਗਈ ।ਇਸ ਮੌਕੇ ਡਾ. ਰਾਜ ਨੇ ਦੱਸਿਆ ਕਿ ਪਿੰਡ ਨੂੰ ਪੀਣ ਵਾਲੇ ਪਾਣੀ ਦੀ ਬਹੁਤ ਸਮੱਸਿਆ ਸੀ, ਜਿਸ ਤੇ ਪਿੰਡ ਵਾਸੀਆਂ ਦੀ ਪੁਰਜ਼ੋਰ ਮੰਗ ਤੇ ਉਨ੍ਹਾਂ ਨੇ ਪੂਰੇ ਪ੍ਰੋਜੈਕਟ ਲਈ 53 ਲੱਖ ਰੁਪਏ ਮੁਹੱਈਆ ਕਰਾ ਕੇ ਇਹ ਨਵਾਂ ਟਿਊਬਵੈਲ ਤੇ ਨਵੀਂ ਪਾਣੀ ਟੈਂਕੀ ਪਿੰਡ ਵਾਸੀਆਂ ਨੂੰ ਸਪੁਰਦ ਕੀਤੀ ।ਇਸ ਮੌਕੇ ਸਰਪੰਚ ਰਾਵਲ ਬਸੀ ਬੀਬੀ ਹਰਵਿੰਦਰ ਕੌਰ ਨੇ ਡਾ. ਰਾਜ ਦਾ ਪਿੰਡ ਵਾਸੀਆਂ ਵੱਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਡਾ. ਰਾਜ ਹਮੇਸ਼ਾ ਪਿੰਡ ਦੀਆਂ ਸੱਮਸਿਆਵਾਂ ਨੂੰ ਪੂਰੀ ਗੰਭੀਰਤਾ ਨਾਲ ਹੱਲ ਕਰਵਾਉਂਦੇ ਹਨ ਅਤੇ ਅੱਜ ਤੱਕ ਉਨਾਂ ਕੋਲੋਂ ਜੋ ਵੀ ਮੰਗ ਕੀਤੀ ਗਈ ਹੈ ਉਨ੍ਹਾਂ ਨੇ ਜ਼ਰੂਰ ਪੂਰੀ ਕਰਵਾਈ ਹੈ ।ਇਸ ਮੌਕੇ ਬੀਬੀ ਹਰਜਿੰਦਰ ਕੌਰ ਸਰਪੰਚ, ਹਰਮੋਇਆ ਸਰਪੰਚ ਦਲਵੀਰ ਸਿੰਘ, ਡਾ. ਵਿਪਨ ਪਚਨੰਗਲ, ਬਲਜੀਤ ਕੋਟ ਫ਼ਤੂਹੀ, ਪਵਨ ਕੁਮਾਰ ਖੈਰਡ, ਡਾ. ਰੋਸ਼ਨ ਬਡਲਾ ਆਦਿ ਭਾਰੀ ਗਿਣਤੀ ਵਿਚ ਹਾਜ਼ਰ ਸਨ ।

# ਪੰਚਾਇਤੀ ਚੋਣਾਂ ਲਈ ਵੋਟਰ ਸੂਚੀਆਂ ਦੀ ਸੁਧਾਈ ਤੇ ਪ੍ਰਕਾਸ਼ਨਾ ਦਾ ਅਮਲ ਸ਼ੁਰੂ

**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**-ਰਾਜ ਚੋਣ ਕਮਿਸ਼ਨ ਵੱਲੋਂ ਸਾਲ 2024 ਵਿੱਚ ਹੋਣ ਵਾਲੀਆਂ ਪੰਚਾਇਤੀ ਚੋਣਾਂ ਨੂੰ ਲੈ ਕੇ ਵੋਟਰ ਸੂਚੀਆਂ ਦੀ ਸੁਧਾਈ ਅਤੇ ਪ੍ਰਕਾਸ਼ਨਾ ਸੰਬੰਧੀ ਸਮਾਂ ਸਾਰਣੀ ਜਾਰੀ ਕੀਤੀ ਗਈ ਹੈ।ਇਸ ਸੰਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ 11 ਤੋਂ 18 ਦਸੰਬਰ 2023 ਤੱਕ ਵੋਟਰ ਸੂਚੀਆਂ ਤਿਆਰ ਕੀਤੀਆਂ ਜਾਣਗੀਆਂ ਜਦਕਿ ਵੋਟਰ ਸੂਚੀਆਂ ਦੀ ਮੁੱਢਲੀ ਪ੍ਰਕਾਸ਼ਨਾ 20 ਦਸੰਬਰ 2023 ਨੂੰ ਹੋਵੇਗੀ।ਉਨ੍ਹਾਂ ਅੱਗੇ ਦੱਸਿਆ ਕਿ ਵੋਟਰ ਸੂਚੀਆਂ ਸੰਬੰਧੀ ਲੋਕਾਂ ਤੋਂ ਦਾਅਵੇ ਤੇ ਇਤਰਾਜ਼ 21 ਤੋਂ 29 ਦਸੰਬਰ 2023 ਤੱਕ ਪ੍ਰਾਪਤ ਕੀਤੇ ਜਾਣਗੇ ਅਤੇ ਪ੍ਰਾਪਤ ਦਾਅਵਿਆਂ/ਇਤਰਾਜ਼ਾਂ ਦਾ ਨਿਪਟਾਰਾ 5 ਜਨਵਰੀ 2024 ਤੱਕ ਕੀਤਾ ਜਾਵੇਗਾ। ਇਸ ਉਪਰੰਤ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ 7 ਜਨਵਰੀ 2024 ਨੂੰ ਕੀਤੀ ਜਾਵੇਗੀ।

ਸ੍ਰੀ ਸਾਰੰਗਲ ਨੇ ਜ਼ਿਲ੍ਹੇ ਦੇ ਯੋਗ ਨਾਗਰਿਕਾਂ ਖਾਸ ਕਰ ਨੌਜਵਾਨਾਂ ਨੂੰ ਲੋਕਤੰਤਰ ਦੀ ਮਜ਼ਬੂਤੀ ਲਈ ਆਪਣੀ ਵੋਟ ਬਣਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਹਰੇਕ ਬਾਲਗ ਵਿਅਕਤੀ ਨੂੰ ਆਪਣੀ ਵੋਟ ਜ਼ਰੂਰ ਬਣਵਾਉਣੀ ਚਾਹੀਦੀ ਹੈ। ਉਨ੍ਹਾਂ ਅਪੀਲ ਕੀਤੀ ਕਿ ਕਿਹਾ ਕਿ ਜਿਨ੍ਹਾਂ ਦੀ ਵੋਟ ਨਹੀਂ ਬਣੀ, ਉਹ ਆਪਣੀ ਵੋਟ ਜ਼ਰੂਰ ਬਣਵਾਉਣ।ਡਿਪਟੀ ਕਮਿਸ਼ਨਰ ਨੇ ਚੋਣ ਅਮਲੇ ਨੂੰ ਹਦਾਇਤ ਕੀਤੀ ਕਿ ਇਸ ਕੰਮ ਨੂੰ ਪੂਰੀ ਪਾਰਦਰਸ਼ਤਾ ਅਤੇ ਸਮੇਂ ਸਿਰ ਨੇਪਰੇ ਚਾੜ੍ਹਿਆ ਜਾਵੇ।

# ਨਾਇਬ ਤਹਿਸੀਲਦਾਰ ਅਸ਼ਵਨੀ ਕੁਮਾਰ ਨੇ ਸਬ-ਤਹਿਸੀਲ ਧਾਰੀਵਾਲ ਦਾ ਚਾਰਜ ਸੰਭਾਲਿਆ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**
ਪੰਜਾਬ ਸਰਕਾਰ ਦੇ ਵਿੱਤ ਕਮਿਸ਼ਨਰ (ਮ) ਵੱਲੋਂ ਭਾਰਤੀ ਚੋਣ ਕਮਿਸ਼ਨਰ ਦੀਆਂ ਹਦਾਇਤਾਂ ਤੇ ਪਿਛਲੇ ਦਿਨੀਂ ਨਾਇਬ ਤਹਿਸੀਲਦਾਰਾਂ ਦੀਆਂ ਕੀਤੀਆਂ ਗਈਆਂ ਬਦਲੀਆਂ ਤਹਿਤ ਤਹਿਸੀਲ ਹੁਸ਼ਿਆਰਪੁਰ ਤੋਂ ਬਦਲ ਕੇ ਆਏ ਨਾਇਬ ਤਹਿਸੀਲਦਾਰ ਅਸ਼ਵਨੀ ਕੁਮਾਰ ਨੇ ਸਥਾਨਕ ਸਬ ਤਹਿਸੀਲ ਧਾਰੀਵਾਲ ਵਿਖੇ ਬਤੌਰ ਨਾਇਬ ਤਹਿਸੀਲਦਾਰ ਆਪਣਾ ਅਹੁਦਾ ਸੰਭਾਲ ਲਿਆ ਹੈ। ਉਨ੍ਹਾਂ ਦਾ ਦਫਤਰ ਵਿਖੇ ਪਹੁੰਚਣ ਤੇ ਸਮੂਹ ਦਫਤਰੀ ਸਟਾਫ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਦਫਤਰ ਵਿਖੇ ਹਾਜ਼ਰ ਸਟਾਫ ਅਤੇ ਆਮ ਪਬਲਿਕ ਨੂੰ ਸੰਬੋਧਤ ਹੁੰਦਿਆਂ ਨਵੇਂ ਆਏ ਨਾਇਬ ਤਹਿਸੀਲਦਾਰ ਅਸ਼ਵਨੀ ਕੁਮਾਰ ਨੇ ਕਿਹਾ ਕਿ ਉਨ੍ਹਾਂ ਦਾ ਮੁੱਖ ਮਨੋਰਥ ਪੰਜਾਬ ਸਰਕਾਰ ਵੱਲੋਂ ਚਲਾਈਆਂ ਗਈਆਂ ਭਲਾਈ ਸਕੀਮਾਂ ਦਾ ਲਾਭ ਸਬ ਤਹਿਸੀਲ ਧਾਰੀਵਾਲ ਨਾਲ ਸਬੰਧਿਤ ਲੋਕਾਂ ਤੱਕ ਪਹੁੰਚਾਉਣਾ ਹੈ। ਉਨ੍ਹਾਂ ਕਿਹਾ ਕਿ ਦਫਤਰ ਵਿੱਚ ਆਪਣਾ ਕੰਮ



ਕਰਵਾਉਣ ਆਏ ਹਰੇਕ ਆਮ-ਖਾਸ ਦੇ ਕੰਮ ਬਿਨਾਂ ਕਿਸੇ ਭੇਦਭਾਵ ਤੋਂ ਕੀਤੇ ਜਾਣਗੇ। ਇਸ ਮੌਕੇ ਜਤਿੰਦਰ ਸਿੰਘ ਤੇ ਵਰਿੰਦਰ ਕੁਮਾਰ ਸਹਾਇਕ ਸਿਸਟਮ ਮੈਨੇਜਰ, ਗੁਰਭੇਜ ਸਿੰਘ ਕਲਸੀ ਰੀਡਰ, ਚਮਨ ਲਾਲ ਕਲਰਕ, ਜਗੀਰ ਸਿੰਘ ਸਾਥੀ, ਪਰਦੀਪ ਸਿੰਘ ਸੁਪਰਵਾਈਜ਼ ਰਾਹੁਲ ਸਾਥੀ, ਸਰਦਾਰੀ ਲਾਲ ਵਸੀਕਾ ਨਵੀਸ, ਸੁਖਜਿੰਦਰ ਸਿੰਘ ਹੁੰਦਲ ਵਕੀਲ, ਪ੍ਰਭਦਿਆਲ ਵਕੀਲ ਆਦਿ ਹਾਜ਼ਰ ਸਨ।

# ਰੋਟਰੀ ਕਲੱਬ ਜੰਗਲਾਂ ਦੇ ਨਜ਼ਦੀਕ ਰਹਿਣ ਵਾਲੇ ਲੋਕਾਂ ਦੇ ਜੀਵਨ ਨੂੰ ਉਚਾ ਚੁੱਕਣ ਲਈ ਯਤਨਸ਼ੀਲ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਰੋਟਰੀ ਕਲੱਬ ਹੁਸ਼ਿਆਰਪੁਰ ਮਿਡ ਟਾਊਨ ਵਲੋਂ ਕੰਡੀ ਇਲਾਕੇ ਵਿੱਚ ਪ੍ਰਕ੍ਰਿਤੀ ਨੂੰ ਬਚਾਉਣ ਅਤੇ ਜੰਗਲਾਂ ਦੇ ਨਜ਼ਦੀਕ ਰਹਿਣ ਵਾਲੇ ਲੋਕਾਂ ਦੇ ਜੀਵਨ ਨੂੰ ਉਚਾ ਚੁੱਕਣ ਦੇ ਲਈ ਯਤਨ ਕਰਨ ਵਾਲੀ ਸੰਸਥਾਂ ਮਿਸ਼ਨ ਕੇ-3 ਦੇ ਮਾਧਿਅਮ ਨਾਲ ਪਿੰਡ ਤਖਣੀ ਦੇ ਬੱਚਿਆਂ ਨੂੰ ਸਰਦੀਆਂ ਵਿੱਚ ਪਾਉਣ ਦੇ ਲਈ 45 ਜੋੜੀ ਬੂਟ ਅਤੇ 2-2 ਗਰਮ ਜੁਰਾਬਾਂ, 50 ਕਾਪੀਆ ਅਤੇ ਪੈਨ ਦਿੱਤੇ ਗਏ।ਇਹ ਸਾਰੇ ਜ਼ਰੂਰਤਮੰਦ ਬੱਚੇ ਭਿੰਨ ਸਕੂਲ ਵਿੱਚ ਪੜਨ ਵਾਲੇ ਸਨ।ਜਿਨ੍ਹਾਂ ਦੇ ਪੈਰਾਂ ਵਿੱਚ ਚੱਪਲਾਂ ਤੱਕ ਨਹੀ ਸਨ। ਰੋਟਰੀ ਕਲੱਬ ਵਲੋਂ ਜਦੋਂ ਇਹ ਉਪਹਾਰ ਬੱਚਿਆਂ ਨੂੰ ਮਿਲਿਆ ਤਾਂ ਉਨ੍ਹਾਂ ਦੇ ਚੇਹਰੇ 'ਤੇ ਇਕ ਅਲੱਗ ਹੀ ਖੁਸ਼ੀ ਨਜ਼ਰ ਆ ਰਹੀ ਸੀ।ਇਸ ਪ੍ਰੋਜੈਕਟ ਦੇ ਚੇਅਰਮੈਨ ਰੋਟੇਰੀਅਨ ਡਾ. ਅਮਨਦੀਪ ਸਿੰਘ ਨੇ ਕਿਹਾ ਕਿ ਕੰਡੀ ਦੇ ਇਨਾਂ ਬੱਚਿਆਂ ਦੀ ਕਲੱਬ ਵੱਲੋਂ ਪੜ੍ਹਾਈ ਦੇ ਲਈ ਹਰ ਸੰਭਵ ਸਹਾਇਤਾ ਕੀਤੀ ਜਾਂਦੀ ਰਹੇਗੀ।ਇਸ ਮੌਕੇ ਕਲੱਬ ਦੇ ਵਾਈਸ ਪ੍ਰਧਾਨ ਰੋਟੇਰੀਅਨ ਜਗਮੀਤ ਸੇਠੀ ਨੇ ਕਿਹਾ ਕਿ ਜਲਦੀ ਹੀ ਇਸ ਪਿੰਡ ਵਿੱਚ ਆਈ ਚੈਕਅੱਪ ਅਤੇ ਡੈਂਟਲ ਚੈਕਅੱਪ ਦਾ ਕੈਂਪ ਲਗਾਇਆ ਜਾਵੇਗਾ, ਜਿਸ ਨਾਲ ਉਥੇ ਲੋਕ ਲਾਭ ਲੈ ਸਕਣਗੇ। ਇਸ ਮੌਕੇ ਤੇ ਰੋਟੇਰੀਅਨ ਮਨੋਜ ਓਹਰੀ, ਸਤੀਸ਼ ਗੁਪਤਾ, ਸੰਜੀਵ ਓਹਰੀ, ਪ੍ਰਵੀਨ ਪੱਬੀ, ਅਸ਼ੋਕ ਸ਼ਰਮਾ, ਅਵਤਾਰ ਸਿੰਘ, ਜਸਵੰਤ ਸਿੰਘ ਭੋਗਲ, ਵਿਲਰਾਮ ਸ਼ਰਮਾ, ਜੋਗਿੰਦਰ ਸਿੰਘ ਅਤੇ ਮਿਸ਼ਨ ਕੇ-3 ਦੇ ਵਲੋਂ ਡਾ. ਐਮ ਪੀ ਸਿੰਘ (ਸੀ ਐਮ ਓ), ਸ਼੍ਰੀਮਤੀ ਪੁਨੀਤ ਕੌਰ ਆਦਿ ਮੌਜੂਦ ਸਨ।ਇਸ ਮੌਕੇ ਪਿੰਡ ਤੱਖਣੀ ਦੇ ਸਰਪੰਚ ਕੁਲਦੀਪ ਸਿੰਘ ਅਤੇ ਉਨ੍ਹਾਂ ਦੀ ਪਤਨੀ ਤਜਿੰਦਰ ਕੌਰ ਨੇ ਰੋਟਰੀ ਦੇ ਇਸ ਕਾਰਜ ਦੇ ਲਈ ਸਾਰੇ ਪਿੰਡ ਵਾਸੀਆਂ ਵੱਲੋਂ ਧੰਨਵਾਦ ਕੀਤਾ।




# ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਵੱਲੋਂ ਹੜਤਾਲ 35ਵੇਂ ਦਿਨ ਜਾਰੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**
ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਜ਼ ਯੂਨੀਅਨ ਵੱਲੋਂ 35ਵੇਂ ਦਿਨ ਪੰਜਾਬ ਭਰ ਦੇ ਦਫਤਰਾਂ ਵਿੱਚ ਕਲਮਛੋੜ/ਕੰਪਿਊਟਰ ਬੰਦ ਹੜਤਾਲ ਰੱਖੀ ਗਈ।ਇਸ ਜਿਲ੍ਹੇ 'ਚ ਹੜਤਾਲ ਕਰਨ ਵਾਲੇ ਮੁੱਖ ਦਫਤਰਾਂ ਵਿੱਚ ਡੀ ਸੀ ਦਫਤਰ, ਖਜਾਨਾ



ਦਫਤਰ, ਐਸ ਡੀ ਐਮ ਦਫਤਰ, ਲੋਕ ਨਿਰਮਾਣ ਵਿਭਾਗ, ਸਮੂਹ ਕਲਾਜ, ਆਈ ਟੀ ਆਈ, ਪੋਲੀਟਾਕਨਿਕ ਕਾਲਜ, ਇਰੀਗੇਸ਼ਨ ਦਫਤਰ, ਪੀ ਡਬਲਯੂ ਡੀ ਦਫਤਰ, ਜਿਲ੍ਹਾ ਰੋਜ਼ਗਾਰ ਦਫਤਰ, ਐਕਸਾਈਜ਼ ਵਿਭਾਗ, ਰੋਡਵੇਜ਼ ਦਫਤਰ, ਖੇਤੀਬਾੜੀ ਦਫਤਰ, ਪਸ਼ੂ ਪਾਲਣ ਵਿਭਾਗ, ਬਾਗਵਾਨੀ ਵਿਭਾਗ, ਮੱਛੀ ਪਾਲਣ ਵਿਭਾਗ, ਜਿਲ੍ਹਾ ਭਾਸ਼ਾ ਵਿਭਾਗ, ਸਿੱਖਿਆ ਵਿਭਾਗ, ਸਿਹਤ ਵਿਭਾਗ ਆਦਿ ਦੇ ਦਫਤਰ ਸ਼ਾਮਲ ਸਨ। ਇਹ ਜਾਣਕਾਰੀ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਅਨੀਰੁਧ ਮੋਦਗਿਲ ਵੱਲੋਂ ਜਾਰੀ ਕੀਤੇ ਗਏ ਪ੍ਰੈਸ ਬਿਆਨ ਰਾਹੀਂ ਦਿੱਤੀ ਗਈ।ਉਨ੍ਹਾਂ ਵੱਲੋਂ ਕਿਹਾ ਗਿਆ ਕਿ ਕੱਲ੍ਹ ਸਾਰੇ ਕਰਮਚਾਰੀ 2 ਦਿਨ (14 ਅਤੇ 15 ਦਸੰਬਰ) ਦੀ ਸਮੂਹਿਕ ਛੁੱਟੀ ਆਪਣੇ ਅਧਿਕਾਰੀਆਂ ਨੂੰ ਸੌਂਪ ਦੇਣਗੇ।15 ਦਸੰਬਰ ਨੂੰ ਸਾਰੇ ਕਰਮਚਾਰੀ ਸਮੂਹਿਕ ਛੁੱਟੀ ਦੌਰਾਨ ਵੀ ਦੁਪਹਿਰ 12 ਵਜੇ ਮਿਨੀ ਸਕੱਤਰੇਤ ਹੁਸ਼ਿਆਰਪੁਰ ਇਕੱਤਰ ਹੋ ਕੇ ਸਾਂਝਾ ਮੁਲਾਜਮ ਫਰੰਟ ਦੇ ਅਰਥੀ ਫੂਕ ਮੁਜਾਹਰੇ ਵਿੱਚ ਭਰਵੀ ਸ਼ਮੂਲੀਅਤ ਕਰਨਗੇ।16 ਦਸੰਬਰ ਦਿਨ ਸ਼ਨੀਵਾਰ ਨੂੰ ਸੂਬਾ ਕਮੇਟੀ ਦੀ ਮੀਟਿੰਗ ਅੰਮ੍ਰਿਤਸਰ ਵਿਖੇ ਬੁਲਾਈ ਗਈ ਹੈ, ਜਿਸ ਵਿੱਚ ਸੰਘਰਸ਼ ਦੀ ਅਗਲੀ ਰੂਪਰੇਖਾ ਸਬੰਧੀ ਪ੍ਰੋਗਰਾਮ ਉਲੀਕਿਆ ਜਾਵੇਗਾ।

# ਜਾਨਵਰਾਂ ਦੇ ਜਨਮ ਨਿਯੰਤਰਣ ਤੇ ਪਾਲਤੂ ਜਾਨਵਰਾਂ ਦੀ ਰਜਿਸਟ੍ਰੇਸ਼ਨ ਬਾਬਤ ਤੁਰੰਤ ਢੁਕਵੀਂ ਕਾਰਵਾਈ ਦੇ ਆਦੇਸ਼

**ਜ਼ੀਰਕਪੁਰ, (ਕ੍ਰਿਸ਼ਨ ਗਰਗ)**
ਕੁੱਤਿਆਂ ਦੇ ਕੱਟਣ ਦੇ ਵੱਧ ਰਹੇ ਮਾਮਲਿਆਂ ਨੂੰ ਗੰਭੀਰਤਾ ਨਾਲ ਲੈਂਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਸਥਾਨਕ ਅਧਿਕਾਰੀਆਂ ਨੂੰ ਕੁੱਤਿਆਂ ਦੇ ਕੱਟਣ ਦੇ ਖਤਰੇ ਤੋਂ ਲੋਕਾਂ ਨੂੰ ਰਾਹਤ ਦਿਵਾਉਣ ਲਈ ਤੁਰੰਤ ਢੁਕਵੀਂ ਕਾਰਵਾਈ ਕਰਨ ਦੇ ਹੁਕਮ ਦਿੱਤੇ ਹਨ।ਖਰੜ ਅਤੇ ਜ਼ੀਰਕਪੁਰ ਦੇ ਹਾਲ ਹੀ ਦੇ ਕੇਸਾਂ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਮਾਮਲਿਆਂ ਤੇ ਚਿੰਤਾ ਪ੍ਰਗਟ ਕੀਤੀ ਅਤੇ ਸਬੰਧਤ ਨਗਰ ਕੌਂਸਲਾਂ ਦੇ ਕਾਰਜਸਾਧਕ ਅਧਿਕਾਰੀਆਂ ਨੂੰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਕਾਰਵਾਈ ਕਰਨ ਲਈ ਕਿਹਾ।ਉਨ੍ਹਾਂ ਨੇ ਸਥਾਨਕ ਸ਼ਹਿਰੀ ਸੰਸਥਾਵਾਂ ਨੂੰ ਪਸ਼ੂ ਜਨਮ ਨਿਯੰਤਰਣ (ਐਨੀਮਲ ਬਰਥ ਕੰਟਰੋਲ) ਮੁਹਿੰਮ ਸ਼ੁਰੂ ਕਰਨ ਲਈ ਕਿਹਾ ।ਇਸ ਤੋਂ ਇਲਾਵਾ ਪਾਲਤੂ ਜਾਨਵਰਾਂ ਦੀ ਰਜਿਸਟ੍ਰੇਸ਼ਨ ਤੋਂ ਇਲਾਵਾ ਨਸਬੰਦੀ ਦੇ ਪ੍ਰਸਤਾਵ ਤਿਆਰ ਕਰਨ ਲਈ ਕਿਹਾ ਗਿਆ ।ਨਗਰ ਨਿਗਮ ਮੋਹਾਲੀ ਦੀ ਕਮਿਸ਼ਨਰ ਨਵਜੋਤ ਕੌਰ ਨੇ ਦੱਸਿਆ ਕਿ ਨਗਰ ਨਿਗਮ ਨੇ ਏਬੀਸੀ ਪ੍ਰੋਗਰਾਮ ਤਹਿਤ ਹੁਣ ਤੱਕ 1174 ਕੁੱਤਿਆਂ ਦੀ ਨਸਬੰਦੀ ਕੀਤੀ ਹੈ। ਨਸਬੰਦੀ ਕੀਤੇ ਕੁੱਤਿਆਂ ਨੂੰ ਐਂਟੀ-ਰੇਬੀਜ਼ ਟੀਕੇ ਵੀ ਲਗਾਏ ਗਏ ਹਨ ।ਡਿਪਟੀ ਕਮਿਸ਼ਨਰ ਨੇ ਉਪ ਮੰਡਲ ਮੈਜਿਸਟਰੇਟਾਂ ਨੂੰ ਕਿਹਾ ਕਿ ਉਹ ਆਪੋ-ਆਪਣੇ ਅਧਿਕਾਰ ਖੇਤਰਾਂ, ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਪਸ਼ੂ ਜਨਮ ਨਿਯੰਤਰਣ ਲਾਗੂ ਕਰਕੇ ਅਵਾਰਾ ਕੁੱਤਿਆਂ ਦੀ ਗਿਣਤੀ ਨੂੰ ਰੋਕਣ ਲਈ ਮੁਹਿੰਮ ਦੀ ਅਗਵਾਈ ਕਰਨ।ਉਨ੍ਹਾਂ ਕਾਰਜਸਾਧਕ ਅਧਿਕਾਰੀਆਂ ਨੂੰ ਹਾਲ ਹੀ ਵਿੱਚ ਕੁੱਤਿਆਂ ਦੇ ਕੱਟੇ ਜਾਣ ਦੇ ਸਾਹਮਣੇ ਆਏ ਮਾਮਲਿਆਂ ਦੀ ਪੈਰਵੀ ਕਰਨ ਅਤੇ ਪੀੜਤਾਂ ਨੂੰ ਮੁਆਵਜ਼ਾ ਦੇਣ ਸਬੰਧੀ ਹਾਈ ਕੋਰਟ ਦੇ ਨਿਰਦੇਸ਼ਾਂ ਨੂੰ ਲਾਗੂ ਕਰਨ ਨੂੰ ਯਕੀਨੀ ਬਣਾਉਣ ਦੇ ਆਦੇਸ਼ ਦਿੱਤੇ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਅਨੁਸਾਰ ਕੁੱਤੇ ਦੇ ਕੱਟਣ ਨਾਲ ਸਬੰਧਤ ਮਾਮਲਿਆਂ ਵਿੱਚ, ਵਿੱਤੀ ਸਹਾਇਤਾ ਘੱਟੋ ਘੱਟ 10,000 ਰੁਪਏ ਪ੍ਰਤੀ ਦੰਦ ਦੇ ਨਿਸ਼ਾਨ ਦੇ ਹਿਸਾਬ ਨਾਲ ਹੋਵੇਗੀ ਅਤੇ ਜਿੱਥੇ ਮਾਸ ਚਮੜੀ ਤੋਂ ਬਾਹਰ ਆ ਗਿਆ ਹੈ, ਇਹ ਘੱਟੋ ਘੱਟ 20,000 ਰੁਪਏ ਪ੍ਰਤੀ 0.2 ਸੈਂਟੀਮੀਟਰ ਜ਼ਖ਼ਮ ਦੀ ਡੂੰਘਾਈ ਦੇ ਹਿਸਾਬ ਨਾਲ ਹੋਵੇਗੀ।ਉਨ੍ਹਾਂ ਗਮਾਡਾ ਦੇ ਵਧੀਕ ਮੁੱਖ ਪ੍ਰਸ਼ਾਸਕ ਨੂੰ ਗਮਾਡਾ ਅਧੀਨ ਆਉਂਦੇ ਖੇਤਰਾਂ ਵਿੱਚ ਨੇੜਲੇ ਸ਼ਹਿਰੀ ਸਥਾਨਕ ਸੰਸਥਾਵਾਂ ਦੀ ਮਦਦ ਨਾਲ ਏਬੀਸੀ ਪ੍ਰੋਗਰਾਮ ਚਲਾਉਣ ਲਈ ਵੀ ਕਿਹਾ ।ਉਨ੍ਹਾਂ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਅਮਰਿੰਦਰ ਪਾਲ ਸਿੰਘ ਚੌਹਾਨ ਨੂੰ ਇਸ ਪ੍ਰੋਗਰਾਮ ਨੂੰ ਪੇਂਡੂ ਖੇਤਰ ਵਿੱਚ ਲਾਗੂ ਕਰਨ ਦੇ ਨਿਰਦੇਸ਼ ਦਿੰਦਿਆਂ ਧਾਰਾ 133 ਤਹਿਤ ਲੋੜੀਂਦੇ ਦਿਸ਼ਾ-ਨਿਰਦੇਸ਼ਾਂ ਪ੍ਰਾਪਤ ਕਰਨ ਲਈ ਸਥਾਨਕ ਐੱਸ. ਡੀ. ਐੱਮਜ਼ ਦੇ ਸੰਪਰਕ ਵਿੱਚ ਰਹਿਣ ਲਈ ਕਿਹਾ ।ਮੀਟਿੰਗ ਵਿੱਚ ਏਡੀਸੀ (ਜ) ਵਿਰਾਜ ਸ਼ਿਆਮਾਕਰਨ ਤਿੜਕੇ , ਐੱਸਪੀ (ਸਿਟੀ-1) ਅਕਾਸ਼ਦੀਪ ਸਿੰਘ ਔਲਖ, ਐੱਸਪੀ (ਦਿਹਾਤੀ) ਮਨਪ੍ਰੀਤ ਸਿੰਘ, ਐੱਸਡੀਐੱਮਜ਼ ਚੰਦਰਜੋਤੀ ਸਿੰਘ ਮੋਹਾਲੀ, ਹਿਮਾਂਸ਼ੂ ਗੁਪਤਾ ਡੇਰਾਬੱਸੀ, ਏਸੀਏ ਗਮਾਡਾ ਅਮਰਿੰਦਰ ਸਿੰਘ ਟਿਵਾਣਾ, ਏਸੀ (ਜ) ਹਰਜੋਤ ਕੌਰ ਮਾਵੀ, ਸੀਐੱਮਐੱਫਓ ਇੰਦਰ ਪਾਲ ਤੋਂ ਇਲਾਵਾ ਵੱਖ-ਵੱਖ ਨਗਰ ਕੌਂਸਲਾਂ ਅਤੇ ਵਿਕਾਸ ਬਲਾਕਾਂ ਦੇ ਈਓਜ਼ ਅਤੇ ਬੀਡੀਪੀਓ ਮੌਜੂਦ ਸਨ।

# ਪੰਜਾਬ ਸਰਕਾਰ ਹਰ ਵਰਗ ਨੂੰ ਸਹੂਲਤਾਂ ਦੇ ਰਹੀ: ਇੰਜੀ. ਤਰਸਿੱਕਾ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਆਮ ਆਦਮੀ ਪਾਰਟੀ ਹਰ ਵਰਗ ਦੀ ਸਾਂਝੀ ਪਾਰਟੀ ਹੈ ਇਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਆਪ ਸਰਕਾਰ ਹਰ ਵਰਗ ਦਾ ਮਾਣ ਸਨਮਾਨ ਕਰਦਿਆਂ ਲੋੜੀਂਦੀਆਂ ਸਹੂਲਤਾਂ ਦੇਣ ਲਈ ਯਤਨਸ਼ੀਲ ਹੈ ਇਹ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਬਲਾਕ ਤਰਸਿੱਕਾ ਦੇ ਪ੍ਰਧਾਨ ਇੰਜੀਨੀਅਰ ਬਲਾਰਜ ਸਿੰਘ ਤਰਸਿੱਕਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਇੰਜੀ. ਤਰਸਿੱਕਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਹਰ ਵਰਗ ਦੀ ਬਾਹ ਫੜਦੀ ਆਈ ਹੈ ਅਤੇ ਉਹ ਸਹੂਲਤਾਂ ਲੋਕਾਂ ਨੂੰ ਪ੍ਰਦਾਨ ਕਰ ਰਹੀ ਹੈ ਜਿਸਦੇ ਲੋਕ ਹੱਕਦਾਰ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਜਿਥੇ ਹਰੇਕ ਖਪਤਕਾਰ ਦੇ 300 ਯੂਨਿਟ ਬਿਜਲੀ ਬਿੱਲ ਮੁਆਫ ਕਰ ਰਹੀ ਹੈ ਉਥੇ ਲਾਭਪਾਤਰੀਆਂ ਨੂੰ 2 ਰੁਪਏ ਕਿਲੋ ਕਣਕ ਉਨ੍ਹਾਂ ਦੇ ਘਰ ਜਾ ਕੇ ਦੇਣ ਦਾ ਉਪਰਾਲਾ ਕਰ ਰਹੀ ਹੈ ਤਾਂ ਜੋ ਲੋਕਾ ਨੂੰ ਸਰਕਾਰੀ ਸਹੂਲਤਾਂ ਲੈਣ ਲਈ ਸਰਕਾਰੀ ਦਫਤਰਾਂ ਵਿੱਚ ਖੱਜਲ-ਖੁਆਰ ਨਾ ਹੋਣਾ ਪਵੇ ਜਿਸ ਤੋਂ ਹਰ ਵਰਗ ਖੁਸ਼ ਹੈ।



# ਇਸ ਵਾਰ 3 ਲੱਖ 35 ਹਜ਼ਾਰ ਲੋਕ ਪਾਈਟੈਕਸ ਮੇਲਾ ਦੇਖਣ ਪਹੁੰਚੇ, ਪੁਰਾਣੇ ਸਾਰੇ ਰਿਕਾਰਡ ਟੁੱਟੇ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**
ਪੀ ਐੱਚ ਡੀ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਵੱਲੋਂ ਕਰਵਾਏ ਜਾ ਰਹੇ 17ਵੇਂ ਪਾਈਟੈਕਸ ਵਿੱਚ ਇਸ ਵਾਰ ਸੈਲਾਨੀਆਂ ਨੇ ਪਹੁੰਚ ਕੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਇਸ ਵਾਰ ਇੱਥੇ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਵਿਚ ਇੰਨਾ ਵਾਧਾ ਹੋਇਆ ਕਿ ਦੇਰ ਰਾਤ ਤੱਕ ਮੇਲੇ ਵਿਚ ਦਾਖਲ ਹੋਣ ਲਈ ਕਤਾਰਾਂ ਲੱਗੀ ਰਹੀਆਂ। 17ਵੇਂ ਪਾਈਟੈਕਸ ਦੇ ਸਮਾਪਤੀ ਸਮਾਰੋਹ ਮੌਕੇ ਪੀਐੱਚਡੀ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਪੰਜਾਬ ਚੈਪਟਰ ਦੇ ਚੇਅਰਮੈਨ ਆਰ. ਐੱਸ. ਸਚਦੇਵਾ ਨੇ ਕਿਹਾ ਕਿ 7 ਦਸੰਬਰ ਤੋਂ ਸ਼ੁਰੂ ਹੋਏ ਪਾਈਟੈਕਸ ਮੇਲੇ ਦੌਰਾਨ ਇਸ ਵਾਰ 3 ਲੱਖ 35 ਹਜ਼ਾਰ ਦੇ ਕਰੀਬ ਲੋਕ ਆਏ ਹਨ। ਪਿਛਲੇ ਸਾਲ ਸੈਲਾਨੀਆਂ ਦੀ ਗਿਣਤੀ 2 ਲੱਖ 60 ਹਜ਼ਾਰ ਦੇ ਕਰੀਬ ਸੀ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ 400 ਦੇ ਕਰੀਬ ਸਟਾਲ ਲਗਾਏ ਗਏ ਸਨ ਪਰ ਇਸ ਸਾਲ ਸਟਾਲਾਂ ਦੀ ਗਿਣਤੀ 550 ਹੋ ਗਈ ਹੈ। ਸ਼੍ਰੀ ਸਚਦੇਵਾ ਨੇ ਕਿਹਾ ਕਿ ਇਹ ਸਮਾਗਮ ਅੰਮ੍ਰਿਤਸਰ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਤੋਂ ਬਿਨਾਂ ਸੰਭਵ ਨਹੀਂ ਸੀ। ਉਨ੍ਹਾਂ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਘਣਸ਼ਾਮ ਥੋਰੀ ਅਤੇ ਉਨ੍ਹਾਂ ਦੀ ਸਮੁੱਚੀ ਟੀਮ, ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਮੇਲੇ ਨੂੰ ਸਫਲ ਬਣਾਉਣ ਲਈ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਨੇ ਆਪਣੀ ਅਹਿਮ ਭੂਮਿਕਾ ਨਿਭਾਈ ਹੈ। ਇਸ ਮੌਕੇ ਬੋਲਦਿਆਂ ਭਾਰਤੀ ਸੂਦ ਖੇਤਰੀ ਡਾਇਰੈਕਟਰ ਪੀ. ਐੱਚ. ਡੀ. ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਨੇ ਕਿਹਾ ਕਿ ਪਿਛਲੇ ਸਾਲਾਂ ਦੇ ਮੁਕਾਬਲੇ ਭਾਰੀ ਭੀੜ ਨੇ ਸਾਬਤ ਕਰ ਦਿੱਤਾ ਹੈ ਕਿ ਪਾਈਟੈਕਸ ਹੁਣ ਨਾ ਸਿਰਫ ਅੰਮ੍ਰਿਤਸਰ ਵਾਸੀਆਂ ਦਾ ਸਗੋਂ ਆਸ-ਪਾਸ ਦੇ ਲੋਕਾਂ ਦਾ ਵੀ ਪਸੰਦੀਦਾ ਸਮਾਗਮ ਬਣ ਰਿਹਾ ਹੈ ਜਿਸਦਾ ਆਉਣ ਵਾਲੇ ਸਮੇਂ ਵਿਚ ਇਸ ਦਾ ਵਿਸਥਾਰ ਕੀਤਾ ਜਾਵੇਗਾ। ਸਮਾਪਤੀ ਸਮਾਰੋਹ ਮੌਕੇ ਸਰਵੋਤਮ ਡਿਸਪਲੇਅ ਇਨਡੋਰ ਐਵਾਰਡ ਕਜਰੀਆ ਟਾਈਲਜ਼ ਨੂੰ ਅਤੇ ਆਊਟਡੋਰ ਐਵਾਰਡ ਮਾਰੂਤੀ ਨੈਕਸਾ ਨੂੰ ਦਿੱਤਾ ਗਿਆ। ਇਸੇ ਤਰ੍ਹਾਂ ਮਕਕੇਨ ਨੂੰ ਸਭ ਤੋਂ ਵੱਧ ਫੁੱਟਫਾਲ ਆਊਟਡੋਰ, ਬੈਸਟ ਇੰਟਰਨੈਸ਼ਨਲ ਪਾਰਟੀਸਪੇਸ਼ਨ ਤੁਰਕੀ, ਬੈਸਟ ਫੂਡ ਕੋਰਟ ਦਾ ਐਵਾਰਡ ਨਿਜ਼ਾਮ ਨੂੰ ਦਿੱਤਾ ਗਿਆ। ਇਸ ਤੋਂ ਇਲਾਵਾ ਨੈਸ਼ਨਲ ਜੂਟ ਬੋਰਡ, ਜੰਮੂ-ਕਸ਼ਮੀਰ ਟਰੇਡ ਪ੍ਰਮੋਸ਼ਨ ਆਰਗੇਨਾਈਜੇਸ਼ਨ, ਸਿਡਬੀ, ਮਾਰਕਫੈੱਡ, ਪੰਜਾਬ ਐਗਰੋ ਇੰਡਸਟਰੀ ਕਾਰਪੋਰੇਸ਼ਨ, ਪੰਜਾਬ ਟੂਰਿਜ਼ਮ, ਵੇਰਕਾ, ਪੀਐੱਸਆਈਈਸੀ., ਪੰਜਾਬ ਰਾਜ ਗੁਦਾਮ ਨਿਗਮ, ਪੰਜਾਬ ਮੰਡੀ ਬੋਰਡ ਆਦਿ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੀਐੱਚਡੀ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਪੰਜਾਬ ਚੈਪਟਰ ਦੇ ਕੋ-ਚੇਅਰ ਸੰਜੀਵ ਸੇਠੀ, ਸਥਾਨਕ ਕਨਵੀਨਰ ਜੈਦੀਪ ਸਿੰਘ ਸਮੇਤ ਕਈ ਪਤਵੰਤੇ ਹਾਜ਼ਰ ਸਨ।

# ਉਜਵਲਾ ਯੋਜਨਾ ਤਹਿਤ ਲਾਭਪਾਤਰੀਆਂ ਨੂੰ ਵੰਡੇ ਨਵੇਂ ਗੈਸ ਕੁਨੈਕਸ਼ਨ

**ਫਗਵਾੜਾ, (ਡਾ. ਰਮਨ)**-ਮੁਹੱਲਾ ਡਿਵੈਲਪਮੈਂਟ ਕਮੇਟੀ ਭਗਤਪੁਰਾ ਭਾਣੋਕੀ ਰੋਡ ਦੇ ਪ੍ਰਧਾਨ ਡਾ ਰਮਨ ਸ਼ਰਮਾ ਦੇ ਯਤਨਾਂ ਸਦਕਾ ਵਾਰਡ ਨੰ: 41 ਦੇ ਭਾਣੋਕੀ ਰੋਡ 'ਤੇ ਕੈਂਪ ਲਗਾ ਕੇ ਪ੍ਰਧਾਨ ਮੰਤਰੀ ਉਜਵਲਾ ਯੋਜਨਾ ਤਹਿਤ ਫਗਵਾੜਾ ਗੈਸ ਸਰਵਿਸ ਦੇ ਸਹਿਯੋਗ ਨਾਲ 6 ਪਰਵਾਰਾਂ ਨੂੰ ਮੁਫਤ ਰਸੋਈ ਗੈਸ ਕੁਨੈਕਸ਼ਨ ਦੇ ਨਾਲ ਸਿਲੰਡਰ, ਚੁੱਲ੍ਹੇ ਅਤੇ ਰੈਗੂਲੇਟਰ ਦਿੱਤੇ ਗਏ।ਇਸ ਦੌਰਾਨ ਏਜੰਸੀ ਦੇ ਕਰਮਚਾਰੀਆਂ ਵੱਲੋਂ ਵਾਰਡ ਵਾਸੀਆਂ ਨੂੰ ਐਲ ਪੀ ਜੀ ਦੀ ਸੁਰੱਖਿਅਤ ਵਰਤੋਂ ਬਾਰੇ ਵੀ ਜਾਗਰੂਕ ਕੀਤਾ ਗਿਆ ਡਾ. ਰਮਨ ਨੇ ਦੱਸਿਆ ਕਿ ਪਿਛਲੇ ਸਾਲ ਵੀ 10 ਲੋੜਵੰਦਾਂ ਨੂੰ ਕੇਂਦਰ ਸਰਕਾਰ ਦੀ ਇਸ ਸਕੀਮ ਦਾ ਲਾਭ ਦਿੱਤਾ ਜਾ ਚੁੱਕਾ ਹੈ ਉਨ੍ਹਾਂ ਗੈਸ ਏਜੰਸੀ ਦੇ ਮਾਲਕ ਪਰਮਿੰਦਰ ਸਿੰਘ ਅਤੇ ਫਾਰਮ ਭਰਨ ਵਾਲੇ ਕਰਮਚਾਰੀ ਬੱਬਲੂ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਾਰਡ ਨੰ: 41 ਅਧੀਨ ਮੁਹੱਲਾ ਭਗਤਪੁਰਾ, ਸ਼ਹੀਦ ਊਧਮ ਸਿੰਘ ਨਗਰ, ਕਾਲੜਾ ਨਗਰ , ਢਿੱਲੋਂ ਨਗਰ , ਧਿਆਨ ਸਿੰਘ ਕਲੋਨੀ , ਰਾਜਾ ਗਾਰਡਨ ਦੇ ਵਸਨੀਕਾਂ ਨੂੰ ਕੇਂਦਰ ਅਤੇ ਰਾਜ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਲਾਭ ਦੁਆਉਣ ਦਾ ਆਪਣਾ ਫਰਜ਼ ਨਿਭਾਉਂਦੇ ਰਹਿਣਗੇ ਸਰਕਾਰ ਦੀਆਂ ਭਲਾਈ ਸਕੀਮਾਂ ਤਹਿਤ ਯੋਗ ਸਾਰੇ ਪਰਿਵਾਰਾਂ ਨੂੰ ਹਰੇਕ ਸਕੀਮ ਦਾ ਲਾਭ ਯਕੀਨੀ ਤੌਰ 'ਤੇ ਦੁਆਇਆ ਜਾਵੇਗਾ ਇਸ ਮੌਕੇ ਕਰਨੈਲ ਸਿੰਘ, ਸੁਦੇਸ਼ ਮਲ੍ਹਣ, ਘਣੇਇਆ, ਸ਼ਾਮ ਲਾਲ, ਕਿਸ਼ਨ ਕੁਮਾਰ ਆਦਿ ਹਾਜ਼ਰ ਸਨ।



# ਨਰਸਰੀ ਦੀ ਫਾਈਨ ਮੋਟਰ ਐਕਟੀਵਿਟੀ ਵਧੀਆ ਤਰੀਕੇ ਨਾਲ ਮੁਕੰਮਲ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**
ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਦੇ ਨਰਸਰੀ ਜਮਾਤ ਦੇ ਅਧਿਆਪਿਕਾ ਬਲਜੀਤ ਕੌਰ ਅਤੇ ਅਧਿਆਪਕਾ ਮਧੂ ਦੁਆਰਾ ਨਰਸਰੀ ਜਮਾਤ ਦੇ ਵਿਦਿਆਰਥੀਆਂ ਦੀ ਫਾਈਨ ਮੋਟਰ ਐਕਟੀਵਿਟੀ ਕਰਵਾਈ ਗਈ। ਇਸ ਐਕਟੀਵਿਟੀ ਦੌਰਾਨ ਅਧਿਆਪਕਾਵਾਂ ਦੁਆਰਾ ਵਿਦਿਆਰਥੀਆਂ ਨੂੰ ਲਾਈਨਾਂ ਵਿੱਚ ਕੁਰਸੀਆਂ ਉੱਪਰ ਬਿਠਾਇਆ ਗਿਆ ਅਤੇ ਦੋ ਵਿਦਿਆਰਥੀ ਇੱਕ ਕੱਪੜੇ ਵਿੱਚ ਬਾਲ ਦਾ ਬੈਲੇਂਸ ਬਣਾ ਕੇ ਉਹਨਾਂ ਉੱਪਰੋਂ ਦੀ ਲੈ ਕੇ ਜਾਂਦੇ ਹਨ। ਅਧਿਆਪਿਕਾ ਬਲਜੀਤ ਕੌਰ ਦੁਆਰਾ ਜਾਣਕਾਰੀ ਦਿੱਤੀ ਗਈ ਕਿ ਇਹ ਐਕਟੀਵਿਟੀ ਵਿਦਿਆਰਥੀਆਂ ਨੂੰ ਚੀਜ਼ਾਂ ਵਿੱਚ ਬੈਲੇਂਸ ਬਣਾਉਣਾ ਸਿਖਾਏਗੀ ਅਤੇ ਉਨ੍ਹਾਂ ਦਾ ਮਾਨਸਿਕ ਅਤੇ ਸਰੀਰਿਕ ਵਿਕਾਸ ਬਹੁਤ ਵਧੀਆ ਤਰੀਕੇ ਨਾਲ ਹੋਵੇਗਾ। ਉਨ੍ਹਾਂ ਨੇ ਦੱਸਿਆ ਕਿ ਸਕੂਲ ਵਿੱਚ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਅਜਿਹੀਆਂ ਕਿਰਿਆਵਾਂ ਅਕਸਰ ਹੀ ਕਰਵਾਈਆਂ ਜਾਂਦੀਆਂ ਹਨ। ਇਸ ਕਿਰਿਆ ਵਿੱਚ ਭਾਗ ਲੈ ਰਹੇ ਵਿਦਿਆਰਥੀ ਬਹੁਤ ਖੁਸ਼ ਅਤੇ



ਉਤਸ਼ਾਹਿਤ ਨਜ਼ਰ ਆ ਰਹੇ ਸਨ। ਸਕੂਲ ਦੇ ਪ੍ਰਿੰਸੀਪਲ ਕਿਰਨ ਕੇਸਰ ਦੁਆਰਾ ਅਧਿਆਪਿਕਾਂ ਦੀ ਇਸ ਕਾਰਗੁਜ਼ਾਰੀ ਲਈ ਉਨ੍ਹਾਂ ਦੀ ਅਤੇ ਵਿਦਿਆਰਥੀ ਦੀ ਸ਼ਲਾਘਾ ਕੀਤੀ। ਲਿਟਲ ਸਪਰਾਉਟ ਦੇ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੀਆਂ ਹੋਰ ਵੀ ਬਹੁਤ ਸਾਰੀਆਂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ ਤਾਂ ਜੋ ਉਹ ਅੱਗੇ ਚੱਲ ਕੇ ਆਪਣੀ ਜ਼ਿੰਦਗੀ ਵਿੱਚ ਆਉਣ ਵਾਲੇ ਚੈਲੰਜਸ ਦਾ ਸਾਹਮਣਾ ਕਰ ਸਕਣ।

# ਸੇਂਟ ਕਬੀਰ ਸਕੂਲ ਦੇ ਖਿਡਾਰੀਆਂ ਨੇ ਇੰਟਰ ਸਕੂਲ ਮੁਕਾਬਲਿਆਂ 'ਚ ਜਿੱਤ ਦੇ ਝੰਡੇ ਗੱਡੇ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**
ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ (ਗੁਰਦਾਸਪੁਰ) ਦੇ ਖਿਡਾਰੀ ਵਿਦਿਆਰਥੀਆਂ ਨੇ ਬਿਆਸ ਸਹੋਦਿਆ ਇੰਟਰ ਸਕੂਲ ਅਥਲੈਟਿਕਸ (ਲੜਕੇ-ਲੜਕੀਆਂ) ਦੇ ਖੇਡ ਮੁਕਾਬਲਿਆਂ ਦੌਰਾਨ ਓਵਰਆਲ 278 ਅੰਕ ਨਾਲ ਪਹਿਲਾ ਸਥਾਨ ਹਾਸਲ ਕਰਕੇ ਆਪਣੇ ਮਾਤਾ-ਪਿਤਾ ਅਤੇ ਸਕੂਲ ਦੇ ਮਾਣ ਵਧਾਇਆ ਹੈ। ਇਸ ਸਬੰਧੀ ਸਕੂਲ ਦੇ ਪ੍ਰਿੰਸੀਪਲ ਐੱਸ. ਬੀ. ਨਾਯਰ ਅਤੇ ਪ੍ਰਬੰਧਕ ਮੈਡਮ ਨਵਦੀਪ ਕੌਰ ਤੇ ਕੁਲਦੀਪ ਕੌਰ ਨੂੰ ਖੁਸ਼ੀ ਪ੍ਰਗਟ ਕਰਦਿਆਂ ਦੱਸਿਆ ਕਿ ਕਲਗੀਧਰ ਇੰਟਰਨੈਸ਼ਨਲ ਸਕੂਲ ਪੁਰਾਣਾਸ਼ਾਲਾ ਵਿੱਚ ਹੋਏ ਬਿਆਸ ਸਹੋਦਿਆ ਇੰਟਰ ਸਕੂਲ ਖੇਡ ਮੁਕਾਬਲਿਆਂ ਦੌਰਾਨ ਲਗਭਗ 18 ਸਕੂਲਾਂ ਦੀਆਂ ਟੀਮਾਂ ਨੇ ਹਿੱਸੇਦਾਰੀ ਲਈ। ਇਨ੍ਹਾਂ ਮੁਕਾਬਲਿਆਂ ਵਿੱਚ ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ ਦੇ ਲੜਕਿਆਂ ਨੇ 7 ਸੋਨੇ,18 ਚਾਂਦੀ ਅਤੇ 6 ਕਾਂਸੇ ਦੇ ਤਮਗੇ ਲੈ ਕੇ ਓਵਰਆਲ ਪਹਿਲਾ ਸਥਾਨ ਹਾਸਲ ਕੀਤਾ ਅਤੇ ਲੜਕੀਆਂ ਨੇ 17 ਸੋਨੇ,18 ਚਾਂਦੀ ਅਤੇ 3 ਕਾਂਸੇ ਦੇ ਤਮਗੇ ਲੈ ਕੇ ਓਵਰਆਲ ਦੂਸਰਾ ਸਥਾਨ ਹਾਸਲ ਕਰਕੇ ਬਾਕੀ ਵਿਦਿਆਰਥੀਆਂ ਲਈ ਵੀ ਮੀਲ-ਪੱਥਰ ਸਾਬਤ ਕੀਤਾ ਹੈ। ਸਕੂਲ ਪਹੁੰਚਣ ਤੇ ਇਨ੍ਹਾਂ ਜੇਤੂ ਖਿਡਾਰੀ ਵਿਦਿਆਰਥੀਆਂ ਦਾ ਤਾੜੀਆਂ ਦੀ ਗੂੰਜ ਨਾਲ ਸਵੇਰ ਦੀ ਸਭਾ ਵਿੱਚ ਭਰਵਾਂ ਸੁਆਗਤ ਕੀਤਾ ਗਿਆ ਅਤੇ ਸਕੂਲ ਪ੍ਰਿੰਸੀਪਲ ਐੱਸ. ਬੀ. ਨਾਯਰ ਅਤੇ ਪ੍ਰਬੰਧਕ ਮੈਡਮ ਨਵਦੀਪ ਕੌਰ ਤੇ ਕੁਲਦੀਪ ਕੌਰ ਵਲੋਂ ਸਮੁੱਚੇ ਭਾਗੀਦਾਰ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਸਨਮਾਨਿਤ ਕੀਤਾ ਗਿਆ। ਉਨ੍ਹਾਂ ਕਿਹਾ ਇਨ੍ਹਾਂ ਵਿਦਿਆਰਥੀਆਂ ਨੇ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਵੀ ਕਾਮਯਾਬੀ ਦੀਆਂ ਸਿਖਰਾਂ ਛੋਹੀਆਂ ਹਨ ਅਤੇ ਉਨ੍ਹਾਂ ਨੇ ਸਕੂਲ ਦੇ ਬਾਕੀ ਵਿਦਿਆਰਥੀਆਂ ਨੂੰ ਵੀ ਇਨ੍ਹਾਂ ਵਿਦਿਆਰਥੀਆਂ ਤੋਂ ਸੇਧ ਲੈ ਕੇ ਵੱਧ ਤੋਂ ਵੱਧ ਖੇਡਾਂ ਵਿੱਚ ਹਿੱਸੇਦਾਰੀ ਲੈਣ ਦੀ ਪ੍ਰੇਰਣਾ ਦਿੱਤੀ। ਇਸ ਮੌਕੇ ਡੀ.ਪੀ ਵਿਭਾਗ ਦੇ ਅਧਿਆਪਕ ਸ਼ਮਸੇਰ ਸਿੰਘ, ਜਤਿੰਦਰ ਕੌਰ, ਰੇਖਾ ਰਾਣੀ, ਰਜਿੰਦਰ ਸਿੰਘ, ਬੇਅੰਤ ਸਿੰਘ ਅਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਪੇਂਡੂ ਬੇਰੁਜ਼ਗਾਰ ਨੌਜਵਾਨਾਂ ਲਈ ਡੇਅਰੀ ਫਾਰਮਿੰਗ ਦਾ ਸਿਖਲਾਈ ਕੋਰਸ 18 ਤੋਂ

**ਗੁਰਦਾਸਪੁਰ, (ਜਨਕ ਮਹਾਜਨ)**- ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਿਤ ਪੇਂਡੂ ਬੇਰੁਜ਼ਗਾਰ ਨੌਜਵਾਨ ਲੜਕੇ/ਲੜਕੀਆਂ ਜੋ ਡੇਅਰੀ ਦਾ ਕਿੱਤਾ ਸ਼ੁਰੂ ਕਰਨਾ ਚਾਹੁੰਦੇ ਹਨ, ਡੇਅਰੀ ਸਿਖਲਾਈ ਕੋਰਸ ਵਾਸਤੇ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ ਜ਼ਿਲਾ ਪ੍ਰਬੰਧਕੀ ਕੰਪਲੈਕਸ ਬਲਾਕ-ਬੀ ਚੌਥੀ ਮੰਜ਼ਿਲ, ਕਮਰਾ ਨੰਬਰ 508 ਵਿਖੇ ਮਿਤੀ 15 ਦਸੰਬਰ 2023 ਤੱਕ ਅਰਜ਼ੀਆਂ ਦੇ ਸਕਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਰਿਆਮ ਸਿੰਘ ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ ਨੇ ਦੱਸਿਆ ਕਿ ਖੇਤੀ ਵਿੱਚ ਵਿਭਿੰਨਤਾ ਲਿਆਉਣ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਡੇਅਰੀ ਦੇ ਕਿੱਤੇ ਨੂੰ ਸਹਾਇਕ ਧੰਦੇ ਵਜੋਂ ਅਪਨਾਉਣ ਲਈ 2 ਹਫਤੇ ਦੀ ਡੇਅਰੀ ਸਿਖਲਾਈ 18 ਦਸੰਬਰ ਤੋਂ ਡੇਅਰੀ ਸਿਖਲਾਈ ਤੇ ਵਿਸਥਾਰ ਕੇਂਦਰ, ਵੇਰਕਾ (ਜ਼ਿਲ੍ਹਾ ਅੰਮ੍ਰਿਤਸਰ) ਵਿਖੇ ਕਰਵਾਈ ਜਾਣੀ ਹੈ। ਇਸ ਸਿਖਲਾਈ ਕੋਰਸ ਵਿੱਚ ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਤ ਬੇਰੁਜ਼ਗਾਰ ਨੌਜਵਾਨ ਲੜਕੇ/ਲੜਕੀਆਂ ਜੋ ਘੱਟੋ-ਘੱਟ 5ਵੀਂ ਪਾਸ ਹੋਣ, ਉਮਰ 18 ਤੋਂ 50 ਸਾਲ ਦਰਮਿਆਨ ਹੋਵੇ, ਪੇਂਡੂ ਖੇਤਰ ਨਾਲ ਸਬੰਧਤ ਹੋਣ, ਇਸ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ। ਡਿਪਟੀ ਡਾਇਰੈਕਟਰ ਨੇ ਦੱਸਿਆ ਕਿ ਸਿਖ਼ਲਾਈ ਉਪਰੰਤ ਵਿਭਾਗ ਵੱਲੋਂ ਸਬੰਧਤਾਂ ਨੂੰ ਵੱਖ-ਵੱਖ ਬੈਂਕਾਂ ਤੋਂ ਡੇਅਰੀ ਕਰਜ਼ੇ ਦੀ ਸੁਵਿਧਾ ਰਾਹੀਂ 2 ਤੋਂ 20 ਪਸ਼ੂਆਂ ਦੇ ਡੇਅਰੀ ਯੂਨਿਟ ਸਥਾਪਤ ਕਰਵਾ ਕੇ 25 ਫੀਸਦੀ ਜਨਰਲ ਅਤੇ 33 ਫੀਸਦੀ ਅ.ਜਾਤੀ. ਲਈ ਸਬਸਿਡੀ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਚਾਹਵਾਨ ਲੜਕੇ/ਲੜਕੀਆਂ ਇਸ ਸਬੰਧੀ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ, ਗੁਰਦਾਸਪੁਰ ਨਾਲ ਆਪਣੇ ਅਸਲ ਯੋਗਤਾ ਸਰਟੀਫਿਕੇਟ ਅਤੇ ਪਾਸਪੋਰਟ ਸਾਈਜ਼ ਫੋਟੋ ਅਤੇ ਆਧਾਰ ਕਾਰਡ ਲੈ ਕੇ ਫਾਰਮ ਭਰਵਾ ਸਕਦੇ ਹਨ। ਵਧੇਰੇ ਜਾਣਕਾਰੀ ਲਈ ਫੋਨ ਨੰਬਰਾਂ 01874-220163, 75089-73471 ਜਾਂ 80548-00880 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਵੀਰ ਬਾਲ ਦਿਵਸ ਨੂੰ ਸਮਰਪਿਤ 4 ਰੋਜ਼ਾ ਕ੍ਰਿਕਟ ਟੂਰਨਾਮੈਂਟ ਆਯੋਜਿਤ

## 'ਖੇਡ ਭਾਰਤੀ' ਨੇ ਜੇਤੂ ਟੀਮ ਨੂੰ 21 ਹਜ਼ਾਰ ਇਨਾਮ ਤੇ ਟਰਾਫੀ ਦੇ ਕੇ ਕੀਤਾ ਸਨਮਾਨਤ

**ਬਟਾਲਾ (ਤਰਲੋਕ ਬੱਗਾ)**-ਖੇਡ ਭਾਰਤੀ ਬਟਾਲਾ ਵੱਲੋਂ ਵੀਰ ਬਾਲ ਦਿਵਸ ਨੂੰ ਸਮਰਪਿਤ ਈਕੋ ਗਲੋਬਲ ਚੌਥਾ 4 ਰੋਜ਼ਾ ਟੈਨਿਸ/ਕ੍ਰਿਕਟ ਟੂਰਨਾਮੈਂਟ ਕੱਲ੍ਹ ਸਮਾਪਤ ਹੋ ਗਿਆ। ਆਖਰੀ ਦਿਨ ਦੇ ਫਾਈਨਲ ਮੈਚ ਦੇ ਮੁੱਖ ਮਹਿਮਾਨ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਸੂਬਾਈ ਕਾਰਜਕਾਰੀ ਵਿਨੈ ਸ਼ਰਮਾ ਅਤੇ ਹਿਮਾਲਿਆ ਪਰਿਵਾਰ ਦੇ ਕੌਮੀ ਮੀਤ ਪ੍ਰਧਾਨ ਪਰਮਜੀਤ ਸਿੰਘ ਗਿੱਲ ਸਨ, ਜਿਨ੍ਹਾਂ ਨੇ ਟੀਮਾਂ ਨਾਲ ਜਾਣ-ਪਛਾਣ ਕੀਤੀ ਅਤੇ ਗੁਬਾਰੇ ਛੱਡ ਕੇ ਫਾਈਨਲ ਮੈਚ ਦੀ ਸ਼ੁਭ ਸ਼ੁਰੂਆਤ ਕਰਵਾਈ ਜਦੋਂਕਿ ਡਾ: ਧਰਮਿੰਦਰ ਸ਼ਰਮਾ ਨੇ ਕਿਹਾ ਕਿ ਵੀਰ ਬਾਲ ਦਿਵਸ ਨੂੰ ਸਮਰਪਿਤ ਇਹ ਟੂਰਨਾਮੈਂਟ ਭਵਿੱਖ ਵਿੱਚ ਵੀ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਲਈ ਜਾਰੀ ਰੱਖਿਆ ਜਾਵੇਗਾ। ਇਸ ਤੋਂ ਬਾਅਦ ਰਾਜ ਮੰਤਰੀ ਡਾ: ਪੰਕਜ ਮਹਾਜਨ ਅਤੇ ਰਾਘਵ ਗੁਪਤਾ ਨੇ ਦੱਸਿਆ ਕਿ 'ਖੇਡ ਭਾਰਤੀ' ਨੇ ਆਉਣ ਵਾਲੇ ਮਹੀਨੇ ਵਿੱਚ ਬਾਡੀ ਬਿਲਡਿੰਗ ਓਪਨ ਚੈਂਪੀਅਨਸ਼ਿਪ ਕਰਵਾਉਣ ਦਾ ਫੈਸਲਾ ਕੀਤਾ ਹੈ। ਮੁੱਖ ਮਹਿਮਾਨ ਗਿੱਲ ਅਤੇ ਵਿਨੇ ਸ਼ਰਮਾ ਨੇ ਦੱਸਿਆ ਕਿ ਖੇਡ ਭਾਰਤੀ ਸਮੇਂ-ਸਮੇਂ 'ਤੇ ਖਿਡਾਰੀਆਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਦੀ ਰਹਿੰਦੀ ਹੈ। ਉਨ੍ਹਾਂ ਖੇਡ ਭਾਰਤੀ ਦੇ ਸਮੂਹ ਮੈਂਬਰਾਂ ਨੂੰ ਇਸ ਟੂਰਨਾਮੈਂਟ ਦੇ ਆਯੋਜਨ ਲਈ ਵਧਾਈ ਦਿੱਤੀ। ਸੈਮੀਫਾਈਨਲ ਮੈਚ ਵਿੱਚ 4 ਟੀਮਾਂ ਦਾ ਮੁਕਾਬਲਾ ਹੋਇਆ, ਜਿਸ ਵਿੱਚ ਫਾਈਨਲ ਮੈਚ ਮਹਾਦੇਵ ਟੀਮ ਅਤੇ ਗੁਰੂ ਨਾਨਕ ਟੀਮ ਵਿਚਕਾਰ ਖੇਡਿਆ ਗਿਆ, ਜਿਸ ਵਿੱਚ ਗੁਰੂ ਨਾਨਕ ਟੀਮ ਨੇ ਮਹਾਦੇਵ ਕਲੱਬ ਨੂੰ 69 ਦੌੜਾਂ ਦਾ ਟੀਚਾ ਦਿੱਤਾ ਪਰ ਮਹਾਦੇਵ ਕਲੱਬ 55 ਦੌੜਾਂ 'ਤੇ ਆਲ ਆਊਟ ਹੋ ਗਿਆ ਅਤੇ ਗੁਰੂ ਨਾਨਕ ਟੀਮ 14 ਦੌੜਾਂ ਨਾਲ ਜੇਤੂ ਰਹੀ। ਖੇਡ ਭਾਰਤੀ ਦੀ ਤਰਫੋਂ ਜੇਤੂ ਟੀਮ ਨੂੰ 21 ਹਜ਼ਾਰ ਰੁਪਏ ਦਾ ਇਨਾਮ ਅਤੇ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ ਜਦੋਂਕਿ ਦੂਜੀ ਟੀਮ ਨੂੰ 11,000 ਰੁਪਏ ਦਾ ਇਨਾਮ ਅਤੇ ਮੈਡਲ ਦਿੱਤੇ ਗਏ।




ਇਸ ਮੌਕੇ ਰਾਜੀਵ ਵਿੱਗ, ਸੂਬਾਈ ਮੰਤਰੀ ਡਾ. ਪੰਕਜ ਮਹਾਜਨ, ਈਕੋ ਗਲੋਬਲ ਸੋਲਰ ਦੇ ਐੱਮਡੀ ਰੋਹਿਤ ਸ਼ਰਮਾ, ਜ਼ਿਲ੍ਹਾ ਕਾਰਜਕਾਰੀ ਮੁਨੀਸ਼ ਮਹਾਜਨ, ਪ੍ਰਚਾਰ ਮੁਖੀ ਰਾਜੀਵ ਮਲਹੋਤਰਾ, ਪਾਰਸ ਮਹਾਜਨ, ਬਲਜੀਤ ਸਿੰਘ, ਸੰਜੇ ਕੂਪਰ, ਸੌਰਭ ਮਹਾਜਨ, ਸੂਬਾ ਸੰਗਠਨ ਮੰਤਰੀ ਦੀਪਕ ਸ਼ਰਮਾ ਵਿਸ਼ੇਸ਼ ਮਹਿਮਾਨ ਸਨ। ਇਸ ਮੌਕੇ ਭਾਜਪਾ ਬਟਾਲਾ ਜ਼ਿਲ੍ਹਾ ਪ੍ਰਧਾਨ ਹੀਰਾ ਵਾਲੀਆ, ਸਿਵਲ ਲਾਈਨ ਮੰਡਲ ਪ੍ਰਧਾਨ ਅਮਨਦੀਪ ਸਿੰਘ, ਸਵਰਨਕਾਰ ਸੰਘ ਪੰਜਾਬ ਦੇ ਪ੍ਰਧਾਨ ਯਸ਼ਪਾਲ ਚੌਹਾਨ, ਯੁਵਾ ਆਗੂ ਗੁੱਡੂ ਸੇਠ, ਖੇਡ ਭਾਰਤੀ ਟੀਮ ਵਿਭਾਗ ਦੇ ਕੋਆਰਡੀਨੇਟਰ ਅਮਿਤ ਡੋਗਰਾ, ਸਟੇਟ ਆਈਟੀ ਮੁਖੀ ਰਾਘਵ ਗੁਪਤਾ, ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸ਼ਰਮਾ, ਜ਼ਿਲ੍ਹਾ ਜਨਰਲ ਸਕੱਤਰ ਨੀਰਜ ਸ਼ਰਮਾ ਅਤੇ ਸੂਬਾ ਕਾਰਜਕਾਰਨੀ ਮੈਂਬਰ ਜਤਿੰਦਰ ਮਾਰਸ਼ਲ ਹਾਜ਼ਰ ਸਨ।

ਨਵਾਂ ਜ਼ਮਾਨਾ
ਬੁੱਧਵਾਰ, 13 ਦਸੰਬਰ 2023

# ਔਰਤਾਂ ਵਿਰੁੱਧ ਅਪਰਾਧ

*ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਚੀਕ-ਚੀਕ ਕੇ ਕਹਿੰਦੇ ਹਨ ਕਿ ਸਾਡਾ ਦੇਸ਼ ਅਥਾਹ ਤਰੱਕੀ ਕਰ ਰਿਹਾ ਹੈ ਤੇ ਛੇਤੀ ਹੀ ਇਹ ਦੁਨੀਆ ਦੀ ਤੀਜੀ ਸਭ ਤੋਂ ਤੇਜ਼ੀ ਨਾਲ ਵਧਣ ਵਾਲੀ ਅਰਥ ਵਿਵਸਥਾ ਬਣ ਜਾਵੇਗਾ। ਪਰ ਸਮਾਜ ਵਿਚਲੇ ਆਮ ਲੋਕਾਂ ਦੀ ਜ਼ਿੰਦਗੀ ਕਿਹੋ ਜਿਹੀ ਹੈ, ਇਸ ਨਾਲ ਸੱਤਾਧਾਰੀਆਂ ਨੂੰ ਕੋਈ ਲੈਣਾ-ਦੇਣਾ ਨਹੀਂ ਹੈ। ਸਰਕਾਰ ਸਭ ਕੁਝ ਵਧੀਆ ਕਹਿਣ ਲਈ ਬਨਾਉਟੀ ਅੰਕੜਿਆਂ ਦਾ ਸਹਾਰਾ ਲੈਂਦੀ ਹੈ, ਪਰ ਜਿਹੜੇ ਅੰਕੜੇ ਉਸ ਦੇ ਦਾਅਵਿਆਂ ਨੂੰ ਕਮਜ਼ੋਰ ਕਰਦੇ ਹਨ, ਉਨ੍ਹਾਂ 'ਤੇ ਪਰਦਾ ਪਾ ਦਿੰਦੀ ਹੈ।*

*ਦੇਸ਼ ਦੀ ਅੱਧੀ ਅਬਾਦੀ ਭਾਵ ਔਰਤਾਂ ਨਾਲ ਕੀ ਵਾਪਰ ਰਿਹਾ ਹੈ, ਇਸ ਬਾਰੇ ਸੋਚਣਾ ਨਾ ਸਰਕਾਰ ਦੇ ਏਜੰਡੇ ਉੱਤੇ ਹੈ ਤੇ ਨਾ ਲੋਕਤੰਤਰ ਦਾ ਚੌਥਾ ਥੰਮ੍ਹ ਕਹੇ ਜਾਂਦੇ ਮੀਡੀਆ ਦੇ। ਸਰਕਾਰ ਦੇ ਕੌਮੀ ਅਪਰਾਧ ਰਿਕਾਰਡ ਬਿਊਰੋ (ਐੱਨ ਸੀ ਆਰ ਬੀ) ਵੱਲੋਂ ਜਾਰੀ ਅੰਕੜਿਆਂ ਅਨੁਸਾਰ ਔਰਤਾਂ 'ਤੇ ਅੱਤਿਆਚਾਰ ਦੇ ਮਾਮਲੇ ਲਗਾਤਾਰ ਵਧ ਰਹੇ ਹਨ। 2019 ਵਿੱਚ ਜਦੋਂ ਇੱਕ ਕੌਮਾਂਤਰੀ ਸੰਸਥਾ ਨੇ ਭਾਰਤ ਨੂੰ ਔਰਤਾਂ ਲਈ ਸਭ ਤੋਂ ਅਸੁਰੱਖਿਅਤ ਦੇਸ਼ ਕਿਹਾ ਸੀ ਤਾਂ ਸੱਤਾਧਾਰੀਆਂ ਨੇ ਲੋਹੇ-ਲਾਖੇ ਹੁੰਦਿਆਂ ਇਸ ਨੂੰ ਭਾਰਤ ਦੀ ਛਵੀ ਵਿਗਾੜਨ ਦਾ ਜਤਨ ਕਿਹਾ ਸੀ।*

*ਹੁਣ ਇਸ ਸਰਕਾਰੀ ਸੰਸਥਾ ਐੱਨ ਸੀ ਆਰ ਬੀ ਨੇ ਦੱਸਿਆ ਹੈ ਕਿ ਭਾਰਤ ਵਿੱਚ ਔਰਤਾਂ 'ਤੇ ਅੱਤਿਆਚਾਰ ਦੇ ਕੇਸ 2021 ਦੀ ਤੁਲਨਾ ਵਿੱਚ 2022 ਦੌਰਾਨ 4 ਫੀਸਦੀ ਵਧ ਗਏ ਹਨ। ਇਸ ਰਿਪੋਰਟ ਮੁਤਾਬਕ ਭਾਰਤ ਵਿੱਚ ਹਰ ਘੰਟੇ ਔਰਤਾਂ 'ਤੇ ਅੱਤਿਆਚਾਰ ਦੇ 55 ਮਾਮਲੇ ਦਰਜ ਹੋ ਰਹੇ ਹਨ।*

*ਰਿਪੋਰਟ ਮੁਤਾਬਕ ਸੰਨ 2020 ਵਿੱਚ ਔਰਤਾਂ 'ਤੇ ਅੱਤਿਆਚਾਰਾਂ ਦੇ 3,71,503, ਸੰਨ 2021 ਵਿੱਚ 4,28,278 ਤੇ ਸੰਨ 2022 ਵਿੱਚ 4,45,256 ਮਾਮਲੇ ਦਰਜ ਹੋਏ ਸਨ। ਇਨ੍ਹਾਂ ਵਿੱਚੋਂ ਬਲਾਤਕਾਰਾਂ ਦੇ ਮਾਮਲਿਆਂ ਨੂੰ ਲਿਆ ਜਾਵੇ ਤਾਂ ਸੰਨ 2020 ਵਿੱਚ 28046, ਸੰਨ 2021 ਵਿੱਚ 31677 ਤੇ ਸੰਨ 2022 ਵਿੱਚ 31982 ਕੇਸ ਦਰਜ ਹੋਏ ਸਨ।*

*ਐੱਨ ਸੀ ਆਰ ਬੀ ਦੇ ਅੰਕੜਿਆਂ ਅਨੁਸਾਰ ਸਾਡੇ ਦੇਸ਼ ਵਿੱਚ ਹਰ ਦਿਨ ਔਸਤਨ 88 ਔਰਤਾਂ ਬਲਾਤਕਾਰ ਦਾ ਸ਼ਿਕਾਰ ਹੁੰਦੀਆਂ ਹਨ। ਬਲਾਤਕਾਰ ਦੇ ਕੇਸਾਂ ਵਿੱਚ ਪਹਿਲੇ ਸਥਾਨ 'ਤੇ ਰਾਜਸਥਾਨ ਹੈ ਤੇ ਉਸ ਤੋਂ ਅਗਲਾ ਨੰਬਰ ਭਾਜਪਾ ਸ਼ਾਸਤ ਰਾਜਾਂ ਯੂ ਪੀ, ਮੱਧ ਪ੍ਰਦੇਸ਼, ਮਹਾਰਾਸ਼ਟਰ ਤੇ ਹਰਿਆਣਾ ਦਾ ਆਉਂਦਾ ਹੈ। ਜਿਥੋਂ ਤੱਕ ਕੇਂਦਰ ਸ਼ਾਸਤ ਪ੍ਰਦੇਸ਼ਾਂ ਦਾ ਸਵਾਲ ਹੈ, ਸਭ ਤੋਂ ਮਾੜੀ ਸਥਿਤੀ ਅਮਨ-ਕਾਨੂੰਨ ਦੇ ਮਾਮਲੇ ਵਿੱਚ ਕੇਂਦਰ ਦੇ ਸਿੱਧੇ ਕੰਟਰੋਲ ਹੇਠਲੇ ਦਿੱਲੀ ਦੀ ਹੈ। ਦਿੱਲੀ ਵਿੱਚ ਹਰ ਦਿਨ ਔਸਤਨ 3 ਔਰਤਾਂ ਬਲਾਤਕਾਰ ਦਾ ਸ਼ਿਕਾਰ ਹੁੰਦੀਆਂ ਹਨ। ਦੇਸ਼ ਦੇ 19 ਵੱਡੇ ਸ਼ਹਿਰਾਂ ਵਿੱਚ ਔਰਤਾਂ ਵਿਰੁੱਧ ਹੋਣ ਵਾਲੇ ਅਪਰਾਧਾਂ ਵਿੱਚ 29 ਫ਼ੀਸਦੀ ਦਿੱਲੀ ਵਿੱਚ ਹੁੰਦੇ ਹਨ।*

*ਮੋਦੀ ਰਾਜ ਵਿੱਚ ਸਿਰਫ਼ ਔਰਤਾਂ ਵਿਰੁੱਧ ਅਪਰਾਧ ਹੀ ਨਹੀਂ ਵਧੇ, ਸਗੋਂ ਜਗੀਰੂ ਸੋਚ ਵੀ ਹਾਵੀ ਹੋਈ ਹੈ। ਵਰਲਡ ਇਕਨੌਮਿਕ ਫੋਰਮ ਵੱਲੋਂ ਜੈਂਡਰ ਗੈਪ ਸੰਬੰਧੀ ਜਾਰੀ ਰਿਪੋਰਟ ਮੁਤਾਬਕ ਅਸੀਂ 146 ਦੇਸ਼ਾਂ ਵਿੱਚੋਂ 127ਵੇਂ ਥਾਂ 'ਤੇ ਹਾਂ। ਬੰਗਲਾਦੇਸ਼ 59ਵੇਂ, ਭੂਟਾਨ 103ਵੇਂ, ਸ੍ਰੀਲੰਕਾ 115ਵੇਂ ਤੇ ਨੇਪਾਲ 116ਵੇਂ ਥਾਂ ਹੈ। ਮੋਦੀ ਭਗਤ ਇਹ ਜਾਣ ਕੇ ਖੁਸ਼ ਹੋ ਸਕਦੇ ਹਨ ਕਿ ਪਾਕਿਸਤਾਨ ਸਾਥੋਂ ਥੱਲੇ 142ਵੇਂ ਥਾਂ ਹੈ।*

*ਸਾਡੇ ਹਾਕਮ ਮਨੂੰ ਸਮ੍ਰਿਤੀ ਦੇ ਪੈਰੋਕਾਰ ਹਨ, ਜਿਸ ਵਿੱਚ ਔਰਤਾਂ ਨੂੰ ਨਫ਼ਰਤ ਦਾ ਪਾਤਰ ਕਿਹਾ ਗਿਆ ਹੈ। ਉਂਜ ਵੀ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਦਾ ਇੱਕੋ ਨਿਸ਼ਾਨਾ ਹੈ, ਹਰ ਹਾਲ ਚੋਣਾਂ ਜਿੱਤਣਾ, ਜਨਤਾ ਮਰਦੀ ਹੈ ਤਾਂ ਮਰੇ। ਲਗਦਾ ਹੈ ਜਨਤਾ ਨੂੰ ਵੀ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ, ਉਸ ਲਈ ਤਾਂ ਰਾਮ ਮੰਦਰ ਤੇ ਮੁਸਲਮਾਨਾਂ ਵਿਰੁੱਧ ਨਫ਼ਰਤੀ ਮੁਹਿੰਮ ਹੀ ਸਭ ਤੋਂ ਵੱਡਾ ਮੁੱਦਾ ਹੈ।*

# ਨਰਮ ਹਿੰਦੂਤਵ ਕਾਂਗਰਸ ਨੂੰ ਲੈ ਡੁੱਬਾ



ਵਿਸ਼ਵਾ ਮਿੱਤਰ

ਕਾਂਗਰਸ ਨੂੰ ਜਿੰਨਾ ਨਰਮ ਹਿੰਦੂਤਵ ਨੇ ਨੁਕਸਾਨ ਪੁਚਾਇਆ ਹੈ, ਓਨਾ ਹੋਰ ਕਿਸੇ ਹੋਰ ਗਲਤੀ ਨੇ ਨਹੀਂ ਪੁਚਾਇਆ। ਭਾਵੇਂ ਕਿ ਕਾਂਗਰਸ ਦੇ ਚੋਣ ਲੜ ਰਹੇ ਨੇਤਾਵਾਂ ਦਾ ਗਠਬੰਧਨ ਦੇ ਬਾਕੀ ਘਟਕਾਂ ਪ੍ਰਤੀ ਰਵੱਈਆ ਸਹਿਯੋਗ ਪੂਰਨ ਨਾ ਹੋਣਾ ਵੀ ਨੁਕਸਾਨਦੇਹ ਸੀ, ਪਰ ਨਰਮ ਹਿੰਦੂਤਵ ਨੇ ਸਭ ਤੋਂ ਜ਼ਿਆਦਾ ਨੁਕਸਾਨ ਕੀਤਾ। ਜਦੋਂ ਵੀ ਕੋਈ ਪਾਰਟੀ ਜਾਂ ਦੇਸ ਆਪਣੇ ਮੂਲ ਸਿਧਾਂਤ ਜਾਂ ਟੀਚੇ ਤੋਂ ਥਿੜਕ ਜਾਂਦਾ ਹੈ ਤਾਂ ਉਹ ਉਸ ਮਕਸਦ ਵਿਚ ਵੀ ਕਾਮਯਾਬ ਨਹੀਂ ਹੁੰਦਾ, ਜਿਸ ਲਈ ਉਸ ਨੇ ਆਪਨਾ ਸਿਧਾਂਤ ਜਾਂ ਟੀਚਾ ਛੱਡਣ ਦੀ ਬਦਨਾਮੀ ਖੱਟੀ ਹੁੰਦੀ ਹੈ।

ਕਾਂਗਰਸ ਨੇ ਭਾਰਤ ਦੀ ਅਜ਼ਾਦੀ ਦੇ ਸੰਘਰਸ਼ਾਂ ਵੇਲੇ ਤੋਂ ਹੀ ਧਰਮਨਿਰਪੱਖਤਾ ਦਾ ਰਾਹ ਚੁਣਿਆ ਸੀ ਅਤੇ ਅਜ਼ਾਦੀ ਤੋਂ ਬਾਅਦ ਵੀ ਕਾਫੀ ਦਹਾਕੇ ਇਸ 'ਤੇ ਡਟ ਕੇ ਪਹਿਰਾ ਦਿੱਤਾ। ਜਵਾਹਰ ਲਾਲ ਨਹਿਰੂ, ਮਹਾਤਮਾ ਗਾਂਧੀ, ਸਰਦਾਰ ਪਟੇਲ, ਮੌਲਾਨਾ ਆਜ਼ਾਦ, ਖਾਨ ਅਬਦੁਲ ਗੁਫਾਰ ਖਾਂ, ਭੀਮ ਰਾਓ ਅੰਬੇਡਕਰ ਅਤੇ ਹੋਰ ਬਹੁਤ ਸਾਰੇ ਕਾਂਗਰਸ ਦੇ ਨੇਤਾ ਧਰਮ ਨਿਰਪੱਖ ਸਨ। ਭਾਵੇਂ ਅੰਦਰੋਂ-ਅੰਦਰ ਕਾਫੀ ਸਾਰੇ ਨੇਤਾ ਆਪਣੇ ਧਾਰਮਿਕ ਅਕੀਦੇ ਅਨੁਸਾਰ ਵੀ ਚਲਦੇ ਸਨ, ਪਰ ਪਬਲਿਕ ਵਿਚ ਕਦੇ ਵੀ ਉਹਨਾਂ ਆਪਣੇ ਧਰਮ ਦਾ ਪ੍ਰਗਟਾਵਾ ਨਹੀਂ ਕੀਤਾ ਸੀ। ਜਵਾਹਰ ਲਾਲ ਨਹਿਰੂ ਇਹਨਾਂ ਵਿਚੋਂ ਸਭ ਤੋਂ ਜ਼ਿਆਦਾ ਧਰਮ ਨਿਰਪੱਖ ਸਨ ਅਤੇ ਧਰਮ ਨਿਰਪੱਖਤਾ 'ਤੇ ਮਨ, ਵਚਨ ਅਤੇ ਕਰਮ ਅਨੁਸਾਰ ਹਮੇਸ਼ਾਂ ਦ੍ਰਿੜ੍ਹ ਰਹੇ। ਪਰਿਭਾਸਾ ਅਨੁਸਾਰ ਧਰਮ ਨਿਰਪੱਖ ਸਟੇਟ ਉਸ ਨੂੰ ਕਹਿੰਦੇ ਹਨ, ਜਿਸ ਸਟੇਟ ( ਰਾਜ ) ਦਾ ਕਿਸੇ ਧਰਮ ਨਾਲ ਕੋਈ ਸਬੰਧ ਨਾ ਹੋਵੇ, ਕੋਈ ਵੀ ਸਿਆਸੀ ਨੇਤਾ, ਕੋਈ ਵੀ ਅਫਸਰ ਅਤੇ ਕੋਈ ਵੀ ਸੰਵਿਧਾਨਿਕ ਸੰਸਥਾ ਕਿਸੇ ਧਰਮ ਦਾ ਪ੍ਰਗਟਾਵਾ ਨਾ ਕਰੇ ਅਤੇ ਕਿਸੇ ਵੀ ਧਾਰਮਿਕ ਅਦਾਰੇ ਨੂੰ ਕਿਸੇ ਵੀ ਤਰਾਂ ਦੀ ਸਹਾਇਤਾ ਨਾ ਦੇਵੇ । ਨਹਿਰੂ ਨੇ ਵੋਟ ਬੈਂਕ ਦੀ ਪਰਵਾਹ ਕੀਤੇ ਬਿਨਾ ਧਰਮ ਨਿਰਪੱਖਤਾ 'ਤੇ ਡਟ ਕੇ ਪਹਿਰਾ ਦਿੱਤਾ। ਇਸ ਲਈ ਇੱਕ ਉਦਾਹਰਣ ਹੀ ਕਾਫੀ ਹੈ। ਇੱਕ ਵਾਰ ਭਾਰਤ ਦੇ ਰਾਸਟਰਪਤੀ ਨੇ ਸ਼ੰਕਰਾਚਾਰੀਆ ਦੇ ਪੈਰਾਂ ਨੂੰ ਹੱਥ ਲਗਾ ਦਿੱਤਾ ਤਾਂ ਨਹਿਰੂ ਉਸ ਨੂੰ ਬੜੇ ਗੁੱਸੇ ਨਾਲ ਬੋਲੇ, 'ਤੁਸੀ ਕੇਵਲ ਹਿੰਦੂਆਂ ਦੇ ਰਾਸ਼ਟਰਪਤੀ ਹੋ ਜਾਂ ਸਾਰੇ ਭਾਰਤ ਦੇ ਰਾਸ਼ਟਰਪਤੀ ਹੋ।'

ਆਪਣਾ ਸਿਧਾਂਤ ਛੱਡ ਕੇ ਜਾਂ ਆਪਣਾ ਵੀ ਪਕੜ ਕੇ ਦੂਜੇ ਦਾ ਸਿਧਾਂਤ ਥੋੜ੍ਹਾ ਬਹੁਤ ਪਕੜ ਕੇ ਜੇਕਰ ਕੋਈ ਪਾਰਟੀ ਚੋਣਾਂ ਜਿੱਤਣਾ ਚਾਹੇ ਤਾਂ ਉਹ ਉਸ ਵਿਚ ਸਫਲ ਨਹੀਂ ਹੋ ਸਕਦੀ। ਪੁਰਾਣਾ ਅਖਾਣ ਹੈ ਕਿ 'ਦੋ ਬੇੜੀਆਂ ਵਿਚ ਲੱਤਾਂ ਰੱਖਣ ਵਾਲਾ ਕਦੇ ਪਾਰ ਨਹੀਂ ਪਹੁੰਚ ਸਕਦਾ।' ਜਦੋਂ ਕਾਂਗਰਸ ਨੇ ਬਹੁਗਿਣਤੀ ਹਿੰਦੂ ਵੋਟਰਾਂ ਨੂੰ ਨਾਲ ਜੋੜਨ ਲਈ ਧਰਮ ਨਿਰਪੱਖਤਾ ਦੇ ਹੁੰਦੇ ਹੋਏ ਨਰਮ ਹਿੰਦੂਤਵ ਦਾ ਰਾਹ ਪਕੜਿਆ ਤਾਂ ਲੋਕਾਂ ਨੇ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਭਾਰਤ ਦਾ ਸੰਸਾਰ ਵਿਚ ਗਰੀਬੀ ਪੱਧਰ, ਭੁੱਖਮਰੀ ਪੱਧਰ, ਭਾਜਪਾ ਵੱਲੋਂ ਇਜ਼ਰਾਈਲ ਦੇ ਹੱਕ ਵਿੱਚ ਭੁਗਤਣ ਆਦਿ ਦੇ ਮੁੱਦੇ ਛੱਡ ਕੇ ਇਹ ਸੋਚਣਾ ਸ਼ੁਰੂ ਕਰ ਦਿੱਤਾ ਕਿ ਇਹਨਾਂ ਵਿਚੋਂ ਵੱਡਾ ਹਿੰਦੂ ਧਰਮ ਦਾ ਰਖਵਾਲਾ ਕਿਹੜਾ ਹੈ, ਕਿਸ ਨੇ ਜ਼ਿਆਦਾ ਮੰਦਿਰ ਅਤੇ ਮੂਰਤੀਆਂ ਬਣਾਈਆਂ ਹਨ ਅਤੇ ਕਿਸ ਨੇ ਸਭ ਤੋਂ ਪਹਿਲਾਂ ਹਿੰਦੂਤਵ ਜਾਂ ਹਿੰਦੂਆਂ ਬਾਰੇ ਸੋਚਿਆ। ਧਰਮ ਨਿਰਪੱਖਤਾ ਤਿਆਗ ਕੇ ਜਾਂ ਇਸ ਵੱਲ ਤਵੱਜੋ ਘੱਟ ਦੇ ਕੇ ਜਿਵੇਂ ਕਾਂਗਰਸ ਨੇ ਚੋਣਾਂ ਵਿੱਚ ਜ਼ਬਰਦਸਤ ਹਾਰ ਖਾਧੀ ਹੈ। ਇਸੇ ਤਰ੍ਹਾਂ ਦੀ ਹਾਰ ਮਾਰਕਸੀ ਪਾਰਟੀ ਵੀ ਖਾ ਚੁੱਕੀ ਹੈ। ਕਿੱਥੇ ਮਾਰਕਸਵਾਦ-ਲੈਨਿਨਵਾਦ ਅਤੇ ਕਿੱਥੇ ਦੁਰਗਾ ਪੂਜਾ ! ਮਾਰਕਸੀ ਪਾਰਟੀ ਨੇ ਸੋਚਿਆ ਕਿ ਹਿੰਦੂਆਂ ਦਾ ਬਹੁਤ ਸਾਰਾ ਹਿੱਸਾ ਦੁਰਗਾ ਪੂਜਾ ਵਿਚ ਭਾਗ ਲੈਂਦਾ ਹੈ ਤਾਂ ਪਾਰਟੀ ਆਗੂਆਂ ਨੇ ਮਾਰਕਸਵਾਦ-ਲੈਨਿਨਵਾਦ ਅਤੇ ਧਰਮ ਨਿਰਪੱਖਤਾ ਨੂੰ ਪਿੱਛੇ ਸੁੱਟਦੇ ਹੋਏ ਦੁਰਗਾ ਪੂਜਾ ਵਿਚ ਹਿੱਸਾ ਲੈ ਲਿਆ। ਆਮ ਹਿੰਦੂਆਂ ਦੀਆਂ ਵੋਟਾਂ ਤਾਂ ਕੀ ਮਿਲਣੀਆਂ ਸਨ, ਆਪਣੇ ਮਾਰਕਸੀ ਕੇਡਰ ਦੀਆਂ ਵੋਟਾਂ ਵੀ ਗੁਆ ਬੈਠੇ। ਭਾਵੇਂ ਕਿ ਬੰਗਾਲ ਵਿਚ ਮਾਰਕਸੀ ਪਾਰਟੀ ਦਾ ਨਿਘਾਰ ਕੇਵਲ ਦੁਰਗਾ ਪੂਜਾ ਨਾਲ ਨਹੀਂ ਹੋਇਆ, ਹੋਰ ਵੀ ਕਈ ਕਾਰਨ ਹਨ, ਪਰ ਦੁਰਗਾ ਪੂਜਾ ਵੀ ਇੱਕ ਅਹਿਮ ਕਾਰਨ ਸੀ।

ਇੱਕ ਆਮ ਭੁਲੇਖਾ ਹੈ ਕਿ ਭਾਰਤ ਵਿਚ 80 ਫੀਸਦੀ ਤੋਂ ਵੱਧ ਹਿੰਦੂ ਹਨ ਅਤੇ ਭਾਜਪਾ ਨੇ ਕਿਉਂਕਿ ਇਸ ਬਹੁਗਿਣਤੀ ਨੂੰ ਨਾਲ ਰੱਖਣ ਲਈ ਹਿੰਦੂਤਵ ਦਾ ਮੁੱਦਾ ਪੂਰੀ ਤਰਾਂ ਪਕੜ ਰੱਖਿਆ ਹੈ, ਇਸ ਲਈ 80 ਫੀਸਦੀ ਵੋਟਾਂ ਲੈਣ ਵਾਲੇ ਨੂੰ ਕਦੇ ਨਹੀਂ ਹਰਾਇਆ ਜਾ ਸਕਦਾ। ਇਸੇ ਭੁਲੇਖੇ ਦੇ ਤਹਿਤ ਕਾਂਗਰਸ ਨੇ ਨਰਮ ਹਿੰਦੂਤਵ ਦਾ ਰਾਹ ਪਕੜਿਆ। ਕਾਂਗਰਸ ਲੀਡਰਾਂ ਨੇ ਆਪਣੇ ਆਪ ਨੂੰ ਹਿੰਦੂ ਸਾਬਤ ਕਰਨ ਲਈ ਅਤੇ ਹਿੰਦੂਤਵ ਦੇ ਪੈਰੋਕਾਰ ਦੱਸਣ ਲਈ ਮੱਥੇ 'ਤੇ ਤਿਲਕ ਲਗਾਉਣੇ ਸ਼ੁਰੂ ਕਰ ਦਿੱਤੇ, ਮੰਦਰਾਂ ਵਿਚ ਜਾ ਕੇ ਸਾਧੂ-ਸੰਤਾਂ ਦੇ ਅਸ਼ੀਰਵਾਦ ਲੈਣੇ ਸ਼ੁਰੂ ਕਰ ਦਿੱਤੇ ਅਤੇ ਹਵਨ ਕਰਨੇ ਸ਼ੁਰੂ ਕੀਤੇ । ਇਸ ਦਾ ਅਸਰ ਇਹ ਹੋਇਆ ਕਿ ਮੁਸਲਮਾਨ, ਈਸਾਈ, ਸਿੱਖ, ਆਦੀਵਾਸੀ ਅਤੇ ਧਰਮ ਨਿਰਪੱਖ ਲੋਕਾਂ ਦਾ ਕਾਂਗਰਸ ਤੋਂ ਮੋਹ ਭੰਗ ਹੋ ਗਿਆ। ਮੱਧ ਪ੍ਰਦੇਸ਼ ਦੀ ਖਾਸ ਉਦਾਹਰਣ ਹੈ ਕਿ ਕਮਲਨਾਥ ਦੇ ਇਸ ਬਿਆਨ ਕਾਰਨ ਕਿ ਭਾਰਤ ਪਹਿਲਾਂ ਤੋਂ ਹੀ ਹਿੰਦੂ ਰਾਸਟਰ ਹੈ, ਨਰੇਲਾ ਵਿਧਾਨ ਸਭਾ ਖੇਤਰ ਵਿਚ ਸੱਠ ਹਜ਼ਾਰ ਤੋਂ ਵੱਧ ਮੁਸਲਮਾਨ ਹੋਣ ਦੇ ਬਾਵਜੂਦ ਕਾਂਗਰਸ ਨੂੰ ਵੀਹ ਹਜਾਰ ਮੁਸਲਮਾਨਾਂ ਵੀ ਵੋਟ ਨਹੀਂ ਪਾਈ। ਇਹ ਗੱਲ ਚੰਗੀ ਤਰਾਂ ਸਮਝ ਲਓ ਕਿ ਸਾਰੇ ਹਿੰਦੂ ਭਾਜਪਾ ਜਾਂ ਆਰ ਐੱਸ ਐੱਸ ਨਾਲ ਨਹੀਂ ਹਨ। ਮੁਸਲਮਾਨ, ਸਿੱਖ, ਈਸਾਈ ਅਤੇ ਹੋਰ ਧਰਮਾਂ ਸਮੇਤ ਜ਼ਿਆਦਾਤਰ ਹਿੰਦੂ ਭਾਜਪਾ ਦੀ ਧਰਮ ਅਧਾਰਤ ਅਤੇ ਫੁੱਟ ਪਾਊ ਸਿਆਸਤ ਦੇ ਵਿਰੁੱਧ ਹਨ। ਇਸ ਲਈ ਕੇਵਲ ਧਰਮ ਨਿਰਪੱਖਤਾ ਸਹਾਰੇ ਹੀ ਅਸੀਂ ਲੋਕਾਂ ਨੂੰ ਆਪਣੇ ਨਾਲ ਜੋੜ ਸਕਦੇ ਹਾਂ ਅਤੇ ਭਾਜਪਾ ਨੂੰ ਹਰਾ ਸਕਦੇ ਹਾਂ।

ਆਪਣੇ ਆਦਰਸ਼ ਜਾਂ ਸਿਧਾਂਤ ਤੋਂ ਥਿੜਕਣ ਨਾਲ ਕੇਵਲ ਸਿਆਸੀ ਪਾਰਟੀਆਂ ਹੀ ਚੋਣਾਂ ਵਿਚ ਨਹੀਂ ਹਾਰਦੀਆਂ, ਬਲਕਿ ਸਮੁੱਚਾ ਦੇਸ਼ ਵੀ ਆਪਣੇ ਟੀਚੇ ਵਿਚ ਸਫਲ ਨਹੀਂ ਹੁੰਦਾ ਜਾਂ ਅਸਫਲਤਾ ਵਰਗੀਆਂ ਕਈ ਘਾਟਾਂ ਵਾਲੀ ਸਫਲਤਾ ਮਿਲਦੀ ਹੈ। ਜਦੋਂ ਭਾਰਤ ਵਿਚ ਬ੍ਰਿਟਿਸ਼ ਹਕੂਮਤ ਦਾ ਜਬਰ-ਜ਼ੁਲਮ ਆਪਣੀ ਚਰਮ ਸੀਮਾ 'ਤੇ ਪਹੁੰਚ ਗਿਆ ਤਾਂ ਭਾਰਤ ਦੇ ਸਾਰੇ ਹਿੰਦੂ, ਮੁਸਲਮਾਨ, ਸਿੱਖ, ਈਸਾਈ ਅਤੇ ਹੋਰ ਧਾਰਮਿਕ ਫਿਰਕੇ ਬ੍ਰਿਟਿਸ਼ ਹਕੂਮਤ ਤੋਂ ਅਜ਼ਾਦੀ ਪ੍ਰਾਪਤ ਕਰਨ ਲਈ ਇੱਕਠੇ ਹੋ ਗਏ ਅਤੇ ਬਗਾਵਤਾਂ ਵੀ ਕੀਤੀਆਂ। ਸ਼ਹੀਦੇ ਆਜ਼ਮ ਭਗਤ ਸਿੰਘ ਦੇ ਸਾਥੀਆਂ ਦਾ ਕ੍ਰਾਂਤੀਕਾਰੀ ਸੰਗਠਨ ਬਣ ਗਿਆ, ਅਮਰੀਕਾ ਵਿਚ ਭਾਰਤ ਦੀ ਆਜ਼ਾਦੀ ਲਈ ਗਦਰ ਪਾਰਟੀ ਬਣ ਗਈ , ਅਕਾਲੀ ਅਤੇ ਕੂਕੇ ਅਜਾਦੀ ਲਈ ਜੰਗੇ ਮੈਦਾਨ ਵਿਚ ਆ ਗਏ ਅਤੇ ਹੋਰ ਵੀ ਕਈ ਸੰਗਠਨ ਅਜਾਦੀ ਲਈ ਕੁਰਬਾਨੀਆਂ ਦੇਣ ਲਈ ਅੱਗੇ ਆਏ ਅਤੇ ਇਹਨਾਂ ਸਭਨਾਂ ਨੇ ਅਜ਼ਾਦੀ ਲਈ ਕੁਰਬਾਨੀਆਂ ਦਿੱਤੀਆਂ। ਕਾਂਗਰਸ ਦੀ ਅਗਵਾਈ ਵਿੱਚ ਸਾਰੇ ਧਰਮਾਂ ਦੇ ਲੋਕਾਂ ਨੂੰ ਨਾਲ ਲੈ ਕੇ ਅਜ਼ਾਦੀ ਲਈ ਅੰਦੋਲਨ ਸ਼ੁਰੂ ਕੀਤੇ ਗਏ। ਸਾਰੇ ਧਰਮਾਂ ਦੇ ਲੋਕਾਂ ਨੂੰ ਨਾਲ ਲੈ ਕੇ ਚਲਣਾ ਇੱਕ ਧਰਮ ਨਿਰਪੱਖ ਅੰਦੋਲਨ ਸੀ। ਜੇਕਰ ਸਾਰਾ ਦੇਸ਼ ਧਰਮ ਨਿਰਪੱਖਤਾ ਦੇ ਰਾਹ 'ਤੇ ਹੀ ਚਲਦਾ ਰਹਿੰਦਾ ਤਾਂ ਇੱਕ ਦਿਨ ਐਸੀ ਅਜ਼ਾਦੀ ਮਿਲਣੀ ਸੀ ਕਿ ਨਾ ਤਾਂ ਦੇਸ਼ ਦੇ ਟੋਟੇ ਹੋਣੇ ਸਨ, ਨਾ ਕਸ਼ਮੀਰ ਦਾ ਮਸਲਾ ਹੋਣਾ ਸੀ ਅਤੇ ਨਾ ਹੀ ਸਾਨੂੰ ਜਾਂਦੀ ਹੋਈ ਬ੍ਰਿਟਿਸ਼ ਹਕੂਮਤ ਨਾਲ ਕੋਈ ਸਮਝੌਤਾ ਕਰਨਾ ਪੈਣਾ ਸੀ। ਬ੍ਰਿਟਿਸ਼ ਹਕੂਮਤ ਨੇ ਤਾਂ ਜਾਂਦੇ ਹੋਏ ਭਾਰਤ-ਪਾਕਿਸਤਾਨ ਦੀ ਵੰਡ ਦੇ ਨਾਲ ਹੀ ਭਾਰਤ ਦੇ ਹੋਰ ਟੁਕੜੇ ਕਰਨ ਲਈ ਕੁਝ ਰਾਜਿਆਂ ਨੂੰ ਖੁਦਮੁਖਤਿਆਰੀ ਦੇ ਦਿੱਤੀ ਕਿ ਉਹ ਆਪਣੀ ਮਰਜ਼ੀ ਨਾਲ ਅਜ਼ਾਦ ਰਹਿ ਸਕਦੇ ਹਨ ਜਾਂ ਭਾਰਤ ਜਾਂ ਪਾਕਿਸਤਾਨ ਨਾਲ ਮਿਲ ਸਕਦੇ ਹਨ। ਇੱਕ ਪਾਸੇ ਜਵਾਹਰ ਲਾਲ ਨਹਿਰੂ ਅਤੇ ਸਰਦਾਰ ਪਟੇਲ ਅਜ਼ਾਦ ਸਟੇਟਾਂ ਨੂੰ ਭਾਰਤ ਨਾਲ ਜੋੜਨ ਲਈ ਜ਼ੋਰ ਲਗਾ ਰਹੇ ਸਨ, ਦੂਜੇ ਪਾਸੇ ਹਿੰਦੂ ਰਾਸ਼ਟਰ ਵਾਲੇ ਸਾਵਰਕਰ ਅਤੇ ਬਲਰਾਜ ਮਧੋਕ ਟਰਾਵਨਕੋਰ ਅਤੇ ਕਸ਼ਮੀਰ ਦੇ ਹਿੰਦੂ ਰਾਜਿਆਂ ਨੂੰ ਇਸ ਗੱਲ ਲਈ ਰਾਜ਼ੀ ਕਰ ਰਹੇ ਸਨ ਕਿ ਉਹ ਧਰਮ ਨਿਰਪੱਖ ਭਾਰਤ ਨਾਲ ਨਾ ਮਿਲਣ। ਇਸ ਕਾਰਨ ਮਹਾਰਾਜਾ ਕਸ਼ਮੀਰ ਭਾਰਤ ਨਾਲ ਮਿਲਣ ਦੀ ਢਿੱਲਮੱਠ ਵਿਖਾਉਂਦਾ ਰਿਹਾ ਅਤੇ ਕਸ਼ਮੀਰ ਦੇ ਦੋ ਟੁਕੜੇ ਕਰਵਾ ਬੈਠਾ, ਜਿਹੜਾ ਅਜੇ ਤੱਕ ਭਾਰਤ ਲਈ ਸਿਰਦਰਦੀ ਬਣਿਆ ਹੋਇਆ ਹੈ।

ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਜੇਕਰ ਸੋਚ-ਸਮਝ ਕੇ ਅੱਗੇ ਵਧਿਆ ਜਾਵੇ ਤਾਂ ਇੰਡੀਆ ਗਠਬੰਧਨ ਭਾਰਤ ਵਿੱਚੋਂ ਧਰਮ ਅਧਾਰਤ ਰਾਜਨੀਤੀ ਕਰਨ ਵਾਲਿਆਂ ਨੂੰ ਹਰਾ ਕੇ ਭਾਰਤ ਦੀ ਅਖੰਡਤਾ ਨੂੰ ਕਾਇਮ ਰੱਖ ਸਕਦਾ ਹੈ। ਦੁਸ਼ਮਣ ਕੋਲ ਵੀ ਕੋਈ ਚੰਗੀ ਗੱਲ ਜਾਂ ਨੀਤੀ ਹੋਵੇ ਤਾਂ ਲੈ ਲੈਣੀ ਚਾਹੀਦੀ ਹੈ। ਭਾਜਪਾ ਕੋਲ ਆਰ ਐੱਸ ਐੱਸ ਵਰਗੀ ਕੇਂਦਰੀਕ੍ਰਿਤ ਸ਼ਕਤੀ ਹੈ ਅਤੇ ਉਸ ਦੇ ਸਾਰੇ ਕੇਡਰ ਨੂੰ ਇਸ ਸ਼ਕਤੀ 'ਤੇ ਵਿਸ਼ਵਾਸ ਹੈ, ਜਿਸ ਕਾਰਨ ਜਿਹੜਾ ਵੀ ਹੁਕਮ ਹੋਵੇ ਉਸ ਦੀ ਪਾਲਣਾ ਹੁੰਦੀ ਹੈ। ਜਿਸ ਨੂੰ ਕਿਸੇ ਰਾਜ ਵਿਚ ਕੇਂਦਰੀਕ੍ਰਿਤ ਸ਼ਕਤੀ ਰਾਹੀਂ ਭਾਜਪਾ ਮੁੱਖ ਮੰਤਰੀ ਥਾਪ ਦੇਵੇ, ਅੰਤ ਵਿਚ ਉਹੀ ਨਿਰਵਿਰੋਧ ਮੁੱਖ ਮੰਤਰੀ ਹੁੰਦਾ ਹੈ। ਇਥੋਂ ਤੱਕ ਕਿ ਜਦੋਂ ਮੈਂਬਰ ਪਾਰਲੀਮੈਂਟ ਨੂੰ ਹੁਕਮ ਹੁੰਦਾ ਹੈ ਕਿ ਉਹ ਵਿਧਾਇਕ ਦੀ ਚੋਣ ਲੜੇ ਤਾਂ ਕਦੇ ਕੋਈ ਨਹੀਂ ਕਹਿੰਦਾ ਕਿ ਮੈਂ ਉੱਚੇ ਅਹੁਦੇ ਨੂੰ ਤਿਆਗ ਕੇ ਨੀਵੇਂ ਅਹੁਦੇ 'ਤੇ ਕਿਉਂ ਜਾਵਾਂ। ਇੰਡੀਆ ਗਠਬੰਧਨ ਨੂੰ ਇਸ ਤੋਂ ਵੀ ਅੱਗੇ ਵੱਧ ਕੇ ਇੱਕ ਲੋਕਤੰਤਰਿਕ ਕੇਂਦਰੀਕ੍ਰਿਤ ਸ਼ਕਤੀ ਬਣਾਉਣੀ ਚਾਹੀਦੀ ਹੈ। ਕੇਂਦਰੀਕ੍ਰਿਤ ਸਕਤੀ ਅਜਿਹੀ ਹੋਣੀ ਚਾਹੀਦੀ ਹੈ, ਜਿਹੜੀ ਮੈਰਿਟ ਦੇ ਅਧਾਰ 'ਤੇ ਅਤੇ ਲੋਕਤੰਤਰਿਕ ਢੰਗ ਨਾਲ ਚੁਣੇ ਕਿ ਕਿਸ ਥਾਂ 'ਤੇ ਲੋਕ ਸਭਾ ਲਈ ਗਠਬੰਧਨ ਦੇ ਕਿਸ ਯੋਗ ਉਮੀਦਵਾਰ ਨੂੰ ਚੋਣ ਲੜਨ ਲਈ ਕਹਿਣਾ ਹੈ। ਅਗਲੀ ਮੀਟਿੰਗ ਜਾਂ ਅਗਲੀਆਂ ਮੀਟਿੰਗਾਂ ਵਿੱਚ ਇਹ ਪ੍ਰਣ ਕੀਤਾ ਜਾਣਾ ਚਾਹੀਦਾ ਹੈ ਕਿ ਧਰਮਨਿਰਪੱਖਤਾ ਦੇ ਅਸੂਲ 'ਤੇ ਮਨ, ਵਚਨ ਅਤੇ ਕਰਮ ਨਾਲ ਚਲਾਂਗੇ। ਇਸ ਤੋਂ ਇਲਾਵਾ ਇੰਡੀਆ ਗਠਬੰਧਨ ਦਾ ਸਭ ਤੋਂ ਵੱਡਾ ਘਟਕ, ਜਿਹੜੀ ਕਿ ਕਾਂਗਰਸ ਹੈ, ਬਾਕੀ ਸਾਰੇ ਘਟਕਾਂ ਦੇ ਯੋਗ ਵਿਅਕਤੀਆਂ ਦਾ ਨਾ ਕੇਵਲ ਸਤਿਕਾਰ ਕਰੇ, ਬਲਕਿ ਉਹਨਾਂ ਨੂੰ ਯੋਗ ਸਥਾਨ ਵੀ ਦੇਵੇ। 28 ਪਾਰਟੀਆਂ ਦੇ ਇੰਡੀਆ ਗਠਬੰਧਨ ਲਈ ਵੀ ਸੋਚਣ ਦਾ ਇਹੋ ਸਮਾਂ ਹੈ ਕਿ ਇੱਕਠੇ ਹੋ ਕੇ ਸਫਲਤਾ ਹਾਸਲ ਕਰਨੀ ਹੈ ਜਾਂ ਖਿੰਡਪੁੰਡ ਕੇ ਤਬਾਹ ਹੋਣਾ ਹੈ। ਇੰਡੀਆ ਗਠਬੰਧਨ ਜੇਕਰ ਏਕੇ ਅਤੇ ਧਰਮ ਨਿਰਪੱਖਤਾ ਦੇ ਅਸੂਲ 'ਤੇ ਦ੍ਰਿੜ੍ਹਤਾ ਨਾਲ ਕਾਇਮ ਰਹਿੰਦੇ ਹੋਏ ਪਾਰਲੀਮਾਨੀ ਚੋਣ ਲੜਦਾ ਹੈ ਤਾਂ ਇਹ ਜ਼ਰੂਰ ਭਗਵਾਂ ਮੰਡਲੀ ਨੂੰ ਭਾਂਜ ਦੇਵੇਗਾ।

# ਸੰਪਰਕ: 94176-32228

# ਚੋਣ ਨਤੀਜੇ ਹੋ ਸਕਦੇ ਹਨ ਵਰਦਾਨ



ਡਾ. ਅਰੁਣ ਮਿੱਤਰਾ

ਹੁਣੇ-ਹੁਣੇ ਹੋਏ ਵਿਧਾਨ ਸਭਾ ਦੇ ਚੋਣ ਨਤੀਜੇ ਭਾਵੇਂ ਕੁਝ ਲੋਕਾਂ ਨੂੰ ਮਾਯੂਸ ਕਰਨ, ਪਰ ਮੈਂ ਸਮਝਦਾ ਕਿ ਅਜੋਕੇ ਸਮੇਂ ਜਦੋਂ ਕਿ ਸੰਸਦ ਦੀਆਂ ਚੋਣਾਂ ਨੇੜੇ ਹੀ ਹਨ, ਇਸ ਕਿਸਮ ਦੇ ਨਤੀਜੇ ਇੰਡੀਆ ਅਲਾਇੰਸ ਲਈ ਵਰਦਾਨ ਸਾਬਿਤ ਹੋ ਸਕਦੇ ਹਨ। ਜੇ ਵੋਟਾਂ ਦੀ ਗਿਣਤੀ-ਮਿਣਤੀ ਦੇਖੀਏ ਤਾਂ ਕਾਂਗਰਸ ਪਾਰਟੀ ਜੋ ਕਿ ਪ੍ਰਮੁੱਖ ਵਿਰੋਧੀ ਦਲ ਹੈ, ਦੀਆਂ ਕੁੱਲ ਮਿਲਾ ਕੇ ਚਾਰੋਂ ਸਟੇਟਾਂ ਦੀਆਂ ਵੋਟਾਂ ਜੇ ਆਪਾਂ ਮਿਲਾ ਲਈਏ ਤਾਂ ਬੀ ਜੇ ਪੀ ਨਾਲੋਂ ਵੱਧ ਹਨ। ਇਸ ਦਾ ਮਤਲਬ ਹੈ ਕਿ ਜ਼ਿਆਦਾਤਰ ਵੋਟਰ ਭਾਜਪਾ ਦੇ ਵਿਰੁੱਧ ਹੈ। ਇਹ ਉਦੋਂ ਹੈ ਜਦੋਂ ਕਿ ਭਾਜਪਾ ਨੇ ਹਰ ਹੀਲੇ ਵਰਤੇ, ਈ ਵੀ ਐੱਮ ਦੀ ਵਰਤੋਂ ਵੀ ਕੀਤੀ, ਝੂਠ ਦਾ ਪ੍ਰਚਾਰ ਵੀ ਕੀਤਾ, ਜ਼ਹਿਰ ਵੀ ਉਗਲਿਆ, ਲੋਕਾਂ 'ਤੇ ਦਬਾਅ ਵੀ ਪਾਇਆ ਅਤੇ ਫਿਰਕੂ ਨਾਅਰੇ ਦੇ ਕੇ ਵੰਡੀਆਂ ਪਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਇਸ ਹੋਛੇ ਪ੍ਰਚਾਰ ਦੇ ਬਾਵਜੂਦ ਲੋਕਾਂ ਨੇ ਭਾਜਪਾ ਨੂੰ ਵੋਟਾਂ ਘੱਟ ਦਿੱਤੀਆਂ, ਪਰ ਸਾਡਾ ਜੋ ਚੋਣ ਦਾ ਸਾਰਾ ਸਿਸਟਮ ਹੈ, ਇਸ ਕਿਸਮ ਦਾ ਹੈ ਕਿ ਉਹ ਸੀਟਾਂ ਵਧੇਰੇ ਲੈ ਗਏ।

ਇਸ ਦੇ ਹੋਰ ਵੀ ਕਾਰਨ ਹਨ ਕਿ ਕਾਂਗਰਸ ਤੇ ਹੋਰ ਵਿਰੋਧੀ ਦਲਾਂ ਨੂੰ ਖੁਸ਼ਫਹਿਮੀ ਹੋ ਗਈ, ਵਿਸ਼ੇਸ਼ ਕਰ ਕਾਂਗਰਸ ਨੂੰ ਕਿ ਅਸੀਂ ਤੇ ਜਿੱਤੇ ਹੀ ਪਏ ਹਾਂ, ਕਿਉਂਕਿ ਮੀਡੀਆ ਦੀਆਂ ਰਿਪੋਰਟਾਂ ਇਸ ਕਿਸਮ ਦੀਆਂ ਆ ਰਹੀਆਂ ਸਨ ਕਿ ਭਾਜਪਾ ਹਾਰ ਰਹੀ ਹੈ। ਇਸ ਨੇ ਕਾਂਗਰਸ ਨੂੰ ਆਪਣਾ ਪ੍ਰਚਾਰ ਅਭਿਆਨ ਚਲਾਉਣ ਵਿੱਚ ਥੋੜ੍ਹਾ ਕਮਜ਼ੋਰ ਵੀ ਕੀਤਾ ਤੇ ਦੂਸਰੇ ਦਲਾਂ ਨਾਲ ਗੱਠਜੋੜ ਬਣਾਉਣ ਵਿੱਚ ਵੀ ਕਾਂਗਰਸ ਨੇ ਤਤਪਰਤਾ ਨਹੀਂ ਦਿਖਾਈ। ਕਮਲਨਾਥ ਨੇ ਅਖਿਲੇਸ਼ ਬਾਰੇ ਜਿਹੜਾ ਬਿਆਨ ਦਿੱਤਾ, ਉਹ ਕੋਈ ਚੰਗੀ ਗੱਲ ਨਹੀਂ ਸੀ। ਰਾਜਸਥਾਨ ਵਿੱਚ ਤਾਂ ਆਪਸੀ ਖਿੱਚੋਤਾਣ ਨੇ ਵੀ ਬਹੁਤ ਨੁਕਸਾਨ ਕੀਤਾ। ਭਾਜਪਾ ਦੀ ਰਣਨੀਤੀ ਹੈ ਕਿ ਚੋਣਾਂ ਤੋਂ ਪਹਿਲਾਂ ਵੱਧ ਤੋਂ ਵੱਧ ਪਾਰਟੀਆਂ ਨਾਲ ਅਲਾਇੰਸ ਕਰੋ, ਪਰ ਭਾਜਪਾ ਕਿਉਂਕਿ ਇੱਕ ਫਾਸ਼ੀਵਾਦੀ ਤਾਕਤ ਹੈ, ਬਾਅਦ ਵਿੱਚ ਉਹਨਾਂ ਸਹਿਯੋਗੀਆਂ ਨੂੰ ਖੁੱਡੇ ਲਾਉਣ ਦੇ ਵਿੱਚ ਮਾਹਿਰ ਹੈ। ਕਾਂਗਰਸ ਪਾਰਟੀ ਦੇ ਜ਼ਿਆਦਾਤਰ ਆਗੂ ਸੱਤਾ ਭੋਗੀ ਹੋ ਗਏ ਹਨ ਤੇ ਉਹ ਕਾਂਗਰਸ ਦੀਆਂ ਮੰਨੀਆਂ ਪ੍ਰਮੰਨੀਆਂ ਨੀਤੀਆਂ ਜੋ ਕਿ ਕਾਂਗਰਸ ਨੇ ਆਜ਼ਾਦੀ ਦੇ ਸੰਘਰਸ਼ ਦੌਰਾਨ ਅਪਨਾਈਆਂ ਨੂੰ ਤੱਜ ਦਿੱਤਾ ਹੈ। ਦੇਖਿਆ ਜਾਏ ਤਾਂ ਵਿਚਾਰਧਾਰਕ ਲੜਾਈ ਰਾਹੁਲ ਗਾਂਧੀ ਅਤੇ ਕੁਝ ਹੋਰ ਲੀਡਰਾਂ ਨੇ ਕੀਤੀ, ਪਰ ਥਲੜੇ ਪੱਧਰ ਦੇ ਇਹਨਾਂ ਦੇ ਲੀਡਰ ਵਿਚਾਰਧਾਰਾ ਦੇਣ ਦੇ ਵਿੱਚ ਬਿਲਕੁਲ ਹੀ ਅਸਫਲ ਰਹੇ। ਕਮਲਨਾਥ ਅਤੇ ਬਘੇਲ ਨੇ ਤਾਂ ਗਊਸ਼ਾਲਾਵਾਂ ਬਣਾਉਣ ਦੀਆਂ ਗੱਲਾਂ ਕੀਤੀਆਂ। ਜਦੋਂ ਇਸ ਕਿਸਮ ਦੀਆਂ ਗੱਲਾਂ ਕਰਨਗੇ ਤਾਂ ਫਿਰ ਲੋਕ ਕਮਲੇ ਨਹੀਂ ਹਨ ਕਿ ਇਹਨਾਂ ਨੂੰ ਵੋਟਾਂ ਪਾਉਣ, ਉਹ ਕਿਉਂ ਨਾ ਭਾਜਪਾ ਨੂੰ ਵੋਟਾਂ ਪਾਉਣਗੇ, ਜਿਸ 'ਤੇ ਕਿ ਉਹਨਾਂ ਨੂੰ ਇਸ ਕੰਮ ਲਈ ਪੂਰਾ ਵਿਸ਼ਵਾਸ ਹੈ।

ਪਰ ਇਸ ਗੱਲ ਨੇ ਇਹ ਸਾਬਿਤ ਕਰ ਦਿੱਤਾ ਕਿ ਵੱਡੀ ਗਿਣਤੀ ਵਿੱਚ ਹਿੰਦੂ ਹਾਲੇ ਵੀ ਬੀ ਜੇ ਪੀ ਦੀਆਂ ਫਿਰਕੂ ਗੱਲਾਂ ਵਿੱਚ ਨਹੀਂ ਆਏ। ਇਹ ਗੱਲ ਜ਼ਰੂਰ ਚਿੰਤਾ ਦੀ ਹੈ ਕਿ ਦਲਿਤਾਂ ਵਿੱਚ ਭਾਜਪਾ ਨੇ ਆਪਣੇ ਪੈਰ ਪਸਾਰੇ ਹਨ।

ਹੁਣ ਸਮਾਂ ਸਾਰੇ ਹਾਲਾਤ ਨੂੰ ਮੁੜ ਮੁਲਾਂਕਣ ਦਾ ਹੈ। ਇੰਡੀਆ ਗਰੁੱਪ ਨੂੰ ਛੇਤੀ ਤੋਂ ਛੇਤੀ ਫੈਸਲੇ ਕਰਕੇ ਚੋਣਾਂ ਵਿੱਚ ਏਕਤਾ ਮਜ਼ਬੂਤ ਕਰਨ ਲਈ ਸਭ ਨੂੰ ਤਿਆਰ ਕਰਨਾ ਚਾਹੀਦਾ ਹੈ। ਇਸ ਦੇ ਲਈ ਵੱਡੀ ਪਾਰਟੀ ਕਾਂਗਰਸ ਦੀ ਜ਼ਿੰਮੇਵਾਰੀ ਵੱਧ ਬਣਦੀ ਹੈ। ਇੱਕ ਘੱਟੋ-ਘੱਟ ਸਾਂਝਾ ਪ੍ਰੋਗਰਾਮ ਬਣਾ ਕੇ ਇੰਡੀਆ ਗਰੁੱਪ ਨੂੰ ਅੱਗੇ ਲਿਆਉਣਾ ਚਾਹੀਦਾ ਹੈ। ਸੀਟਾਂ ਦੀ ਐਡਜਸਟਮੈਂਟ ਬਾਰੇ ਹੁਣੇ ਹੀ ਗੱਲ ਕਰਨੀ ਚਾਹੀਦੀ ਹੈ। ਕਾਂਗਰਸ ਨੂੰ ਛੋਟੀਆਂ ਪਾਰਟੀਆਂ ਨੂੰ ਖੁਲ੍ਹਦਿਲੀ ਨਾਲ ਐਡਜਸਟ ਕਰਨਾ ਚਾਹੀਦਾ ਹੈ, ਨਹੀਂ ਤਾਂ ਸਮਾਂ ਵਿਹਾਣ ਤੋਂ ਬਾਅਦ ਜੋ ਰੂਪ ਭਾਜਪਾ ਅਖਤਿਆਰ ਕਰੇਗੀ, ਉਹ ਕੋਈ ਦੱਸਣ ਦੀ ਲੋੜ ਨਹੀਂ।

ਇਹ ਸਮਾਂ ਗੰਭੀਰ ਵਿਚਾਰਧਾਰਕ ਸੰਘਰਸ਼ ਦਾ ਹੈ। ਇੱਕ ਪਾਸੇ ਨਿਰੀ-ਪੁਰੀ ਕਾਰਪੋਰੇਟ ਪੱਖੀ ਫਾਸ਼ੀਵਾਦੀ ਆਰ ਐੱਸ ਐੱਸ ਹੈ ਤੇ ਦੂਜੇ ਪਾਸੇ ਪ੍ਰਗਤੀਸ਼ੀਲ ਅਤੇ ਉਦਾਰਵਾਦੀ ਪਾਰਟੀਆਂ। ਅੱਜ ਮੁੱਖ ਲੜਾਈ ਫਾਸ਼ੀਵਾਦ ਨੂੰ ਹਾਰ ਦੇਣ ਦੀ ਹੈ, ਇਸ ਲਈ ਉਦਾਰਵਾਦੀ ਅਤੇ ਪ੍ਰਗਤੀਸ਼ੀਲ ਖੱਬੇ ਪੱਖੀ ਪਾਰਟੀਆਂ ਦਾ ਚੋਣਾਂ ਵਿੱਚ ਏਕਾ ਅਤੀ ਜ਼ਰੂਰੀ ਹੈ, ਕਿਉਂਕਿ ਭਾਜਪਾ ਨੂੰ ਬਦਲਿਆ ਤਾਂ ਚੋਣਾਂ ਵਿੱਚ ਹੀ ਜਾ ਸਕਦਾ ਹੈ । ਖੱਬੇ ਪੱਖੀ ਸ਼ਕਤੀਆਂ ਅੱਜ ਬਹੁਤ ਸੀਮਤ ਖੇਤਰ ਵਿਚ ਹਨ ਤੇ ਕਮਜ਼ੋਰ ਹਨ, ਪਰ ਫੇਰ ਵੀ ਵਿਚਾਰਧਾਰਕ ਸੰਘਰਸ਼ ਅਤੇ ਦਿਸ਼ਾ ਦੇਣ ਦੀ ਸਮਰੱਥਾ ਰੱਖਦੀਆਂ ਹਨ। ਇਹ ਬਹੁਤ ਵੱਡੀ ਚੁਣੌਤੀ ਹੈ, ਜਿਸ ਨੂੰ ਕਿ ਖੱਬੀ ਧਿਰ ਨੂੰ ਹਰ ਪੱਖੋਂ ਅੰਜ਼ਾਮ ਦੇਣ ਲਈ ਅੱਗੇ ਆਉਣਾ ਪਏਗਾ।

# ਸੰਪਰਕ : 94170-00360

# ਧੁੰਦ ਦੌਰਾਨ ਵਾਹਨ ਚਲਾਉਂਦੇ ਸਮੇਂ ਚੌਕੰਨੇ ਰਹੋ

**ਗੋਬਿੰਦਰ ਸਿੰਘ ਢੀਂਡਸਾ**

ਸਰਦੀਆਂ ਦੀ ਆਮਦ ਨਾਲ ਹੀ ਧੁੰਦ ਨੇ ਵੀ ਦਸਤਕ ਦੇ ਦਿੱਤੀ ਹੈ। ਅਖ਼ਬਾਰਾਂ ਅਤੇ ਚੈੱਨਲਾਂ ਉੱਪਰ ਰੋਜ਼ਾਨਾਂ ਹੀ ਸੜਕੀ ਹਾਦਸੇ ਖ਼ਬਰਾਂ ਦੀਆਂ ਸੁਰਖੀਆਂ ਬਣਦੇ ਹਨ ਅਤੇ ਕਿਸੇ ਨਾ ਕਿਸੇ ਘਰ ਸੱਥਰ ਵਿਛਾ ਛੱਡਦੇ ਹਨ। ਸਾਲ 2022 ਵਿੱਚ ਭਾਰਤ ਵਿੱਚ ਕੁੱਲ 4,61,312 ਸੜਕ ਹਾਦਸੇ ਹੋਏ, ਜਿਨ੍ਹਾਂ ਵਿੱਚ 1,68,491 ਲੋਕਾਂ ਦੀ ਜਾਨ ਚਲੀ ਗਈ ਅਤੇ ਕੁੱਲ 4,43,366 ਲੋਕ ਜਖਮੀ ਹੋਏ। ਪਿਛਲੇ ਸਾਲਾਂ ਦੇ ਮੁਕਾਬਲੇ ਹਾਦਸਿਆਂ ਵਿੱਚ 11.9 ਫੀਸਦੀ, ਮੌਤਾਂ ਵਿੱਚ 9.4 ਫੀਸਦੀ ਅਤੇ ਜਖਮੀਆਂ ਦੀ ਗਿਣਤੀ ਵਿੱਚ 15.3 ਫੀਸਦੀ ਵਾਧਾ ਹੋਇਆ ਹੈ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨ.ਸੀ.ਆਰ.ਬੀ.) ਦੀ ਤਾਜਾ ਰਿਪੋਰਟ ਅਨੁਸਾਰ 2021 ਅਤੇ 2022 ਵਿੱਚ ਪੰਜਾਬ ਵਿੱਚ ਸੜਕ ਹਾਦਸਿਆਂ ਵਿੱਚ ਸੱਟਾਂ ਨਾਲੋਂ ਵੱਧ ਮੌਤਾਂ ਹੋਈਆਂ। ਸਾਲ 2022 ਵਿੱਚ ਦੁਰਘਟਨਾ ਪੀੜਤਾਂ ਵਿੱਚੋਂ 66.5 ਫੀਸਦੀ 18 ਤੋਂ 45 ਸਾਲ ਦੀ ਉਮਰ ਦੇ ਨੌਜਵਾਨ ਸਨ । ਪੰਜਾਬ ਵਿੱਚ 2022 ਵਿੱਚ, 6,122 ਸੜਕ ਹਾਦਸਿਆਂ ਵਿੱਚ 4,688 ਮੌਤਾਂ ਅਤੇ 3,372 ਜਖਮੀ ਹੋਏ। ਪਿਛਲੇ ਸਾਲ 6,097 ਸੜਕ ਹਾਦਸਿਆਂ ਵਿੱਚ 4,516 ਮੌਤਾਂ ਅਤੇ 3,034 ਜਖਮੀ ਹੋਏ ਸਨ। ਸੜਕ ਹਾਦਸਿਆਂ ਤੋਂ ਬਚਾਅ ਅਤੇ ਆਵਾਜਾਈ ਨੂੰ ਸੁਚਾਰੂ ਰੂਪ ਵਿੱਚ ਬਣਾਈ ਰੱਖਣ ਲਈ ਯਾਤਾਯਾਤ ਦੇ ਨਿਯਮ ਬਣਾਏ ਗਏ ਹਨ। ਇਹ ਨਿਯਮ ਹਰ ਵਿਅਕਤੀ ਦੁਆਰਾ ਪਾਲਣਾ ਕਰਨ ਲਈ ਹੁੰਦੇ ਹਨ ਜੋ ਸੜਕਾਂ ਤੇ ਚਲਦੇ ਹਨ ਅਤੇ ਟ੍ਰੈਫਿਕ ਦਾ ਹਿੱਸਾ ਬਣਦੇ ਹਨ। ਸੜਕੀ ਹਾਦਸਿਆਂ ਪਿੱਛੇ ਜ਼ਿਆਦਾਤਰ ਸਿੱਧੇ ਤੌਰ 'ਤੇ ਲੋਕਾਂ ਦੀ ਯਾਤਾਯਾਤ ਨਿਯਮਾਂ ਸੰਬੰਧੀ ਵਰਤੀ ਜਾਂਦੀ ਅਣਗਹਿਲੀ ਅਤੇ ਪ੍ਰਸ਼ਾਸਨ ਦੀ ਦਿੱਤੀ ਜਾਂਦੀ ਢਿੱਲ ਜ਼ਿੰਮੇਵਾਰ ਹੈ। ਲੋਕਾਂ ਨੂੰ ਦੋ-ਪਹੀਆ ਵਾਹਨਾਂ ਨੂੰ ਬਿਨਾਂ ਹੈਲਮੈੱਟ ਚਲਾਉਂਦੇ ਆਮ ਵੇਖਿਆ ਜਾਂਦਾ ਹੈ। ਮੌਜੂਦਾ ਸਮੇਂ ਧੁੰਦ ਕਾਰਨ ਵਿਜ਼ੀਵਿਲਿਟੀ ਉਂਝ ਹੀ ਘੱਟ ਹੋ ਜਾਂਦੀ ਹੈ ਸੋ ਆਵਾਜਾਈ ਦੇ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਤਾਂ ਜੋ ਸੁਰੱਖਿਅਤ ਸਫਰ ਕੀਤਾ ਜਾ ਸਕੇ। ਜ਼ਰੂਰਤ ਅਨੁਸਾਰ ਹੀ ਨਿੱਜੀ ਵਾਹਨ ਦੀ ਵਰਤੋਂ ਕਰਨੀ ਚਾਹੀਦੀ ਹੈ। ਜੇਕਰ ਸੰਭਵ ਹੋਵੇ ਤਾਂ ਸਫ਼ਰ ਲਈ ਜਨਤਕ ਆਵਾਜਾਈ ਦੇ ਸਾਧਨਾਂ ਨੂੰ ਪਹਿਲ ਦੇਣ ਦੀ ਕੋਸ਼ਿਸ਼ ਕੀਤੀ ਜਾਵੇ। ਕਦੇ ਵੀ ਤੇਜ਼ ਰਫ਼ਤਾਰ ਜਾਂ ਨਸ਼ਾ ਆਦਿ ਕਰਕੇ ਕੋਈ ਵਾਹਨ ਨਹੀਂ ਚਲਾਉਣਾ ਚਾਹੀਦਾ। ਯਾਤਾਯਾਤ ਦੇ ਹੋਰ ਨਿਯਮਾਂ ਦੇ ਨਾਲ ਨਾਲ ਹਾਰਨਾਂ ਦੀ ਢੁੱਕਵੀਂ ਵਰਤੋਂ, ਗੱਡੀਆਂ ਵਿੱਚ ਸੀਟ ਬੈਲਟਾਂ ਦੀ ਵਰਤੋਂ, ਚੌਕਾਂ ਵਿੱਚ ਲੱਗੀਆਂ ਬੱਤੀਆਂ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਪੈਦਲ ਚਲਦੇ ਸਮੇਂ ਜੈਬਰਾ ਕਰਾਸਿੰਗ ਤੋਂ ਮੁੱਖ ਸੜਕਾਂ ਨੂੰ ਪਾਰ ਕਰਨਾ ਚਾਹੀਦਾ ਹੈ।

ਸਰਦੀਆਂ ਦੇ ਮੌਸਮ ਵਿੱਚ ਵੱਖੋ ਵੱਖਰੇ ਸਮਾਗਮ ਚੱਲਦਿਆਂ ਸੜਕਾਂ ਤੇ ਚਾਹ ਆਦਿ ਦਾ ਲੰਗਰ ਲਾਉਣਾ ਆਮ ਗੱਲ ਹੈ ਪਰੰਤੂ ਇੱਥੇ ਜ਼ਰੂਰੀ ਹੈ ਕਿ ਮੁੱਖ ਸੜਕ ਤੋਂ ਥੋੜ੍ਹਾ ਪਿੱਛੇ ਹਟ ਲੰਗਰ ਲਾਇਆ ਜਾਵੇ ਅਤੇ ਲੋਕਾਂ ਨੂੰ ਰੋਕਣ ਲਈ ਜੋ ਮਿੱਟੀ ਦੇ ਉੱਚੇ ਉੱਚੇ ਬੰਨ੍ਹਨੁਮਾ ਹੰਪ ਬਣਾਏ ਜਾਂਦੇ ਹਨ ਉਨ੍ਹਾਂ ਤੋਂ ਪਰਹੇਜ਼ ਕੀਤਾ ਜਾਵੇ । ਸੜਕੀ ਨਿਯਮਾਂ ਦੀ ਪਾਲਣਾ ਦੂਜਿਆਂ ਦੇ ਨਾਲ ਨਾਲ ਸਾਡੀ ਆਪਣੀ ਜਾਨ ਦੀ ਸੁਰੱਖਿਆ ਲਈ ਜ਼ਰੂਰੀ ਹੈ। ਸੜਕੀ ਨਿਯਮਾਂ ਨੂੰ ਅਣਗੌਲਿਆਂ ਕਰਨ 'ਤੇ ਆਪਣੀ ਜਾਨ ਦੇ ਨਾਲ ਨਾਲ ਦੂਜੇ ਵਿਅਕਤੀਆਂ ਲਈ ਵੀ ਅਸੀਂ ਖਤਰਾ ਬਣ ਜਾਂਦੇ ਹਾਂ। ਆਦਰਸ਼ ਨਾਗਰਿਕ ਲਈ ਜ਼ਰੂਰੀ ਹੈ ਕਿ ਉਹ ਸੜਕੀ ਨਿਯਮਾਂ ਪ੍ਰਤੀ ਸੁਚੇਤ ਰਹੇ ਅਤੇ ਪਾਲਣਾ ਯਕੀਨੀ ਬਣਾਏ।

ਧੁੰਦ ਵਿੱਚ ਡ੍ਰਾਈਵਿੰਗ ਕਰਦਿਆਂ ਵਾਹਨ ਤੋਂ ਵਾਹਨ ਦਾ ਫਾਸਲਾ ਜ਼ਰੂਰ ਰੱਖਿਆ ਜਾਣਾ ਜ਼ਰੂਰੀ ਹੈ ਅਤੇ ਓਵਰਟੇਕ ਕਰਨ ਲੱਗਿਆਂ ਅੱਗੇ ਪਿੱਛੇ ਧਿਆਨ ਜ਼ਰੂਰ ਰੱਖਿਆ ਜਾਵੇ। ਡ੍ਰਾਈਵਿੰਗ ਦੌਰਾਨ ਮੋਬਾਇਲ ਦੀ ਵਰਤੋਂ ਨਾ ਕਰੋ, ਧੁੰਦ ਵਿੱਚ ਕਦੀ ਵੀ ਸੜਕ ਦੇ ਵਿਚਕਾਰ ਵਹੀਕਲ ਨਾ ਰੋਕੋ। ਜਦੋਂ ਵਹੀਕਲ ਰੋਕਣਾ ਹੋਵੇ ਤਾਂ ਇੰਡੀਕੇਟਰ ਜਾਰੀ ਰੱਖੋ ਤੇ ਵਹੀਕਲ ਨੂੰ ਸੜਕ ਤੋਂ ਸਾਇਡ 'ਤੇ ਹੀ ਰੋਕੋ ਅਤੇ ਵਹੀਕਲ ਚਲਾਉਂਦੇ ਸਮੇਂ ਲਾਇਟਾਂ ਚਲਾ ਕੇ ਰੱਖੋ। ਵਾਹਨਾਂ ਤੇ ਰਿਫਲੈਕਟਰ ਜ਼ਰੂਰ ਲਗਾਉਣੇ ਚਾਹੀਦੇ ਹਨ ਤਾਂ ਜੋ ਧੁੰਦ ਅਤੇ ਰਾਤ ਸਮੇਂ ਸੜਕ 'ਤੇ ਚਲਦੇ ਵਾਹਨ ਦਾ ਪਤਾ ਲੱਗ ਸਕੇ। ਵਾਹਨ ਚਲਾਉਂਦੇ ਸਮੇਂ ਟਰੈਫਿਕ ਨਿਯਮਾਂ ਦੀ ਕੀਤੀ ਪਾਲਣਾ ਨਾਲ ਸੜਕੀ ਹਾਦਸਿਆਂ ਨੂੰ ਬਹੁਤ ਹੱਦ ਤੱਕ ਠੱਲ੍ਹ ਪਾਈ ਜਾ ਸਕਦੀ ਹੈ।

# ਸੰਪਰਕ : 92560-66000

# ਮਰਦਾਨਗੀ ਅਤੇ ਪ੍ਰਧਾਨਗੀ ਨੂੰ ਸੀਮਤ ਕਰਨਾ ਜ਼ਰੂਰੀ

**ਸੁਖਪਾਲ ਸਿੰਘ ਗਿੱਲ**

ਦੁਨੀਆ ਦੇ ਵੱਖ-ਵੱਖ ਖਿੱਤਿਆਂ, ਸੱਭਿਆਚਾਰਾਂ ਅਤੇ ਧਰਮਾਂ ਦੇ ਆਧਾਰ 'ਤੇ ਮਰਦ-ਔਰਤ ਵਿੱਚ ਫਰਕ ਜ਼ਰੂਰ ਪਾਏ ਜਾਂਦੇ ਹਨ। ਮਰਦ ਦੀ ਮਰਦਾਨਗੀ ਅਤੇ ਪ੍ਰਧਾਨਗੀ ਦੇ ਲੱਛਣ ਵੀ ਸਭ ਪਾਸੇ ਮੇਲ ਖਾਂਦੇ ਹਨ। ਸਮਾਜ ਦੇ ਸਿੱਕੇ ਦੇ ਦੋ ਪਹਿਲੂ ਮਰਦ ਅਤੇ ਔਰਤ ਹਨ, ਪਰ ਜੀਵ ਵਿਗਿਆਨਕ ਤੌਰ 'ਤੇ ਭਿੰਨਤਾ ਜ਼ਰੂਰ ਪਾਈ ਜਾਂਦੀ ਹੈ। ਮਰਦ ਸ਼ਬਦ ਸੁਣਦੇ ਹੀ ਇਕ ਵੱਖਰੀ ਕਿਸਮ ਦੀ ਤਸਵੀਰ ਉੱਭਰਦੀ ਹੈ। ਇਹ ਤਸਵੀਰ ਉਂਝ ਤਾਂ ਆਲਮੀ ਪੱਧਰ 'ਤੇ ਹੈ, ਪਰ ਸਾਡੇ ਦੇਸ਼ ਵਿੱਚ ਕੁੱਝ ਜ਼ਿਆਦਾ ਹੀ ਮਰਦ ਦੀ ਪ੍ਰਧਾਨਗੀ ਹੋਣ ਕਰਕੇ ਮਰਦ ਪ੍ਰਧਾਨ ਸਮਾਜ ਦਾ ਤਬਸਰਾ ਹੁੰਦਾ ਰਹਿੰਦਾ ਹੈ। ਮਰਦ ਦੀ ਭਾਵਨਾ ਦਾ ਵਿਕਾਸ ਕਿਸੇ ਨਿਯਮ ਨਹੀਂ, ਬਲਕਿ ਸਾਡੀ ਸੋਚ ਵਿੱਚ ਹੁੰਦਾ ਹੈ। ਮਰਦ ਆਪਣੀ ਸੋਚ, ਉਮੰਗ, ਇੱਛਾ ਅਤੇ ਹਵਸ ਕਾਰਨ ਔਰਤ 'ਤੇ ਹਾਵੀ ਹੋਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਹਾਵੀ ਹੁੰਦਾ ਵੀ ਹੈ। ਮਰਦ ਦੀ ਸੋਚ ਉਸ ਦੀ ਇੱਛਾ ਵਿੱਚੋਂ ਸਭ ਕੁੱਝ ਪ੍ਰਾਪਤ ਕਰਨ ਵਾਲੀ ਹੁੰਦੀ ਹੈ। ਮਰਦ ਦੀ ਪ੍ਰਧਾਨਤਾ ਘਰ ਅਤੇ ਸਮਾਜ ਵਿੱਚ ਇੱਕੋ ਜਿਹੀ ਲੱਗਦੀ ਹੈ, ਜਦਕਿ ਮਰਦ ਮਰਦਾਨਗੀ ਦਾ ਸਬੂਤ ਸਮਾਜ ਵਿੱਚ ਵੀ ਓਹਲੇ ਚੋਰੀ ਦੇਣ ਦੀ ਕੋਸ਼ਿਸ਼ ਵਿੱਚ ਰਹਿੰਦਾ ਹੈ। ਚੰਗਾ ਮਰਦ ਉਹੀ ਕਹਾਉਂਦਾ ਹੈ, ਜੋ ਔਰਤ ਦਾ ਸਾਰਥਿਕ ਸਹਿਯੋਗੀ ਬਣ ਕੇ ਲਿੰਗ ਸਮਾਨਤਾ ਦਾ ਸਤਿਕਾਰ ਕਰੇ। ਮਰਦਾਂ ਤਾਕਤਵਰ ਅਤੇ ਔਰਤ ਕਮਜ਼ੋਰ ਦਾ ਫਾਨਾ ਕੱਢਣਾ ਵੀ ਬੇਹੱਦ ਮੁਸ਼ਕਿਲ ਹੋਇਆ ਪਿਆ ਹੈ।

ਪਿਛਲੇ ਸਮੇਂ ਤੋਂ ਮਰਦ ਪ੍ਰਧਾਨਤਾ ਅਤੇ ਮਰਦਾਨਤਾ ਦੀ ਸੋਚ ਕਾਨੂੰਨੀ ਦਾਇਰਿਆਂ ਕਰਕੇ ਮਜਬੂਰੀ ਵੱਸ ਬਦਲੀ ਤਾਂ ਹੈ, ਪਰ ਮੰਜ਼ਲ ਹਾਸਲ ਕਰਨ ਤੋਂ ਕੋਹਾਂ ਦੂਰ ਹੈ। ਸਮਾਜ ਦੇ ਸ਼ੀਸ਼ੇ ਵਿੱਚੋਂ ਵੀ ਸਾਨੂੰ ਮਰਦ ਪ੍ਰਧਾਨਤਾ ਦਾ ਸਬਕ ਹੀ ਮਿਲਦਾ ਹੈ। ਆਰਥਿਕ ਫੈਸਲੇ ਅੱਜ ਵੀ ਮਰਦ ਕੋਲ ਭਾਰੂ ਰਹਿੰਦੇ ਹਨ। ਔਰਤ ਫੈਸਲੇ ਲੈ ਲਵੇ ਤਾਂ ਉਸ ਉੱਤੇ ਬੇਹੂਦੇ ਦੋਸ਼ ਲਗਾਉਣਾ ਮਰਦ ਆਪਣੀ ਖੂਬੀ ਸਮਝਦਾ ਹੈ। ਹਾਂ ਇੱਕ ਗੱਲ ਜ਼ਰੂਰ ਹੈ ਕਿ ਸਮਾਜਿਕ ਵਿਕਾਸ ਦੇ ਨਾਲ ਔਰਤਾਂ ਦੀ ਭਾਗੀਦਾਰੀ ਸ਼ੁਰੂ ਹੋਈ ਹੈ। ਰਾਜਨੀਤਕ ਖੇਤਰ ਵਿੱਚ ਔਰਤਾਂ ਦੀ ਭਾਗੀਦਾਰੀ ਇਕ ਸੁਨਹਿਰੀ ਪੰਨਾ ਹੈ। ਇਸ ਪਿੱਛੇ ਵੀ ਅੱਜ ਮਰਦ ਆਪਣੀ ਪ੍ਰਧਾਨਗੀ ਦੀ ਖਵਾਹਿਸ਼ੀ ਰੱਖਦਾ ਹੈ। ਜੇ ਧਰਤੀ ਹੈ ਤਾਂ ਹੀ ਆਕਾਸ਼ ਹੈ, ਇਸੇ ਤਰਜ਼ 'ਤੇ ਜੇ ਔਰਤ ਹੈ ਤਾਂ ਹੀ ਮਰਦ ਹੈ। ਇਹ ਵਿਸ਼ਾ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਖਰ 'ਤੇ ਪਹੁੰਚਾ ਕੇ ਔਰਤ ਭਲਾਈ ਦੀ ਬੁਨਿਆਦ ਬੰਨ੍ਹੀ ਸੀ:-

*"ਭੰਡਿ ਜੰਮੀਐ ਭੰਡਿ ਨਿੰਮੀਐ, ਭੰਡਿ ਮੰਗਣ*
*ਵੀਆਹੁ, ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ*
*ਭੰਡੁ ਮੁਆ ਭੰਡੁ ਭਾਲੀਐ, ਭੰਡਿ ਹੋਵੈ ਬੰਧਾਨੁ*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥"*

ਸਾਡੇ ਸਮਾਜ ਨੇ ਮਰਦ ਨੂੰ ਪ੍ਰਧਾਨਗੀ ਲਈ ਹੱਲਾਸ਼ੇਰੀ ਦਿੱਤੀ, ਪਰ ਸਮਾਜ ਨੇ ਮਰਦਾਨਗੀ ਤੋਂ ਪਾਸਾ ਵੱਟਿਆ। ਮਰਦ ਵੱਲੋਂ ਸਾਰੇ ਅੰਤਿਮ ਫੈਸਲੇ ਲੈਣ ਦੀ ਰੀਤ ਵੀ ਸਮਾਜ ਨੇ ਚਲਾਈ, ਜੋ ਅੱਜ ਵੀ ਚੱਲਦੀ ਹੈ। "ਮਰਦ ਬਣ ਮਰਦ, ਓਏ ਤੈਂ ਚੂੜੀਆਂ ਪਾਈਆਂ ਹਨ, ਸ਼ੇਰ ਪੁੱਤ, ਹਾਰਦੇ ਨੀ ਹੁੰਦੇ ਕਦੇ ਮਰਦ ਦਲੇਰ, ਧੀ ਨੂੰ ਪੁੱਤ ਕਹਿਣਾ ਅਤੇ ਤੈਥੋਂ ਤੀਵੀਂ ਨਹੀਂ ਸਾਂਭੀ ਜਾਂਦੀ" ਆਦਿ ਵੱਖ-ਵੱਖ ਤੁਕਾਂ ਨੇ ਮਰਦ ਲਈ ਰੂਹ ਫੂਕੀ। ਇਸ ਤੋਂ ਇਲਾਵਾ ਗਲਤ ਗੱਲ, ਗਾਲ ਕੱਢਣ ਲਈ ਔਰਤ ਨੂੰ ਮੁਖਾਤਿਬ ਕੀਤਾ ਜਾਂਦਾ ਹੈ। ਇਸ ਦਾ ਬਦਲਵਾਂ ਰੂਪ ਮਿਲ ਹੀ ਨਹੀਂ ਸਕਦਾ। ਰਸੂਲ ਹਮਜ਼ਾਤੋਵ ਦੀ ਕਿਤਾਬ 'ਮੇਰਾ ਦਾਗਿਸਤਾਨ' ਵਿੱਚ ਮਰਦ ਪ੍ਰਧਾਨਗੀ ਦਾ ਆਲਮੀ ਚਿਹਰਾ ਨੰਗਾ ਹੁੰਦਾ ਹੈ, "ਤੂੰ ਮੇਰੇ 'ਤੇ ਕਿਉਂ ਪਿਆ ਚੀਕੇਂ? ਮੈਂ ਚੀਕਦਾ ਨਹੀਂ ਮੇਰਾ ਢੰਗ ਇਹੀ ਹੈ ਗੱਲਬਾਤ ਦਾ" ਪਤੀ ਦਾ ਪਤਨੀ ਨੂੰ ਜਵਾਬ। ਕਿੱਸਾ ਕਾਵਿ ਵਿੱਚ ਵੀ ਮਰਦ ਅਤੇ ਔਰਤ ਵਿੱਚ ਵਖਰੇਵਾਂ ਪਾ ਕੇ ਮਰਦਾਨਗੀ ਅਤੇ ਪ੍ਰਧਾਨਗੀ ਵਿਖਾਈ ਗਈ ਹੈ, ਜਦਕਿ ਔਰਤ ਦਾ ਹੌਸਲਾ ਅਤੇ ਹੁਨਰ ਚਰਿੱਤਰ ਦੇ ਘੇਰੇ ਵਿੱਚ ਰੱਖੇ ਗਏ ਹਨ।

ਅਸਲ ਵਿੱਚ ਮਰਦ ਦੀ ਪ੍ਰਧਾਨਗੀ ਦਾ ਮੁੱਢ ਆਦਿ ਕਾਲ ਵਿੱਚ ਉਸ ਸਮੇਂ ਬੰਨ੍ਹਿਆ ਸੀ ਜਦੋਂ ਮਰਦ ਬਾਹਰੋਂ ਕਮਾ ਕੇ ਲਿਆਉਂਦਾ ਸੀ ਅਤੇ ਘਰ ਔਰਤ ਚਲਾਉਂਦੀ ਸੀ। ਦੂਜਾ ਕਾਰਨ ਔਰਤ ਨੂੰ ਦੂਜੇ ਘਰ ਵਿਆਹ ਕੇ ਜਾਣਾ ਪੈਂਦਾ ਹੈ। ਇਹਨਾਂ ਲੀਹਾਂ ਤੇ ਸਮਾਜ ਅੱਜ ਵੀ ਕਾਇਮ ਹੈ। ਹਵਸ ਲਈ ਮਰਦ ਸਭ ਕੁੱਝ ਭੁੱਲ ਜਾਂਦਾ ਹੈ, ਜੀਵ ਵਿਗਿਆਨਕ ਤੌਰ 'ਤੇ ਔਰਤ ਮਰਦ ਦੀ ਜੋੜੀ ਕੁਦਰਤ ਨੇ ਬਣਾਈ, ਪਰ ਮਰਦ ਬਲਾਤਕਾਰੀ, ਹਿੰਸਾਮੁਖੀ, ਬਦਸਲੂਕੀ ਅਤੇ ਬਦਜ਼ੁਬਾਨੀ ਆਪਣਾ ਹੱਕ ਸਮਝਦਾ ਹੈ। ਜਿੱਥੇ ਮਰਦਾਨਗੀ ਨਾਲ ਪ੍ਰਧਾਨਗੀ ਜੁੜ ਜਾਵੇ, ਉੱਥੇ ਔਰਤ ਅਬਲਾ ਦੀ ਸਿਖਰ ਹੋ ਜਾਂਦੀ ਹੈ। ਔਰਤਾਂ ਦੇ ਮਨ ਦੀ ਵੇਦਨਾ ਅਤੇ ਪੀੜ ਸ਼ੁਰੂ ਤੋਂ ਹੁਣ ਤੱਕ ਮਰਦ ਦੇ ਸਿਰ ਉੱਤੇ ਟਿਕੀ ਹੋਈ ਹੈ। ਇਹ ਕੁੱਝ ਸੁਧਰਨ ਦੇ ਬਾਵਜੂਦ ਪੀੜ੍ਹੀ ਦਰ ਪੀੜ੍ਹੀ ਅੱਗੇ ਤੁਰੀ ਹੋਈ ਹੈ। ਅਮਰਿਤਾ ਪ੍ਰੀਤਮ ਦੀ ਮਾਰੀ ਹੋਈ ਹਾਕ ਅੱਜ ਵੀ ਪ੍ਰਧਾਨਤਾ ਤੋਂ ਨਿਜਾਤ ਨਹੀਂ ਦਿਵਾ ਸਕੀ। ਮਰਦ ਦੀ ਸੂਝ ਅਜੇ ਤੱਕ ਔਰਤ ਦੀ ਮਾਹਵਾਰੀ ਦੇ ਪ੍ਰਮਾਣ ਤੋਂ ਵੀ ਦੂਰ ਹੈ। ਮਰਦ ਔਰਤ ਉੱਤੇ ਹੱਕ ਸਮਝਦਾ ਹੈ, ਔਰਤ ਵੀ ਮਰਦ ਦੀ ਰਹਿਨੁਮਾਈ ਅਧੀਨ ਰਹਿਣਾ ਫਰਜ਼ ਸਮਝਦੀ ਹੈ। ਸਰੀਰਕ ਸਬੰਧ ਕੁਦਰਤੀ ਵਰਤਾਰਾ ਹੈ, ਇਸ ਨੂੰ ਸੀਮਾ ਅਤੇ ਸਲੀਕੇ ਵਿੱਚ ਰੱਖਣ ਲਈ ਸਮਾਜ, ਸ਼ਰਮ ਅਤੇ ਕਾਨੂੰਨ ਆਪਣਾ ਕੰਮ ਕਰਦੇ ਹਨ।

"ਦੇਖ ਪਰਾਈਆਂ ਚੰਗੀਆਂ ਮਾਵਾਂ, ਧੀਆਂ, ਭੈਣਾਂ ਜਾਣੈ।" ਦਾ ਫਲਸਫਾ ਸਮਾਜ ਲਈ ਨਸੀਹਤ ਹੈ। ਮਰਦ ਹੁਣ ਤੱਕ ਹਵਸ ਖਾਤਰ ਰਿਸ਼ਤੇ-ਨਾਤੇ ਭੁੱਲ ਕੇ ਬੁੱਕਲ ਦਾ ਸੱਪ ਬਣਿਆ ਫਿਰਦਾ ਹੈ। ਜਾਤ-ਪਾਤ ਵੀ ਆਪਣਾ ਯੋਗਦਾਨ ਇਸ ਵਿਸ਼ੇ 'ਤੇ ਪਾਉਂਦੀ ਹੈ। ਪਹਿਲੇ ਦੀ ਤਰ੍ਹਾਂ ਅਜੇ ਵੀ ਔਰਤ ਨੂੰ ਪਹਿਲਾਂ ਮਾਂ-ਪਿਉ, ਫਿਰ ਪਤੀ ਆਖਿਰ ਵਿੱਚ ਪੁੱਤਰਾਂ ਦੇ ਅਧੀਨ ਰਹਿਣਾ ਪੈਂਦਾ ਹੈ। ਪਰਾਈ ਔਰਤ ਤੋਂ ਇਲਾਵਾ ਅੱਜ ਤਾਂ ਔਰਤ ਦੀ ਇੱਜ਼ਤ ਮਰਦ ਨੇ ਪਰਵਾਰ ਅਤੇ ਰਿਸ਼ਤੇ ਵਿੱਚ ਵੀ ਦਾਅ ਉੱਤੇ ਲਾ ਦਿੱਤੀ ਹੈ। ਅੱਜ ਦੇ ਸਮਾਜ ਵਿੱਚ ਮਰਦ ਦੀ ਦਿੱਖ ਅਤੇ ਸੋਚ ਅਜੇ ਵੀ ਅੰਮ੍ਰਿਤਾ ਪ੍ਰੀਤਮ ਦੀਆਂ ਹੇਠ ਲਿਖੀਆਂ ਸਤਰਾਂ 'ਤੇ ਖੜ੍ਹੀ ਹੈ:-

"ਵੀਹ ਹਜ਼ਾਰ ਸਾਲ ਹੋਏ, ਇਸ ਸੱਭਿਅਤਾ ਨੂੰ ਬਣਿਆਂ, ਪਰ ਅਜੇ ਵੀ 'ਕੱਲੀ ਔਰਤ ਨੂੰ ਤੱਕ ਕੇ ਖਾਣ ਨੂੰ ਪੈਂਦਾ ਹੈ ਆਦਮੀ, ਭੁੱਖੇ ਦਾ ਭੁੱਖਾ ਉਸੇ ਤਰ੍ਹਾਂ ਵਹਿਸ਼ੀ।"

ਮਰਦ ਦੀ ਸੋਚ ਦਾ ਅਧਿਐਨ ਕੀਤਾ ਜਾਵੇ ਤਾਂ ਉੱਥੇ ਹੀ ਖੜ੍ਹੀ ਹੈ। ਕਈ ਵਾਰ ਪ੍ਰਧਾਨਗੀ ਵਿੱਚੋਂ ਮਰਦਾਨਗੀ ਅਤੇ ਮਰਦਾਨਗੀ ਵਿੱਚੋਂ ਪ੍ਰਧਾਨਗੀ ਉੱਪਜਦੀ ਹੈ। ਇਹ ਪਾੜਾ ਪੂਰਨਾ ਅਤੀ ਜ਼ਰੂਰੀ ਹੈ, ਇਸ ਪਿੱਛੇ ਮਰਦ ਨੂੰ ਸੋਚ ਬਦਲਣੀ ਹੋਵੇਗੀ। ਨਾਰੀਵਾਦ ਲਈ ਨੰਗੇਜਵਾਦ ਦੇ ਚਸ਼ਮੇ ਲਾਹ ਕੇ ਆਪਣੇ ਗਿਰੇਵਾਨ ਵਿੱਚ ਝਾਕੀ ਮਾਰਨੀ ਚਾਹੀਦੀ ਹੈ। ਇਹ ਵੀ ਸੋਚਣਾ ਚਾਹੀਦਾ ਹੈ ਕਿ ਮੈਂ ਔਰਤ ਦੇ ਹੀ ਜਿਸਮ ਵਿੱਚੋਂ ਆਇਆ ਹਾਂ। ਮਰਦ ਨਾਰੀ ਦੇ ਮਾਣ-ਸਨਮਾਨ ਨੂੰ ਆਪਣੀ ਧੀ-ਭੈਣ ਵਾਂਗ ਮਨ ਵਿੱਚ ਵਸਾਏ। ਇਸ ਨਾਲ ਮਰਦ ਦੇ ਸਿਰਲੇਖ ਅਧੀਨ ਦੋਵੇਂ ਤੱਥ ਸਿਖਰ ਤੋਂ ਥੱਲੇ ਵੱਲ ਮੋੜਾ ਪਾ ਸਕਦੇ ਹਨ, ਮਰਦਾਨਗੀ ਅਤੇ ਪ੍ਰਧਾਨਗੀ ਦਾ ਹਊਆ ਅਤੇ ਡਰਾਵਾ ਸੀਮਤ ਦਾਇਰੇ ਅਧੀਨ ਹੋ ਸਕਦਾ ਹੈ।

# ਸੰਪਰਕ : 98781-11445

# ਨਰੇਗਾ ਨੂੰ ਪਾਰਦਰਸ਼ੀ ਢੰਗ ਲਾਗੂ ਕਰਵਾਉਣ ਲਈ ਅੱਜ ਤੋਂ ਭੁੱਖ ਹੜਤਾਲ 'ਤੇ ਬੈਠਣਗੇ ਕਾਮੇ : ਗਦਾਈਆ, ਖੋਸਾ




ਨਾਭਾ (ਵਰਿੰਦਰ ਵਰਮਾ, ਤੇਜਾ ਸਿੰਘ)

ਅੱਜ 13, 14 ਦਸੰਬਰ ਨੂੰ ਭੁੱਖ ਹੜਤਾਲ ਅਤੇ 15 ਦਸੰਬਰ ਨੂੰ ਰੋਸ ਰੈਲੀਆਂ ਕਰਕੇ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜਣ ਲਈ ਡੀ ਸੀ ਤੇ ਬੀ ਡੀ ਪੀ ਓ ਦਫਤਰਾਂ ਅੱਗੇ ਨਰੇਗਾ ਕਾਮੇ ਬੈਠਣਗੇ। ਇੱਥੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ (ਰਜਿ.) ਏਟਕ ਦੇ ਸੂਬਾ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ ਤੇ ਸੂਬਾ ਸਕੱਤਰ ਜਗਸੀਰ ਸਿੰਘ ਖੋਸਾ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਪੰਜਾਬ ਵਿੱਚ ਨਰੇਗਾ ਦਿਹਾੜੀ ਰੇਟ 431 ਰੁਪਏ ਬਣਦਾ ਹੈ, ਸਾਨੂੰ 303 ਦਿੱਤਾ ਜਾ ਰਿਹਾ ਹੈ, ਇਹ ਸਹੀ ਕਰਕੇ 431 ਰੁਪਏ ਦਿੱਤਾ ਜਾਵੇ। ਮਹਿੰਗਾਈ ਨੂੰ ਮੁੱਖ ਰੱਖਦਿਆਂ ਇਸ ਨੂੰ ਵਧਾ ਕੇ 1000 ਰੁਪਏ ਕੀਤਾ ਜਾਵੇ ਤੇ 100 ਦਿਨ ਕੰਮ ਦੀ ਗਾਰੰਟੀ ਵਧਾ ਕੇ 200 ਦਿਨ ਕੀਤਾ ਜਾਵੇ। ਨਰੇਗਾ ਕਾਨੂੰਨ ਬਣਨ ਸਮੇਂ ਮਜ਼ਦੂਰਾਂ ਦੇ ਕੰਮ ਦਾ ਸਮਾਂ 6 ਘੰਟੇ ਸੀ, ਜੋ ਬਾਅਦ ਵਿੱਚ 9 ਘੰਟੇ ਕਰ ਦਿੱਤਾ ਹੈ। ਅਸੀਂ ਮੰਗ ਕਰਦੇ ਹਾਂ ਕਿ ਇਸ ਨੂੰ 6 ਘੰਟੇ ਬਹਾਲ ਕੀਤਾ ਜਾਵੇ। ਨਰੇਗਾ ਫੰਡ ਰਾਸ਼ੀ ਦੀ ਵੰਡ ਅਨੁਪਾਤ (40:60) ਦੀ ਦੁਰਵਰਤੋਂ ਰੋਕੀ ਜਾਵੇ। ਕਾਮਿਆਂ ਨੂੰ ਕੋਈ ਕਹੀ ਬੱਠਲ ਨਹੀਂ ਦਿੱਤਾ ਜਾਂਦਾ, ਉਹ ਦਿੱਤਾ ਜਾਵੇ। ਇਸ ਅਨੁਪਾਤ ਨੂੰ ਹੁਣ ਸੋਧਿਆ ਜਾਵੇ। ਗਰਾਮ ਸੇਵਕ ਤੇ ਮੇਟ ਨਿਯਮਾਂ ਮੁਤਾਬਿਕ ਭਰਤੀ ਕੀਤੇ ਜਾਣ ਉਨ੍ਹਾਂ ਦੇ ਕੰਮ ਤੇ ਜ਼ਿੰਮੇਵਾਰੀ ਦੇ ਬੋਰਡ ਲਿਖ ਕੇ ਲਾਏ ਜਾਣ। ਹਰ ਕਾਮੇ ਦੇ ਜਾਬ ਕਾਰਡ 'ਤੇ ਹਾਜ਼ਰੀ ਲਗਾਉਣੀ ਯਕੀਨੀ ਬਣਾਈ ਜਾਵੇ। ਕੰਮ 'ਤੇ ਹਾਜ਼ਰ ਵਿਅਕਤੀ ਦੀ ਹਾਜ਼ਰੀ ਕਾਰਡ ਉੱਤੇ ਨਾ ਲਾਉਣਾ, ਆਰਥਿਕ ਅਪਰਾਧ ਮੰਨ ਕੇ ਅਮਲ ਹੋਵੇ। ਮਸਟਰੋਲ 'ਤੇ ਹਾਜ਼ਰੀ ਰੋਜ਼ਾਨਾ ਕੰਮ ਸਥਾਨ 'ਤੇ ਹੀ ਲੱਗੇ ਅਤੇ ਕਾਮੇ ਨੂੰ ਕਹਿਣ 'ਤੇ ਦਿਖਾਈ ਜਾਵੇ। ਆਨਲਾਈਨ ਹਾਜ਼ਰੀ ਦੀ ਰਿਪੋਰਟ 12 ਵਜੇ ਤੱਕ ਜ਼ਿਲ੍ਹਾ ਦਫ਼ਤਰ ਜ਼ਰੂਰ ਪੁੱਜੇ, ਇਸ ਦੀ ਜਾਣਕਾਰੀ ਯੂਨੀਅਨ ਦੇ ਆਗੂਆਂ ਨੂੰ ਮੰਗਣ 'ਤੇ ਦਿੱਤੀ ਜਾਵੇ। ਇਸ ਨਾਲ ਪਾਰਦਰਸ਼ਤਾ ਵਧੇਗੀ ਤੇ ਭ੍ਰਿਸ਼ਟਾਚਾਰ ਘਟੇਗਾ। ਜਾਬ ਕਾਰਡ ਉੱਪਰ ਉਹ ਸਾਰਾ ਕੁਝ ਦਰਜ ਹੋਵੇ, ਜੋ ਹਦਾਇਤ ਹੈ। ਇਸ ਲਈ ਗਰਾਮ ਸੇਵਕ ਜ਼ਿੰਮੇਵਾਰ ਹੋਵੇ, ਜੇਕਰ ਕੰਮ ਦੀ ਅਦਾਇਗੀ ਵਿੱਚ ਦੇਰੀ ਹੋਏ ਤਾਂ ਜ਼ਿੰਮੇਵਾਰ 'ਤੇ ਐਕਸ਼ਨ ਲਿਆ ਜਾਵੇ। ਕਾਨੂੰਨ ਅਨੁਸਾਰ ਹਰਜਾਨੇ ਸਮੇਤ ਅਦਾਇਗੀ ਹੋਵੇ। ਸਮੇਂ ਅਨੁਸਾਰ ਕੰਮ ਦਾ ਐਲਾਨ ਪਹਿਲਾਂ ਹੋਵੇ, ਦੋਵੇਂ ਨਿਯਮ ਇਕੱਠੇ ਨਾ ਲਾਗੂ ਕੀਤੇ ਜਾਣ। 100 ਦਿਨ ਦਾ ਕੰਮ ਗਾਰੰਟੀ ਹੱਕ ਹੈ। ਇਹ ਕੰਮ ਇੱਛਾ ਤੇ ਲੋੜ ਅਨੁਸਾਰ ਲੈਣ ਦਾ ਹੱਕ ਹੈ, ਇਸ ਨੂੰ ਕੰਮ ਦੇਣ ਜਾਂ ਨਾ ਦੇਣ ਦੀ ਮਨਮਾਨੀ ਰੋਕਣ ਬਣਨ ਨੂੰ ਸਖਤੀ ਨਾਲ ਰੋਕਿਆ ਜਾਵੇ। ਕੰਮ ਦੀ ਮੰਗ 14 ਦਿਨ ਤੋਂ ਘੱਟ ਨਹੀਂ ਹੋ ਸਕਦੀ, ਫਿਰ 6 ਦਿਨ ਦਾ ਇੱਕ ਹੀ ਮਸਟਰੋਲ ਕੱਢ ਕੇ, ਅਗਲਾ ਮਸਟਰੋਲ ਨਾ ਕੱਢਣ 'ਤੇ ਜ਼ਿੰਮੇਵਾਰੀ ਤੈਅ ਹੋਵੇ ਤੇ ਕਾਮੇ ਨੂੰ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ। ਜਿਨ੍ਹਾਂ ਕਾਮਿਆਂ ਦੀ ਅਦਾਇਗੀ ਰੁਕੀ ਹੋਈ ਹੈ, ਉਹ ਤਰੁੰਤ ਜਾਰੀ ਹੋਵੇ। ਇਸ ਕਿਰਤੀ ਪੱਖੀ ਕਾਨੂੰਨ ਦੀ ਪਾਰਦਰਸ਼ਤਾ ਨੂੰ ਬਹਾਲ ਰੱਖਿਆ ਜਾਵੇ।

# ਸੰਯੁਕਤ ਅਧਿਆਪਕ ਫ਼ਰੰਟ ਨੇ ਪੰਜਾਬ ਸਰਕਾਰ ਦੀ ਫੂਕੀ ਅਰਥੀ



ਮੋਗਾ (ਅਮਰਜੀਤ ਬੱਬਰੀ)-ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਮੁਲਾਜ਼ਮ ਦੀਆਂ ਜਾਇਜ਼ ਮੰਗਾਂ ਨੂੰ ਮੰਨਣ ਤੋਂ ਟਾਲਾ ਵੱਟਣ ਕਾਰਨ ਪੰਜਾਬ ਦੇ ਅਧਿਆਪਕਾਂ ਤੇ ਸਮੁੱਚੇ ਮੁਲਾਜ਼ਮ ਵਰਗ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਸੰਯੁਕਤ ਅਧਿਆਪਕ ਫਰੰਟ ਪੰਜਾਬ ਦੇ ਸੱਦੇ 'ਤੇ ਅੱਜ ਮੋਗਾ ਵਿਖੇ ਸਰਕਾਰ ਵੱਲੋਂ ਸੰਯੁਕਤ ਅਧਿਆਪਕ ਫਰੰਟ ਸਮੇਤ ਹੋਰ ਮੁਲਾਜ਼ਮ ਜਥੇਬੰਦੀਆਂ ਨਾਲ ਤੈਅਸ਼ੁਦਾ ਮੀਟਿੰਗ ਤੋਂ ਭੱਜਣ ਦਾ ਰੋਸ ਪ੍ਰਗਟ ਕਰਦਿਆਂ ਪੰਜਾਬ ਸਰਕਾਰ ਦੀ ਅਰਥੀ ਫੂਕੀ ਗਈ ਤੇ ਮੁਲਾਜ਼ਮਾਂ ਦੀਆਂ ਵਿੱਤੀ ਮੰਗਾਂ ਤੁਰੰਤ ਪੂਰੀਆਂ ਕਰਨ ਦੀ ਮੰਗ ਕੀਤੀ।ਸੰਯੁਕਤ ਅਧਿਆਪਕ ਫਰੰਟ ਦੇ ਆਗੂਆਂ ਸੁਖਪਾਲਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਡੈਮੋਕ੍ਰੇਟਿਕ ਟੀਚਰਜ਼ ਫਰੰਟ ਮੋਗਾ, ਜਗਵੀਰਨ ਕੌਰ, 6060 ਅਧਿਆਪਕ ਯੂਨੀਅਨ ਤੋਂ ਸੰਦੀਪ ਕੁਮਾਰ ਸੇਵੇਕੇ, ਡੀ ਟੀ ਐੱਫ ਤੋਂ ਸੁਖਵਿੰਦਰ ਸਿੰਘ ਘੋਲੀਆਂ, ਸਵਰਨ ਦਾਸ, ਗੁਰਮੀਤ ਝੋਰੜਾਂ, ਅਮਨਦੀਪ ਮਾਛੀਕੇ ਨੇ ਦੱਸਿਆ ਕਿ ਸੂਬਾ ਸਰਕਾਰ ਮੁਲਾਜ਼ਮਾਂ ਨਾਲ ਕੀਤੇ ਚੋਣ ਵਾਅਦਿਆਂ ਤੋਂ ਵਿੱਤੀ ਮੰਗਾਂ ਪੂਰੀਆਂ ਕਰਨ ਤੋਂ ਟਾਲਾ ਵੱਟ ਰਹੀ ਹੈ।ਦਿਵਾਲੀ ਮੌਕੇ ਜਿੱਥੇ ਗੁਆਂਢੀ ਸੂਬਿਆਂ ਨੇ ਆਪਣੇ ਮੁਲਾਜ਼ਮਾਂ ਨੂੰ ਵਿੱਤੀ ਗੱਫੇ ਦਿੱਤੇ ਹਨ, ਉੱਥੇ ਪੰਜਾਬ ਸਰਕਾਰ ਪੰਜਾਬ ਦੇ ਮੁਲਾਜ਼ਮਾਂ ਦੇ ਬਣਦੇ ਹੱਕ ਵੀ ਨਹੀਂ ਦੇ ਰਹੀ।ਪਿਛਲੇ ਵਰ੍ਹੇ ਸਰਕਾਰ ਨੇ ਪੁਰਾਣੀ ਪੈਨਸ਼ਨ ਦਾ ਅਧੂਰਾ ਨੋਟੀਫਿਕੇਸ਼ਨ ਜਾਰੀ ਕਰਕੇ ਮੁਲਾਜ਼ਮਾਂ ਨਾਲ ਕੋਝਾ ਮਜ਼ਾਕ ਕੀਤਾ, ਸਰਕਾਰ ਵੱਲੋਂ ਅੱਜ ਤੱਕ ਪੁਰਾਣੀ ਪੈਨਸ਼ਨ ਬਹਾਲ ਨਹੀਂ ਕੀਤੀ ਗਈ, ਸਗੋਂ ਪੰਜਾਬ ਦੇ ਨਵੇਂ ਰੈਗੂਲਰ ਭਰਤੀ ਮੁਲਾਜ਼ਮਾਂ 'ਤੇ ਸਰਕਾਰ ਜਬਰੀ ਕੇਂਦਰੀ ਪੇਅ ਸਕੇਲ ਥੋਪ ਰਹੀ ਹੈ।ਸਰਕਾਰ ਵੱਲੋਂ ਕੱਚੇ ਅਧਿਆਪਕਾਂ ਨੂੰ ਵਿਭਾਗ ਵਿੱਚ ਪੱਕਾ ਨਹੀਂ ਕੀਤਾ ਗਿਆ ਤੇ ਨਾ ਹੀ ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਮਰਜ਼ ਕੀਤਾ ਗਿਆ ਹੈ।8736 ਕੱਚੇ ਅਧਿਆਪਕ ਯੂਨੀਅਨ ਦੇ ਸੂਬਾ ਪ੍ਰਧਾਨ ਮਨਪ੍ਰੀਤ ਸਿੰਘ ਮੋਗਾ ਗੁਰਬਚਨ ਸਿੰਘ, ਜਗਜੀਤ ਸਿੰਘ ਰਣੀਆ, ਅਮਰਦੀਪ ਸਿੰਘ ਬੁੱਟਰ ਸਰਵਨਜੀਤ ਭਗਤਾ ਨੇ ਦੱਸਿਆ ਕਿ ਆਨਲਾਈਨ ਬਦਲੀ ਪਾਲਿਸੀ ਵਿੱਚ ਤਰੁੱਟੀਆਂ ਹੋਣ ਕਾਰਨ ਬਹੁਤੇ ਅਧਿਆਪਕ ਆਪਣੇ ਘਰਾਂ ਤੋਂ ਲੰਮੀ ਦੂਰੀ 'ਤੇ ਸੇਵਾਵਾਂ ਨਿਭਾਉਣ ਲਈ ਮਜਬੂਰ ਹਨ।ਆਗੂਆਂ ਨੇ ਕਿਹਾ ਕਿ ਜੇਕਰ ਸੂਬਾ ਸਰਕਾਰ ਮੰਗਾਂ ਨੂੰ ਪੂਰਾ ਨਹੀਂ ਕਰਦੀ ਤਾਂ ਆਉਣ ਵਾਲੇ ਦਿਨਾਂ ਵਿੱਚ ਇਹ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।ਇਸ ਮੌਕੇ ਸੁਖਮੰਦਰ ਧੂੜਕੋਟ, ਜਗਦੇਵ ਮਹਿਣਾ, ਨਵਦੀਪ ਧੂੜਕੋਟ, ਕੁਲਵਿੰਦਰ ਚੁੱਘੇ, ਕਿੱਕਰ ਸਿੰਘ, ਹਰਕੀਰਤ ਮਹਿਣਾ, ਹਰਪ੍ਰੀਤ ਰਾਮਾ, ਨਰਿੰਦਰ ਸਿੰਘ, ਬਲਵਿੰਦਰ ਸਿੰਘ, ਜਸਵਿੰਦਰ ਸਿੰਘ, ਮਨਜੀਤ ਕੌਰ, ਮਮਤਾ ਕੌਸ਼ਲ, ਕੁਲਦੀਪ ਕੌਰ ਆਦਿ ਅਧਿਆਪਕ ਹਾਜ਼ਰ ਸਨ।

# ਆਈ ਟੀ ਆਈ 'ਤੇ ਕੀਤੇ ਨਜਾਇਜ਼ ਕਬਜ਼ੇ ਨੂੰ ਛੁਡਾਉਣ ਉਪਰੰਤ ਏ ਆਈ ਐੱਸ ਐੱਫ ਵੱਲੋਂ ਜੇਤੂ ਰੈਲੀ

## ਆਪ ਆਗੂਆਂ ਵੱਲੋਂ ਸਰਕਾਰੀ ਆਈ ਟੀ ਆਈ ਦੀ ਜਗ੍ਹਾ 'ਤੇ ਕਬਜ਼ੇ ਦੀ ਕੀਤੀ ਗਈ ਸੀ ਕੋਸ਼ਿਸ਼ !




ਫਾਜ਼ਿਲਕਾ (ਕ੍ਰਿਸ਼ਨ ਸਿੰਘ, ਰਣਬੀਰ ਕੌਰ ਢਾਬਾਂ)

ਬੀਤੇ ਦਿਨੀਂ ਆਮ ਆਦਮੀ ਪਾਰਟੀ ਦੇ ਕੁਝ ਸਥਾਨਕ ਆਗੂਆਂ ਵੱਲੋਂ ਸਥਾਨਕ ਸਰਕਾਰੀ ਆਈ ਟੀ ਆਈ ਦੀ ਜਗ੍ਹਾ 'ਤੇ ਨਜਾਇਜ਼ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ, ਜਿਸ ਖ਼ਿਲਾਫ਼ ਤੁਰੰਤ ਐਕਸ਼ਨ ਲੈਂਦਿਆਂ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ (ਏ ਆਈ ਐੱਸ ਐੱਫ) ਤੇ ਸਰਬ ਭਾਰਤ ਨੌਜਵਾਨ ਸਭਾ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਤੇ ਹਲਕੇ ਦੇ ਵਿਧਾਇਕ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਕੀਤਾ ਗਿਆ ਸੀ।ਇਸ ਸਬੰਧੀ ਆਈ ਟੀ ਆਈ ਫਾਜ਼ਿਲਕਾ ਦੇ ਪ੍ਰਿੰਸੀਪਲ ਵੱਲੋਂ ਲਿਖਤੀ ਦਰਖਾਸਤਾਂ ਦੇਣ ਦੇ ਬਾਵਜੂਦ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਜਾਇਜ਼ ਕਬਜ਼ਾ ਕਰਨ ਵਾਲੇ ਵਿਅਕਤੀਆਂ ਖ਼ਿਲਾਫ਼ ਕਾਰਵਾਈ ਨਹੀਂ ਕੀਤੀ ਗਈ ਸੀ, ਜਿਸ ਦੇ ਖ਼ਿਲਾਫ਼ ਜਥੇਬੰਦੀਆਂ ਵੱਲੋਂ ਜ਼ਿਲ੍ਹੇ ਦੀ ਡਿਪਟੀ ਕਮਿਸ਼ਨਰ ਤੇ ਹਲਕੇ ਦੇ ਵਿਧਾਇਕ ਖ਼ਿਲਾਫ਼ ਅਰਥੀ ਫੂਕ ਮੁਜ਼ਾਹਰਾ ਕਰਨ ਦਾ ਐਲਾਨ ਕੀਤਾ ਗਿਆ ਸੀ।ਇਸ ਸਬੰਧੀ ਜਾਣਕਾਰੀ ਦਿੰਦਿਆਂ ਏ ਆਈ ਐੱਸ ਐੱਫ ਦੇ ਸੂਬਾ ਪ੍ਰਧਾਨ ਰਮਨ ਧਰਮੂਵਾਲਾ, ਜ਼ਿਲ੍ਹਾ ਮੀਤ ਪ੍ਰਧਾਨ ਨੌਰੰਗ ਰਾਣੀ, ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਐਡਵੋਕੇਟ ਪਰਮਜੀਤ ਢਾਬਾਂ ਆਈ ਟੀ ਆਈ ਦੇ ਪ੍ਰਧਾਨ ਆਸ਼ੀਸ਼ ਨੇ ਦੱਸਿਆ ਕਿ ਬੀਤੇ ਕੱਲ੍ਹ ਪ੍ਰਸ਼ਾਸਨ ਵੱਲੋਂ ਨਜਾਇਜ਼ ਕਬਜ਼ਾ ਕਰਨ ਵਾਲੇ ਆਪ ਆਗੂਆਂ ਦੀਆਂ ਇੱਟਾਂ ਤੇ ਰੋੜਾਂ ਚੁੱਕਵਾ ਦਿੱਤੀਆਂ ਹਨ, ਜਿਸ ਨੂੰ ਲੈ ਕੇ ਜਥੇਬੰਦੀ ਇਸ ਸਬੰਧੀ ਆਪਣਾ ਚੱਲ ਰਿਹਾ ਸੰਘਰਸ਼ ਸਮਾਪਤ ਕਰਦਿਆਂ ਅੱਜ ਦੀ ਰੋਸ ਰੈਲੀ ਨੂੰ ਜੇਤੂ ਰੈਲੀ ਵਿੱਚ ਬਦਲ ਦਿੱਤਾ।ਆਈ ਟੀ ਆਈ ਦੀ ਜਗ੍ਹਾ 'ਤੇ ਕਬਜ਼ਾ ਛੁਡਾਉਣ ਤੋਂ ਬਾਅਦ ਆਈ ਟੀ ਆਈ ਦੇ ਸਮੂਹ ਸਿਖਿਆਰਥੀਆਂ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਸ਼ਹਿਰ ਦੇ ਬਾਜ਼ਾਰਾਂ ਵਿੱਚ ਜੇਤੂ ਰੈਲੀ ਕੱਢੀ ਗਈ।ਇਹ ਰੈਲੀ ਸਰਕਾਰੀ ਆਈ ਟੀ ਆਈ ਫਾਜ਼ਿਲਕਾ ਤੋਂ ਸ਼ੁਰੂ ਹੁੰਦੀ ਹੋਈ ਬੱਸ ਸਟੈਂਡ ਤੋਂ ਘੰਟਾਘਰ ਤੱਕ ਜਾ ਕੇ ਸਮਾਪਤ ਹੋਈ।ਇਸ ਮੌਕੇ ਘੰਟਾਘਰ 'ਤੇ ਜੁੜੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਰਮਨ ਧਰਮੂਵਾਲਾ ਅਤੇ ਐਡਵੋਕੇਟ ਢਾਬਾਂ ਨੇ ਕਿਹਾ ਕਿ ਸਰਕਾਰੀ ਅਦਾਰਿਆਂ ਨੂੰ ਬਚਾਉਣ ਲਈ ਜਥੇਬੰਦੀ ਹਮੇਸ਼ਾ ਆਪਣੀ ਜ਼ਿੰਮੇਵਾਰੀ ਨਿਭਾਉਂਦੀ ਰਹੇਗੀ ਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀ ਕਿਸੇ ਵੀ ਹਰਕਤ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਸਰਕਾਰੀ ਅਦਾਰਿਆਂ ਵਿੱਚ ਰੈਗੂਲਰ ਭਰਤੀ ਕੀਤੀ ਜਾਵੇ ਤੇ ਤਕਨੀਕੀ ਸਿੱਖਿਆ ਦੇਣ ਲਈ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦਾ ਮਟੀਰੀਅਲ ਮੁਹੱਈਆ ਕਰਵਾਉਣ ਲਈ ਸਰਕਾਰ ਧਿਆਨ ਦੇਵੇ, ਨਾ ਕਿ ਸਰਕਾਰੀ ਅਦਾਰਿਆਂ 'ਤੇ ਕਬਜ਼ਾ ਕਰਨ ਦੀ ਨੀਤੀ ਅਪਣਾਈ ਜਾਵੇ।ਇਸ ਮੌਕੇ ਸੰਯੁਕਤ ਕਿਸਾਨ ਮੋਰਚਾ ਦੇ ਆਗੂ ਹਰੀਸ਼ ਕੰਬੋਜ, ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾਈ ਸਹਾਇਕ ਸਕੱਤਰ ਹਰਭਜਨ ਛੱਪੜੀ ਵਾਲਾ, ਜ਼ਿਲ੍ਹਾ ਸਕੱਤਰ ਸ਼ੁਬੇਗ ਝੰਗੜਭੈਣੀ ਤੇ ਗੁਰਦਿਆਲ ਸਿੰਘ ਨੇ ਕਿਹਾ ਕਿ ਲੋਕਾਂ ਦੇ ਚੁਣੇ ਹੋਏ ਆਗੂਆਂ ਨੂੰ ਸਰਕਾਰੀ ਜਾਇਦਾਦਾਂ ਦੀ ਰੱਖਿਆ ਕਰਨੀ ਚਾਹੀਦੀ ਹੈ, ਨਾ ਕਿ ਉਨ੍ਹਾਂ 'ਤੇ ਕਬਜ਼ੇ ਕਰਨ ਵਾਲਿਆਂ ਦੀ ਮਦਦ ਕਰਨੀ ਚਾਹੀਦੀ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨੌਜਵਾਨ ਆਗੂ ਨਰਿੰਦਰ ਢਾਬਾਂ, ਖਰੈਤ ਬੱਗੇਕੇ, ਕੁਲਦੀਪ ਬੱਖਸ਼ਾਹ, ਸੰਦੀਪ ਜੋਧਾ, ਸਤੀਸ਼ ਛੱਪੜੀਵਾਲਾ, ਸੁਰਿੰਦਰ ਬਾਹਮਣੀ ਵਾਲਾ, ਸੁਦੇਸ਼ ਰਾਣੀ, ਕਿਰਨ ਕੌਰ ਮੁੰਬਾਂ, ਆਸ਼ੂ ਕਰਨਈ ਖੇੜਾ, ਰਾਜਵਿੰਦਰ ਨੌਲਾਂ, ਆਕਾਸ਼ ਬਾਹਮਣੀ ਵਾਲਾ, ਪ੍ਰਦੀਪ ਮੁੰਬਾਂ, ਅਰਜਨ ਪੱਕਾ ਚਿਸਤੀ ਤੇ ਬੂਟਾ ਸਿੰਘ ਨੇ ਵੀ ਸੰਬੋਧਨ ਕੀਤਾ।

# ਬਦਲਾਓ ਤੇ ਵਿਕਾਸ ਦੇ ਨਾਂਅ 'ਤੇ ਬਣੀ 'ਆਪ' ਦੀ ਸਰਕਾਰ ਕਾਰਪੋਰੇਟਾਂ ਦੀ ਸੇਵਾ 'ਚ ਲੱਗੀ : ਮੈਲਡੇ/ਸਰਾਭਾ

## ਪੈਨਸ਼ਨ ਡੇ ਮਨਾ ਕੇ ਪੈਨਸ਼ਨ ਪ੍ਰਾਪਤੀ ਸੰਘਰਸ਼ ਦੀ ਕੀਤੀ ਪੂਰਨ ਹਮਾਇਤ



ਮੁੱਲਾਂਪੁਰ ਦਾਖਾ (ਪੱਤਰ ਪ੍ਰੇਰਕ)

I, Satnam S/o Deewan R/o Village Udhowal, PO. Khokhar Faujjian, Tehsil Batala, Distt Gurdaspur, Punjab have changed my name from Satnam to Satnam Masih. Concerned Note.

I, Ashish S/o Manual R/o Village Sochanian, Tehsil & Distt. Gurdaspur, Punjab-143518 have changed my name from Ashish to Ashish Masih. Concerned Note.

I, Vidya Bhagat W/o Ashok Kumar Bhagat R/o H.No. 27/1, Bhargo Nagar, Jalandhar-144001, Punjab have changed my name from Vidya to Vidya Bhagat after marriage. All concerned please note.

I, Ashok Kumar Bhagat S/o Harbans Lal R/o H.No. 27/1, Bhargo Nagar, Jalandhar-144001, Punjab have changed my name from Ashok Kumar to Ashok Kumar Bhagat. All concerned please note.


## ਹਜ਼ਾਰਾਂ ਏਕੜ ਜ਼ਮੀਨ ਸੇਮ ਦੀ ਮਾਰ ਹੇਠਾਂ ਆਉਣ ਕਾਰਨ ਕਿਸਾਨ ਪ੍ਰੇਸ਼ਾਨ



ਗੁਰਦਾਸਪੁਰ (ਜਨਕ ਮਹਾਜਨ)- ਗੁਰਦਾਸਪੁਰ-ਮੁਕੇਰੀਆਂ ਸੜਕ ਵਿਚਕਾਰ ਵਗਦੀ ਸੇਮ ਨਹਿਰ ਦੀ ਸਫ਼ਾਈ ਤੇ ਡੂੰਘਾਈ ਪਿਛਲੇ ਲੰਬੇ ਸਮੇਂ ਤੋਂ ਨਾ ਹੋਣ ਕਾਰਨ ਹੁਣ ਸੇਮ ਨੇ ਹਜ਼ਾਰਾਂ ਏਕੜ ਜ਼ਮੀਨ ਆਪਣੀ ਲਪੇਟ ਵਿਚ ਲੈ ਲਈ ਹੈ ਜਿਸ ਕਰਕੇ ਕਿਸਾਨਾਂ ਦੀਆਂ ਫ਼ਸਲਾਂ ਦਾ ਭਾਰੀ ਨੁਕਸਾਨ ਹੋ ਰਿਹਾ ਹੈ। ਸੇਮ ਕਿਸਾਨਾਂ ਦੇ ਖੇਤਾਂ ਤੱਕ ਆਉਣ ਕਾਰਨ ਲੋਕ ਮਾਲੀ ਤੌਰ 'ਤੇ ਬਹੁਤ ਪ੍ਰੇਸ਼ਾਨ ਹਨ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਕਿਸਾਨ ਦਿਲਬਾਗ ਸਿੰਘ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ, ਸੁਖਜਿੰਦਰ ਸਿੰਘ ਸੈਕਟਰੀ, ਪ੍ਰਦੀਪ ਸਿੰਘ, ਸਿਮਰਤਪਾਲ ਸਿੰਘ, ਬਲਵਿੰਦਰ ਸਿੰਘ, ਬਲਜਿੰਦਰ ਸਿੰਘ, ਦਲਵੀਰ ਸਿੰਘ, ਬਲਵੀਰ ਸਿੰਘ, ਅਮਨਦੀਪ ਸਿੰਘ ਅਤੇ ਹੋਰ ਇਲਾਕੇ ਦੇ ਕਿਸਾਨਾਂ ਨੇ ਦੱਸਿਆ ਕਿ ਪਹਿਲੀਆਂ ਸਰਕਾਰਾਂ ਨੇ ਸੇਮ ਨੂੰ ਖ਼ਤਮ ਕਰਨ ਵਾਸਤੇ ਲੱਖਾਂ ਰੁਪਏ ਖ਼ਰਚ ਕੀਤੇ ਸਨ ਪਰ ਡਰੇਨੇਜ ਵਿਭਾਗ ਪੰਜਾਬ ਸੇਮ 'ਤੇ ਕਾਬੂ ਪਾਉਣ ਵਿਚ ਅਸਮਰਥ ਰਿਹਾ ਹੈ। ਹੁਣ ਸੇਮ ਨਾਲ ਹਜ਼ਾਰਾਂ ਏਕੜ ਵਾਹੀਯੋਗ ਜ਼ਮੀਨ ਬੰਜਰ ਬਣ ਰਹੀ ਹੈ ਤੇ ਕਿਸਾਨ ਮੌਜੂਦਾ ਸਰਕਾਰ ਤੋਂ ਕਾਫ਼ੀ ਖ਼ਫਾ ਨਜ਼ਰ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਡਰੇਨੇਜ ਵਿਭਾਗ ਗੁਰਦਾਸਪੁਰ ਨੇ ਪਾਣੀ ਦੇ ਨਿਕਾਸ ਵਾਸਤੇ ਕਾਫ਼ੀ ਪੁਲੀਆਂ ਵੀ ਪਾਈਆਂ ਸਨ ਜੋ ਕਈ ਕਿਸਾਨਾਂ ਨੇ ਆਪਣੇ ਪੱਧਰ 'ਤੇ ਬੰਦ ਕਰ ਦਿੱਤੀਆਂ ਹਨ। ਹੁਣ ਪਾਣੀ ਕਿਸਾਨਾਂ ਦੀਆਂ ਜ਼ਮੀਨਾਂ ਵਿਚ ਖੜਾ ਰਹਿਣ ਕਰਕੇ ਕਾਫ਼ੀ ਨੁਕਸਾਨ ਕਰ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਇਸ ਵਾਰ ਦਰਿਆ ਬਿਆਸ ਵਿਚ ਵਧੇਰੇ ਪਾਣੀ ਆਉਣ ਕਰਕੇ ਕਮਾਦ ਦੀ ਫ਼ਸਲ ਪੂਰੀ ਤਰ੍ਹਾਂ ਨਸ਼ਟ ਹੋ ਗਈ ਹੈ ਤੇ ਕਮਾਦ ਦੇ ਝਾੜ 'ਤੇ ਵੀ ਕਾਫ਼ੀ ਅਸਰ ਪਿਆ ਹੈ। ਕਈ ਕਿਸਾਨਾਂ ਨੇ ਕਮਾਦ ਨੂੰ ਵਾਹ ਦਿੱਤਾ ਅਤੇ ਕਈ ਕਿਸਾਨ ਕਮਾਦ ਦੀ ਫ਼ਸਲ ਨੂੰ ਅੱਗ ਲਗਾਉਣ ਲਈ ਮਜਬੂਰ ਹਨ। ਉਨ੍ਹਾਂ ਕਿਹਾ ਬਹੁਤ ਕਿਸਾਨ ਬੈਂਕਾਂ ਦੇ ਕਰਜ਼ੇ 'ਤੇ ਨਿਰਭਰ ਹਨ। ਫ਼ਸਲ ਮਾੜੀ ਹੋਣ ਕਰਕੇ ਉਹ ਬੈਂਕਾਂ ਤੋਂ ਲਏ ਕਰਜ਼ਿਆਂ ਦੀਆਂ ਕਿਸ਼ਤਾਂ ਵੀ ਨਹੀਂ ਦੇ ਪਾਉਂਦੇ।

ਉਨ੍ਹਾਂ ਕਿਹਾ ਬੇਟ ਖੇਤਰ ਅੰਦਰ ਸੇਮ ਸਮੱਸਿਆ ਸੰਬੰਧੀ ਮੰਤਰੀਆਂ ਤੇ ਵਿਧਾਇਕਾਂ ਨੂੰ ਵੀ ਦੱਸਿਆ ਗਿਆ ਹੈ ਪਰ ਫ਼ਿਰ ਵੀ ਇਸ ਦਾ ਕੋਈ ਪੱਕਾ ਹੱਲ ਨਹੀਂ ਨਿਕਲ ਰਿਹਾ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਮਾਨ ਨੂੰ ਅਪੀਲ ਕੀਤੀ ਕਿ ਬੇਟ ਇਲਾਕੇ ਦੀ ਸੇਮ ਸਮੱਸਿਆ ਦਾ ਸੰਬੰਧਿਤ ਵਿਭਾਗ ਤੋਂ ਹੱਲ ਕਰਵਾਇਆ ਜਾਵੇ। ਇਥੇ ਜ਼ਿਕਰਯੋਗ ਹੈ ਕਿ ਕਈ ਕਿਸਾਨਾਂ ਨੇ ਆਪਣੇ ਪੱਧਰ 'ਤੇ ਆਪਣੀਆਂ ਜ਼ਮੀਨਾਂ ਵਿਚ ਮਿੱਟੀ ਪਵਾ ਕੇ ਉਚੀ ਕਰਕੇ ਕੁਝ ਹੱਦ ਤੱਕ ਸੇਮ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਹੈ।

ਲੋਕਾਂ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਸੇਮ ਨਹਿਰ ਦੀ ਸਫ਼ਾਈ ਤੇ ਡੂੰਘਾਈ ਕਰਵਾਈ ਜਾਵੇ ਤਾਂ ਜੋ ਸੇਮ ਸਮੱਸਿਆ ਦਾ ਕੁਝ ਹੱਦ ਤੱਕ ਹੱਲ ਹੋ ਸਕੇ।

# ਪੁਲਸ ਪਾਰਟੀ ਉੱਪਰ ਮੋਟਰਸਾਈਕਲ ਸਵਾਰਾਂ ਵੱਲੋਂ ਫਾਇਰਿੰਗ, ਇੱਕ ਜ਼ਖ਼ਮੀ

**ਪੈਟਰੋਲ ਪੰਪ ਲੁੱਟ ਮਾਮਲੇ ਦੇ ਮੱਦੇਨਜ਼ਰ ਸੀ ਆਈ ਏ ਸਟਾਫ ਨੇ ਕੀਤੀ ਸੀ ਨਾਕੇਬੰਦੀ**


ਘਟਨਾ ਸਥਾਨ ਦਾ ਜਾਇਜ਼ਾ ਲੈਂਦੇ ਪੁਲਸ ਅਧਿਕਾਰੀ।

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬੀਤੀ ਸ਼ਾਮ ਸਬ ਡਵੀਜ਼ਨ ਤਲਵੰਡੀ ਸਾਬੋ ਦੇ ਪਿੰਡ ਭਾਗੀਵਾਂਦਰ ਕੋਲ ਦੋ ਮੋਟਰਸਾਈਕਲ ਸਵਾਰਾਂ ਵੱਲੋਂ ਪੁਲਸ ਪਾਰਟੀ 'ਤੇ ਕਥਿਤ ਫਾਇਰਿੰਗ ਕਰਨ 'ਤੇ ਪੁਲਸ ਦੀ ਜਵਾਬੀ ਫਾਇਰਿੰਗ 'ਚ ਇੱਕ ਮੋਟਰਸਾਈਕਲ ਸਵਾਰ ਦੇ ਜ਼ਖ਼ਮੀ ਹੋਣ ਅਤੇ ਦੂਜੇ ਨੂੰ ਕਾਬੂ ਕਰ ਲਏ ਜਾਣ ਦੀ ਖਬਰ ਸਾਹਮਣੇ ਆਈ ਹੈ। ਘਟਨਾ ਸਥਾਨ 'ਤੇ ਪੁੱਜੇ ਐੱਸ ਪੀ (ਐੱਚ) ਬਠਿੰਡਾ ਅਜੈ ਗਾਂਧੀ ਨੇ ਦੱਸਿਆ ਕਿ ਬੀਤੀ ਅੱਧੀ ਰਾਤ ਦੇ ਕਰੀਬ ਰਾਮਾਂ ਮੰਡੀ ਤੋਂ ਛੇ ਲੁਟੇਰਿਆਂ ਨੇ ਇੱਕ ਪੈਟਰੌਲ ਪੰਪ ਤੋਂ ਲੁੱਟ-ਖੋਹ ਦੀ ਘਟਨਾ ਨੂੰ ਅੰਜ਼ਾਮ ਦਿੱਤਾ ਸੀ, ਜਿਸ ਵਿੱਚੋਂ ਤਿੰਨ ਨੂੰ ਤਾਂ ਕਾਬੂ ਕਰ ਲਿਆ ਗਿਆ ਸੀ, ਪਰ ਬਾਕੀ ਤਿੰਨ ਦੀ ਭਾਲ 'ਚ ਪੁਲਸ ਪਾਰਟੀਆਂ ਲੱਗੀਆਂ ਹੋਈਆਂ ਸਨ। ਇਸੇ ਦੌਰਾਨ ਸ਼ੱਕੀ ਸਰਗਰਮੀਆਂ ਦੀ ਮਿਲੀ ਸੂਚਨਾ ਦੇ ਆਧਾਰ 'ਤੇ ਸੀ.ਆਈ.ਏ. ਸਟਾਫ-1 ਦੇ ਇੰਚਾਰਜ ਜਸਵਿੰਦਰ ਸਿੰਘ ਦੀ ਅਗਵਾਈ 'ਚ ਪਾਰਟੀ ਨੇ ਪਿੰਡ ਭਾਗੀਵਾਂਦਰ ਤੋਂ ਚੱਠੇਵਾਲਾ ਨੂੰ ਜਾਂਦੇ ਇੱਕ ਰਸਤੇ 'ਤੇ ਨਾਕੇਬੰਦੀ ਕੀਤੀ ਸੀ ਕਿ ਇਸ ਦੌਰਾਨ ਦੋ ਮੋਟਰਸਾਈਕਲ ਸਵਾਰਾਂ ਨੂੰ ਰੋਕਣਾ ਚਾਹਿਆ ਤਾਂ ਉਨ੍ਹਾਂ ਨੇ ਪੁਲਸ ਪਾਰਟੀ 'ਤੇ ਫਾਇਰਿੰਗ ਕਰ ਦਿੱਤੀ। ਪੁਲਸ ਅਧਿਕਾਰੀ ਮੁਤਾਬਿਕ ਜਵਾਬੀ ਫਾਇਰਿੰਗ 'ਚ ਇੱਕ ਮੋਟਰਸਾਈਕਲ ਸਵਾਰ ਦੀ ਲੱਤ 'ਚ ਗੋਲੀ ਲੱਗਣ ਕਾਰਨ ਉਹ ਜ਼ਖ਼ਮੀ ਹੋ ਗਿਆ, ਜਦੋਂਕਿ ਦੂਜੇ ਨੂੰ ਕਾਬੂ ਕਰ ਲਿਆ ਗਿਆ। ਜ਼ਖ਼ਮੀ ਦੀ ਪਛਾਣ ਰਾਜਵਿੰਦਰ ਸਿੰਘ ਵਾਸੀ ਚੱਠੇਵਾਲਾ ਵਜੋਂ ਹੋਈ ਹੈ, ਜਦਕਿ ਦੂਜੇ ਦੀ ਪਛਾਣ ਇਕਬਾਲ ਸਿੰਘ ਵਾਸੀ ਪਿੰਡ ਚੱਠੇਵਾਲਾ ਵਜੋਂ ਹੋਈ ਹੈ। ਪੁਲਸ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਪੰਪ ਲੁੱਟਣ ਵਾਲਿਆਂ 'ਚੋਂ ਹੁਣ ਤੱਕ ਜ਼ਖ਼ਮੀ ਸਮੇਤ ਪੰਜ ਕਾਬੂ ਆ ਚੁੱਕੇ ਹਨ, ਜਦੋਂਕਿ ਛੇਵੇਂ ਦੀ ਭਾਲ ਜਾਰੀ ਹੈ। ਉਧਰ ਪਤਾ ਲੱਗਾ ਉਕਤ ਮੁਕਾਬਲੇ 'ਚ ਜ਼ਖ਼ਮੀ ਰਾਜਵਿੰਦਰ ਸਿੰਘ ਨੂੰ ਇਲਾਜ ਲਈ ਸਿਵਲ ਹਸਪਤਾਲ ਤਲਵੰਡੀ ਸਾਬੋ 'ਚ ਭਰਤੀ ਕਰਵਾਇਆ ਗਿਆ ਹੈ। ਘਟਨਾ ਸਥਾਨ 'ਤੇ ਥਾਣਾ ਤਲਵੰਡੀ ਸਾਬੋ ਮੁਖੀ ਗੁਰਮੀਤ ਸਿੰਘ ਤੇ ਥਾਣਾ ਰਾਮਾਂ ਮੰਡੀ ਮੁਖੀ ਮਨਜੀਤ ਸਿੰਘ ਦੀ ਅਗਵਾਈ ਹੇਠ ਭਾਰੀ ਪੁਲਸ ਫੋਰਸ ਪੁੱਜੀ ਹੋਈ ਸੀ।

# ਜੈ ਮਿਲਾਪ ਲੈਬੋਰਟਰੀ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਚੋਣ



**ਕੋਟ ਈਸੇ ਖਾਂ (ਅਰੋੜਾ)**
ਬੀਤੇ ਦਿਨ ਜਲੰਧਰ ਵਿਖੇ ਜੈ ਮਿਲਾਪ ਲੈਬੋਰੇਟਰੀ ਐਸੋਸੀਏਸ਼ਨ ਪੰਜਾਬ ਦੇ ਅਹੁਦੇਦਾਰਾਂ ਤੇ ਮੈਂਬਰਾਂ ਦੀ ਇੱਕਤਰਤਾ ਹੋਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਲੈਬੋਰੇਟਰੀ ਨਾਲ ਸਬੰਧਤ ਮੈਂਬਰਾਂ ਨੇ ਸ਼ਿਰਕਤ ਕੀਤੀ। ਇਸ ਸਬੰਧੀ ਬਲਾਕ ਪ੍ਰਧਾਨ ਕੇਵਲ ਨਿਹਾਲਗੜ੍ਹ ਨੇ ਪ੍ਰੈੱਸ ਨੋਟ ਰਾਹੀਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਦੌਰਾਨ ਜੈ ਮਿਲਾਪ ਲੈਬੋਰੇਟਰੀ ਐਸੋਸੀਏਸ਼ਨ ਪੰਜਾਬ ਕੋਰ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਹੋਈ, ਜਿਸ ਵਿੱਚ ਲਗਾਤਾਰ 4 ਵਾਰ ਸ੍ਰੀ ਜਗਦੀਪ ਭਾਰਦਵਾਜ ਜੀ ਸਟੇਟ ਪ੍ਰਧਾਨ, ਰਾਜਨ ਬੈਕਟਰ ਜੀ ਸਟੇਟ ਜਰਨਲ ਸੈਕਟਰੀ, ਸੁਰਜੀਤ ਸਿੰਘ ਚੰਦੀ ਸਟੇਟ ਕੈਸ਼ੀਅਰ ਨੂੰ ਸਰਬਸੰਮਤੀ ਨਾਲ ਚੁਣਿਆ ਗਿਆ, ਜਿਸ ਵਿੱਚ ਮੋਗਾ ਜ਼ਿਲ੍ਹਾ ਦੇ ਪ੍ਰਧਾਨ ਰੋਸ਼ਨ ਸੇਠੀ, ਸੈਕਟਰੀ ਸੰਦੀਪ ਸ਼ਰਮਾ, ਕੈਸ਼ੀਅਰ ਹਰਜੀਤ ਸਿੰਘ ਢਿੱਲੋਂ, ਬਲਾਕ ਪ੍ਰਧਾਨ ਕੇਵਲ ਕ੍ਰਿਸ਼ਨ, ਚੇਅਰਮੈਨ ਪਰਦੀਪ ਮੋਂਗਾ, ਬਲਾਕ ਕੈਸ਼ੀਅਰ ਨਰਿੰਦਰ ਜਿੰਦਲ, ਬਲਾਕ ਸੈਕਟਰੀ ਜਗਸ਼ੇਰ ਪਾਲ, ਸੁਖਵਿੰਦਰ ਸਿੰਘ ਸੇਖੋਂ, ਜਗਰੂਪ ਸਿੰਘ, ਭੁਪਿੰਦਰ ਸਿੰਘ, ਮਨਪ੍ਰੀਤ ਸਿੰਘ, ਗੁਰਸੇਵਕ ਸਿੰਘ, ਬਲਜੀਤ ਸਿੰਘ, ਤਜਿੰਦਰ ਸਿੰਘ, ਰੋਸ਼ਨ ਕੁਮਾਰ, ਦਵਿੰਦਰ ਸਿੰਘ, ਸੰਦੀਪ ਸਿੰਘ, ਜਗਰਾਜ ਮਸੀਹ, ਨਵੀਨ ਅਰੋੜਾ, ਜਸਕਰਨ ਸਿੰਘ, ਸੰਦੀਪ ਸਿੰਘ, ਪ੍ਰੀਤਮ ਸਿੰਘ ਆਦਿ ਮੈਂਬਰ ਹਾਜ਼ਰ ਸਨ। ਚੁਣੇ ਗਏ ਅਹੁਦੇਦਾਰਾਂ ਨੂੰ ਸਮੂਹ ਮੈਂਬਰਾਂ ਵੱਲੋਂ ਵਧਾਈਆਂ ਦਿੱਤੀਆਂ ਗਈਆਂ।

# ਕੇਂਦਰ ਦੀਆਂ ਫਿਰਕੂ ਨੀਤੀਆਂ ਦੇਸ਼ ਲਈ ਖਤਰਨਾਕ : ਐੱਮ ਸੀ ਪੀ ਆਈ (ਯੂ)



**ਦੋਰਾਹਾ (ਹਰਮਿੰਦਰ ਸੇਠ)**
ਭਾਰਤੀ ਮਾਰਕਸਵਾਦੀ ਕਮਿਊਨਿਸਟ ਪਾਰਟੀ (ਯੂਨਾਈਟਿਡ) ਲੁਧਿਆਣਾ ਜ਼ਿਲ੍ਹਾ ਇਕਾਈ ਦੀ ਮੀਟਿੰਗ ਜੋਗਿੰਦਰ ਸਿੰਘ ਸ਼ਹਿਜ਼ਾਦ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਬੀ ਜੇ ਪੀ ਵੱਲੋਂ 2024 ਦੀਆਂ ਲੋਕ ਸਭਾ ਚੋਣਾਂ ਨੂੰ ਲੈ ਕੇ ਕੀਤਾ ਜਾ ਰਿਹਾ ਕੂੜ ਪ੍ਰਚਾਰ ਤੇ ਦੇਸ਼ ਅੰਦਰ ਫੈਲਾਏ ਜਾ ਰਹੇ ਫਿਰਕੂ ਮਾਹੌਲ ਤੇ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਵਿਰੁੱਧ ਈ ਡੀ ਤੇ ਸੀ ਬੀ ਆਈ ਦੀ ਦੁਰਵਰਤੋਂ ਦੀ ਸਖ਼ਤ ਨਿਖੇਧੀ ਕਰਦਿਆਂ ਸਮੂਹ ਦੇਸ਼ ਵਾਸੀਆਂ ਨੂੰ ਕੇਂਦਰ ਸਰਕਾਰ ਦੀਆਂ ਇਨ੍ਹਾਂ ਕੋਝੀਆਂ ਹਰਕਤਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ। ਐੱਮ ਸੀ ਪੀ ਆਈ (ਯੂ) ਦੇ ਕੌਮੀ ਜਨਰਲ ਸਕੱਤਰ ਕਾ: ਕੁਲਦੀਪ ਸਿੰਘ ਨੇ ਆਪਣੇ ਸੰਬੋਧਨ ਵਿੱਚ ਦੱਸਿਆ ਕਿ ਸਮੁੱਚਾ ਵਿਸ਼ਵ ਪਹਿਲਾਂ ਹੀ ਆਰਥਕ ਸੰਕਟ ਦੀ ਮਾਰ ਹੇਠ ਹੋਣ ਦੇ ਬਾਵਜੂਦ ਰੂਸ-ਯੂਕਰੇਨ ਯੁੱਧ ਕਾਰਨ ਆਰਥਕ ਸੰਕਟ ਹੋਰ ਡੂੰਘਾ ਹੋ ਰਿਹਾ ਹੈ। ਇਜ਼ਰਾਈਲ ਵੱਲੋਂ ਫਲਸਤੀਨੀਆਂ ਉੱਪਰ ਕੀਤੀ ਜਾ ਰਹੀ ਅੰਧਾ-ਧੁੰਦ ਗੋਲੀਬਾਰੀ ਤੇ ਬੰਬਾਰਡਮੈਂਟ, ਜਿਸ ਵਿੱਚ ਹਸਪਤਾਲ ਤੇ ਸਕੂਲ ਵੀ ਸ਼ਾਮਲ ਹਨ, ਦੀ ਘੋਰ ਨਿੰਦਿਆ ਕੀਤੀ।
ਕਿਸਾਨੀ ਮੰਗਾਂ ਉੱਪਰ ਵਿਚਾਰ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਜਾਣ ਬੁੱਝ ਕੇ ਮੰਗਾਂ ਨਾ ਮੰਨ ਕੇ ਕਿਸਾਨਾਂ ਨੂੰ ਸੰਘਰਸ਼ ਕਰਨ ਲਈ ਮਜਬੂਰ ਕਰ ਰਹੀ ਹੈ। ਦੇਸ਼ ਅੰਦਰ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਇਸ ਅੰਤ ਦੀ ਮਹਿੰਗਾਈ ਅੰਦਰ ਆਮ ਲੋਕਾਂ ਤੇ ਮਜ਼ਦੂਰਾਂ ਦਾ ਜੀਣਾ ਮੁਸ਼ਕਲ ਕੀਤਾ ਹੋਇਆ ਹੈ। ਕਿਰਤ ਕਨੂੰਨਾਂ ਵਿੱਚ ਸੋਧ ਕਰਕੇ ਉਨ੍ਹਾਂ ਨੂੰ ਚਾਰ ਕੋਡਾਂ ਵਿੱਚ ਬਦਲ ਕੇ ਮਜ਼ਦੂਰਾਂ ਦੇ ਟਰੇਡ ਯੂਨੀਅਨ ਤੇ ਹੋਰ ਜਮਹੂਰੀ ਹੱਕ ਖੋਹੇ ਜਾ ਰਹੇ ਹਨ।
ਪੰਜਾਬ ਦੀ ਹਾਲਤ ਬਾਰੇ ਗੱਲ ਕਰਦਿਆਂ ਸੂਬਾ ਸਕੱਤਰ ਪਵਨ ਕੁਮਾਰ ਕੌਸ਼ਲ ਨੇ ਦੱਸਿਆ ਕਿ ਪੰਜਾਬ ਅੰਦਰ ਅਮਨ-ਕਾਨੂੰਨ ਦੀ ਹਾਲਤ ਬਿਗੜਦੀ ਜਾ ਰਹੀ ਹੈ। ਸੂਬੇ ਅੰਦਰ ਕਤਲ, ਲੁੱਟ-ਖੋਹ, ਫਿਰੌਤੀ ਮੰਗਣ, ਬਲਾਤਕਾਰ ਤੇ ਨਸ਼ਿਆਂ ਕਾਰਨ ਮੌਤਾਂ ਹੋਣਾ ਆਮ ਹੋ ਗਈਆਂ ਹਨ। ਭ੍ਰਿਸ਼ਟਾਚਾਰ ਖਤਮ ਹੋਣ ਦਾ ਨਾਂ ਹੀ ਨਹੀਂ ਲੈ ਰਿਹਾ। ਪੰਜਾਬ ਅੰਦਰ ਜਾਇਜ਼ ਮੰਗਾਂ ਲਈ ਮਜ਼ਦੂਰ, ਕਿਸਾਨ, ਮੁਲਾਜ਼ਮ ਤੇ ਪੈਨਸ਼ਨਰ ਲਗਾਤਾਰ ਸੰਘਰਸ਼ ਕਰ ਰਹੇ ਹਨ। ਪਰਾਲੀ ਦੀ ਸਮੱਸਿਆ ਬਾਰੇ ਜ਼ਿਲ੍ਹਾ ਸਕੱਤਰ ਸੁਖਦੇਵ ਸਿੰਘ ਕਿਲ੍ਹਾ ਰਾਏਪੁਰ ਨੇ ਕਿਹਾ ਕਿ ਇਸ ਸਮੱਸਿਆ ਦਾ ਹੱਲ ਸਰਕਾਰ ਖੁਦ ਆਪ ਲਈ ਮਸ਼ੀਨਰੀ ਲਗਾਈ ਜਾਵੇ, ਸਾਰੀਆਂ ਫਸਲਾਂ ਉੱਪਰ ਘੱਟੋ-ਘੱਟ ਸਮਰਥਨ ਮੁੱਲ ਦੇਣ ਦੀ ਸਰਕਾਰ ਤੋਂ ਮੰਗ ਕੀਤੀ। ਵਾਤਾਵਰਣ ਪ੍ਰਦੂਸ਼ਣ ਨੂੰ ਲਈ ਵੱਡੀਆਂ ਸਨਅਤਾਂ ਜ਼ਿੰਮੇਵਾਰ ਹਨ, ਜਿਹੜੀਆਂ ਪ੍ਰਦੂਸ਼ਣ ਘਟਾਉਣ ਲਈ ਸਾਰੇ ਨੀਯਮਾਂ ਦਾ ਉਲੰਘਣ ਕਰ ਰਹੀਆਂ ਹਨ, ਉਨ੍ਹਾਂ ਵਿਰੁੱਧ ਸਖਤ ਕਾਰਵਾਈ ਕਰਨ ਦੀ ਲੋੜ ਹੈ।

## ਕਾਤਰਾਂ

### ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

**ਸਮਰਾਲਾ (ਸੁਰਜੀਤ ਸਿੰਘ)**-ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਯਾਦ ਕਰਦੇ ਹੋਏ ਸਕੂਲ ਵਿੱਚ ਬੱਚਿਆਂ ਅਤੇ ਸਟਾਫ਼ ਦੇ ਸਹਿਯੋਗ ਨਾਲ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਪੂਰੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸ਼੍ਰੀ ਅਖੰਡ ਪਾਠ ਜੀ ਦੇ ਪਾਠ ਤੇ ਭੋਗ ਉਪਰੰਤ ਬੱਚਿਆਂ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਿਧਾਂਤਾਂ ਸਬੰਧੀ ਕਵਿਤਾਵਾਂ, ਸ਼ਬਦ ਕੀਰਤਨ ਅਤੇ ਕਵੀਸ਼ਰੀਆਂ ਸੁਣਾਈਆਂ ਅਤੇ ਬੱਚਿਆਂ ਦੀ ਨਿਵੇਕਲੀ ਕਵਿਤਾ ਨਵੀ ਸੋਚ ਦੁਆਰਾ ਸਾਰੇ ਧਰਮਾਂ ਨੂੰ ਇਕੱਠੇ ਰਹਿਣ ਦਾ ਸੰਦੇਸ਼ ਦੇ ਕੇ ਗੁਰੂ ਨਾਨਕ ਜੀ ਦੇ ਸਾਂਝੀਵਾਲਤਾ ਦੇ ਉਪਦੇਸ਼ ਨੂੰ ਵੱਡਾ ਹੁੰਗਾਰਾ ਦਿੱਤਾ। ਸਿਕੰਦਰ ਸਿੰਘ ਦੀ ਰਹਿਨਮਾਈ ਹੇਠ ਵੱਖ-ਵੱਖ ਕਲਾਸਾਂ ਨੇ ਸ਼ਬਦ ਗਾਇਨ ਕੀਤਾ, ਜੋ ਹਾਜ਼ਰ ਮਾਪਿਆਂ ਨੇ ਬਹੁਤ ਪਸੰਦ ਕੀਤਾ। ਖਾਸ ਤੌਰ 'ਤੇ ਸ਼ਬਦ ਦਾ ਅਰਥ ਪਹਿਲਾਂ ਅੰਗਰੇਜ਼ੀ ਤੇ ਫਿਰ ਪੰਜਾਬੀ ਵਿੱਚ ਬੱਚਿਆਂ ਨੇ ਹਾਜ਼ਰ ਮਾਪਿਆਂ ਸਾਹਮਣੇ ਰੱਖਿਆ। ਇਸ ਮੌਕੇ ਸਕੂਲ ਦੇ ਚੇਅਰਮੈਨ ਦਲਜੀਤ ਸਿੰਘ ਸ਼ਾਹੀ, ਉਪ ਚੇਅਰਮੈਨ ਕਮਲਜੀਤ ਸਿੰਘ, ਸਕੂਲ ਦੇ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਰਣਜੋਤ ਕੌਰ ਤੇ ਡਾਇਰੈਕਟਰ ਸ਼੍ਰੀਮਤੀ ਸਰਬਜੀਤ ਕੌਰ ਜੀ ਨੇ ਸਾਰਿਆਂ ਨੂੰ ਇਸ ਪਵਿੱਤਰ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ ਦਿੱਤੀਆਂ।

### ਬਿਜਲੀ ਬੰਦ ਰਹੇਗੀ

**ਮੂਨਕ (ਰਾਜਪਾਲ ਸਿੰਗਲਾ)**-ਗਰਿੱਡ ਬੰਗਾਂ ਵਿੱਚ 66 ਕੇਵੀ ਲਾਈਨ ਦੀ ਮੇਂਟੀਨੈਂਸ ਨੂੰ ਲੈ ਕੇ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਬਿਜਲੀ ਸਪਲਾਈ ਬੰਦ ਰਹੇਗੀ। ਪਾਵਰਕੌਮ ਬਿਜਲੀ ਗਰਿਡ ਬੰਗਾ ਦੇ ਐਡੀਸ਼ਨਲ ਐਸਡੀਓ ਗੁਰਪ੍ਰੀਤ ਸਿੰਘ ਨੇ ਕਿਹਾ ਕਿ 14 ਦਸੰਬਰ ਨੂੰ 66 ਕੇਵੀ ਲਾਈਨ ਦੀ ਮੇਂਟੀਨੈਂਸ ਕਰਨ ਕਰਕੇ ਨਵੀਂ ਪੁਰਾਣੀ ਥੇੜੀ, ਰਾਜਲੇਹੜੀ, ਬੁਸੈਹਿਰਾ, ਯੂਪੀਐਸ ਬੰਗਾਂ ਤੇ ਕੈਂਟ 1 ਬੰਗਾ ਗਰਿਡ ਤੋਂ ਚੱਲਣ ਵਾਲੇ ਇਲਾਕੇ ਦੇ ਸਾਰੇ ਫੀਡਰਾਂ ਦੀ ਬਿਜਲੀ ਸਪਲਾਈ ਸਵੇਰੇ 8 ਵਜੇ ਤੋਂ ਸ਼ਾਮ 11 ਵਜੇ ਤੱਕ ਬੰਦ ਰਹੇਗੀ।

### 16 ਨੂੰ ਪੈਨਸ਼ਨਰ ਦਿਹਾੜਾ ਮਨਾਉਣ ਦਾ ਫ਼ੈਸਲਾ

**ਧੂਰੀ (ਬਿੰਨੀ ਗਰਗ, ਮੋਹਿਤ ਗਰਗ)**-ਸਮੂਹ ਪੈਨਸ਼ਨਰਜ਼ ਦੇ ਕਨਵੀਨਰ ਜੈਦੇਵ ਸ਼ਰਮਾ ਨੇ ਦੱਸਿਆ ਕਿ ਪਿਛਲੇ ਦਿਨੀਂ ਸਮੂਹ ਪੈਨਸ਼ਨਰਜ਼ ਤਹਿਸੀਲ ਧੂਰੀ ਦੀ ਹੰਗਾਮੀ ਮੀਟਿੰਗ ਕਨਵੀਨਰ ਜੰਗ ਸਿੰਘ ਬਾਦਸ਼ਾਹਪੁਰ ਦੀ ਪ੍ਰਧਾਨਗੀ ਹੇਠ ਹੋਈ। ਇਹ ਮੀਟਿੰਗ 16 ਦਸੰਬਰ ਨੂੰ ਬਾਰੂਮੱਲ ਦੀ ਧਰਮਸ਼ਾਲਾ 'ਚ ਮਨਾਏ ਜਾ ਰਹੇ ਪੈਨਸ਼ਨਰਜ਼ ਦਿਹਾੜੇ ਦੀ ਤਿਆਰੀ ਲਈ ਕੀਤੀ ਗਈ। ਸਟੇਜ ਸੰਚਾਲਨ ਦੀ ਭੂਮਿਕਾ ਜਸਵਿੰਦਰ ਸਿੰਘ ਮੂਲੋਵਾਲ ਵੱਲੋਂ ਬਾਖੂਬੀ ਨਿਭਾਈ ਗਈ। ਇਸ ਸਾਲ ਪੈਨਸ਼ਨਰਜ਼ ਦਿਹਾੜੇ ਦੇ ਮੁੱਖ ਮਹਿਮਾਨ ਹਰਦੇਵ ਸਿੰਘ ਜਵੰਧਾ ਸੇਵਾਮੁਕਤ ਮੁੱਖ ਅਧਿਆਪਕ ਤੇ ਪ੍ਰਧਾਨ ਦੀ ਭੂਮਿਕਾ ਸ੍ਰੀ ਗਿਰਧਾਰੀ ਲਾਲ ਸੇਵਾਮੁਕਤ ਅੰਕੜਾ ਸਹਾਇਕ ਨਿਭਾਉਣਗੇ। ਸਮਾਗਮ ਦੇ ਵਿਸ਼ੇਸ਼ ਮਹਿਮਾਨ ਸ੍ਰੀ ਜਯੋਤੀ ਪ੍ਰਸ਼ਾਦ ਕੋਠਿਆਲ ਮੈਨੇਜਰ, ਸਟੇਟ ਬੈਂਕ ਆਫ਼ ਇੰਡੀਆ (ਏ.ਡੀ.ਬੀ. ਬ੍ਰਾਂਚ) ਧੂਰੀ ਹੋਣਗੇ। ਮੀਟਿੰਗ ਵਿੱਚ ਸਾਧੂ ਸਿੰਘ ਮੀਰਹੇੜੀ, ਹਰਦੇਵ ਸਿੰਘ ਜਵੰਧਾ, ਰਾਮਗੋਪਾਲ ਸ਼ਰਮਾ, ਨੰਬਰਦਾਰ ਗੁਰਦਿਆਲ ਸਿੰਘ ਮੀਰਹੇੜੀ, ਰਣਜੀਤ ਸਿੰਘ ਢੀਂਡਸਾ, ਸੁਖਦੇਵ ਸਿੰਘ ਪੁਲਸ ਇੰਸਪੈਕਟਰ, ਹਰਬੰਸ ਸਿੰਘ ਸੋਢੀ, ਦਿਆਲ ਸਿੰਘ, ਗੁਲਜ਼ਾਰ ਸਿੰਘ, ਗਿਰਧਾਰੀ ਲਾਲ ਤੇ ਹੋਰ ਵੀ ਬਹੁਤ ਸਾਰੇ ਪੈਨਸ਼ਨਰਾਂ ਨੇ ਭਾਗ ਲਿਆ।

### ਸਾਲਾਨਾ ਸਪੋਰਟਸ ਮੀਟ ਕਰਾਈ




**ਦਿੜ੍ਹਬਾ (ਜਸਵੀਰ ਲਾਡੀ)**-ਹੋਲੀ ਹਾਰਟ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਛਾਜਲੀ ਵੱਲੋਂ ਪ੍ਰੀ-ਪ੍ਰਾਇਮਰੀ ਜਮਾਤਾਂ ਦੇ ਬੱਚਿਆਂ ਦੀ ਸਾਲਾਨਾ ਸਪੋਰਟਸ ਮੀਟ 2023 ਕਰਾਈ ਗਈ, ਜਿਸ ਵਿੱਚ ਬੱਚਿਆਂ ਨੇ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ। ਇਸ ਵਿੱਚ 40 ਮੀਟਰ ਦੌੜ, ਜੰਪ ਰੇਸ, ਜਿਗ ਜੈਗ ਰੇਸ, ਹੰਰਡਲ ਰੇਸ ਆਦਿ ਈਵੈਂਟ ਕਰਾਏ ਗਏ। ਇਨ੍ਹਾਂ ਖੇਡਾਂ ਦਾ ਮੰਤਵ ਬੱਚਿਆਂ ਨੂੰ ਖੇਡਾਂ ਨਾਲ ਜੋੜਨਾ ਹੈ। ਜੇਤੂ ਖਿਡਾਰੀਆਂ ਨੂੰ ਸਕੂਲ ਦੇ ਚੇਅਰਮੈਨ ਸ੍ਰੀ ਮਨਦੀਪ ਚੱਠਾ, ਡਾਇ: ਅੰਮ੍ਰਿਤਪਾਲ ਸਿੰਘ ਤੇ ਪ੍ਰਿੰਸੀਪਲ ਮੈਡਮ ਮਮਤਾ ਰਾਣੀ ਨੇ ਇਨਾਮ ਦਿੱਤੇ ਅਤੇ ਬੱਚਿਆਂ ਨੂੰ ਕਿਹਾ ਕਿ ਉਹ ਖੇਡਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣ ਤਾਂ ਜੁ ਸਰੀਰਕ ਤੌਰ 'ਤੇ ਤੰਦਰੁਸਤ ਰਹਿਣ। ਇਸ ਮੌਕੇ ਮੈਡਮ ਗੁਰਿੰਦਰ ਕੌਰ, ਮੋਨਿਕਾ ਜੋਸ਼ੀ, ਮਨਦੀਪ ਸਿੰਘ ਡੀ.ਪੀ.ਈ, ਹਰਵਿੰਦਰ ਸਿੰਘ, ਲਖਵਿੰਦਰ ਸਿੰਘ ਤੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

### ਏਡਜ਼ ਤੇ ਨਸ਼ਿਆਂ ਖਿਲਾਫ਼ ਸੈਮੀਨਾਰ

**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਬੀਰ ਕਲਾਂ ਵਿਖੇ ਪ੍ਰਿੰਸੀਪਲ ਡਾ. ਵੀ.ਕੇ ਰਾਏ ਤੇ ਚੇਅਰਮੈਨ ਡਾ. ਰਵਿੰਦਰ ਬਾਂਸਲ ਦੀ ਅਗਵਾਈ ਵਿੱਚ ਰੈੱਡ ਰਿਬਨ ਕਲੱਬ ਮਾਡਰਨ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਬੀਰ ਕਲਾਂ ਵੱਲੋਂ ਸੈਮੀਨਾਰ ਕਰਾਇਆ ਗਿਆ। ਸੈਮੀਨਾਰ ਵਿੱਚ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਸੰਗਰੂਰ ਅਰੁਣ ਕੁਮਾਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਸਮਾਜ ਵਿੱਚ ਦਿਨ ਪ੍ਰਤੀ ਦਿਨ ਵਧ ਰਹੀ ਨਸ਼ੇ ਦੀ ਬਿਮਾਰੀ, ਏਡਜ਼ ਤੇ ਹੋਰ ਬਿਮਾਰੀਆਂ ਦੇ ਸਬੰਧ ਵਿੱਚ ਜਾਗਰੂਕ ਕਰਨ ਲਈ ਯੁਵਕ ਸੇਵਾਵਾਂ ਵਿਭਾਗ ਪੰਜਾਬ ਵੱਲੋਂ ਬਹੁਤ ਹੀ ਸ਼ਲਾਘਾਯੋਗ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਤਹਿਤ ਸਕੂਲਾਂ ਅਤੇ ਕਾਲਜਾਂ ਵਿੱਚ ਸੈਮੀਨਾਰ ਲਾਏ ਜਾ ਰਹੇ ਹਨ ਅਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਰੈਲੀਆਂ ਵੀ ਕੱਢੀਆਂ ਜਾ ਰਹੀਆਂ ਹਨ। ਇਸ ਮੌਕੇ ਚੇਅਰਮੈਨ ਡਾ. ਰਵਿੰਦਰ ਬਾਂਸਲ ਨੇ ਕਿਹਾ ਕਿ ਕਾਲਜ ਵਿੱਚ ਸਮੇਂ-ਸਮੇਂ ਸਿਰ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਇਹੋ ਜਿਹੇ ਪ੍ਰੋਗਰਾਮ ਆਯੋਜਤ ਕੀਤੇ ਜਾਂਦੇ ਹਨ। ਇਸ ਮੌਕੇ ਵਿਦਿਆਰਥੀਆਂ ਲਈ ਪੋਸਟਰ ਮੇਕਿੰਗ, ਸਲੋਗਨ ਮੇਕਿੰਗ ਤੇ ਲੇਖ ਮੁਕਾਬਲੇ ਕਰਾਏ ਗਏ, ਜਿਨ੍ਹਾਂ ਦੇ ਨਤੀਜਿਆਂ ਵਿੱਚ ਸਾਨਿਆ ਨਾਗਪਾਲ ਨੇ ਪਹਿਲਾ, ਜਸਲੀਨ ਕੌਰ ਨੇ ਦੂਜਾ ਤੇ ਸਰਬਜੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਉਪਰੰਤ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਸੰਗਰੂਰ ਅਰੁਣ ਕੁਮਾਰ ਨੇ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਕਾਲਜ ਦਾ ਸਟਾਫ਼ ਤੇ ਵਿਦਿਆਰਥੀ ਸ਼ਾਮਲ ਰਹੇ।

# ਜ਼ਿਲ੍ਹੇ ਦੇ ਹਾਈ ਤੇ ਸੀਨੀਅਰ ਸੈਕੰਡਰੀ ਸਕੂਲਾਂ 'ਚ ਭਾਸ਼ਣ ਤੇ ਮਹਿੰਦੀ ਮੁਕਾਬਲੇ ਕਰਵਾਏ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਤੇ ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਡਾ.ਸੇਨੂ ਦੁੱਗਲ ਦੇ ਨਿਰਦੇਸ਼ਾਂ ਤੇ ਸਿੱਖਿਆ ਵਿਭਾਗ ਫਾਜ਼ਿਲਕਾ ਵੱਲੋਂ ਸਵੀਪ ਗਤੀਵਿਧੀਆਂ ਤਹਿਤ ਜ਼ਿਲ੍ਹੇ ਦੇ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ 'ਚ ਭਾਸ਼ਣ ਅਤੇ ਮਹਿੰਦੀ ਮੁਕਾਬਲੇ ਕਰਵਾਏ ਗਏ। ਸਕੂਲੀ ਵਿਦਿਆਰਥੀਆਂ ਨੇ ਇਨ੍ਹਾਂ ਮੁਕਾਬਲਿਆਂ ਰਾਹੀਂ ਜ਼ਿਲ੍ਹੇ ਦੇ ਲੋਕਾਂ ਨੂੰ ਵੋਟਾਂ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ। ਜ਼ਿਲ੍ਹਾ ਚੋਣ ਅਫਸਰ ਡਾ. ਸੇਨੂ ਦੁੱਗਲ ਨੇ ਦੱਸਿਆ ਕਿ ਸਿੱਖਿਆ ਵਿਭਾਗ ਫਾਜ਼ਿਲਕਾ ਵੱਲੋਂ ਜ਼ਿਲ੍ਹੇ ਦੇ ਲੋਕਾਂ ਨੂੰ ਵੋਟ ਦੇ ਹੱਕ ਪ੍ਰਤੀ ਜਾਗਰੂਕ ਕਰਨ ਲਈ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਵਿੱਚ ਸਵੀਪ ਤਹਿਤ ਵੱਖ-ਵੱਖ ਗਤੀਵਿਧੀਆਂ ਜਾਰੀ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦਾ ਕੋਈ ਵੀ ਨੌਜਵਾਨ ਵਿਦਿਆਰਥੀ ਵੋਟ ਦੇ ਅਧਿਕਾਰ ਤੋਂ ਵਾਂਝਾ ਨਾ ਰਹੇ। ਉਨ੍ਹਾਂ ਕਿਹਾ ਕਿ ਵੋਟ ਹਰੇਕ ਨਾਗਰਿਕ ਦਾ ਅਧਿਕਾਰ ਹੈ, ਪਰ ਬਿਨਾਂ ਕਿਸੇ ਲਾਲਚ, ਡਰ ਅਤੇ ਭੈਅ ਤੋਂ ਵੋਟ ਦਾ ਇਸਤੇਮਾਲ ਕਰਨਾ ਵੀ ਹਰੇਕ ਨਾਗਰਿਕ ਦਾ ਫਰਜ਼ ਹੈ। ਸਵੀਪ ਪ੍ਰੋਜੈਕਟ ਇੰਚਾਰਜ ਰਜਿੰਦਰ ਵਿਖੋਣਾ ਨੇ ਦੱਸਿਆ ਕਿ ਸਵੀਪ ਗਤੀਵਿਧੀਆਂ ਤਹਿਤ ਮਹਿੰਦੀ ਅਤੇ ਭਾਸ਼ਣ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਤ ਵੀ ਕੀਤਾ ਜਾਵੇਗਾ।

# ਗੈਰੀ ਬੜਿੰਗ ਤੇ ਰੇਮਨ ਸੰਧੂ ਨੂੰ ਖ਼ਜ਼ਾਨਾ ਮੰਤਰੀ ਤੇ ਹੋਰ ਆਗੂਆਂ ਨੇ ਦਿੱਤੀ ਵਧਾਈ

**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**
ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਤੇ ਰੇਮਨ ਸੰਧੂ ਨੇ ਵਿਆਹ ਤੋਂ ਬਾਅਦ ਅਨਾਜ ਮੰਡੀ ਵਿਖੇ ਇੱਕ ਸਮਾਗਮ ਕਰਾਇਆ ਗਿਆ। ਇਸ ਮੌਕੇ ਸੁਖਮਨੀ ਸਾਹਿਬ ਦੇ ਪਾਠ ਕਰਾਏ ਗਏ ਤੇ ਕੀਰਤਨੀ ਜਥੇ ਵੱਲੋਂ ਗੁਰਬਾਣੀ ਦੇ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਸਮਾਗਮ 'ਚ ਵੱਡੀ ਗਿਣਤੀ ਹਲਕਾ ਵਾਸੀਆਂ ਨੇ ਸ਼ਮੂਲੀਅਤ ਕੀਤੀ, ਉਥੇ ਹੀ ਪੰਜਾਬ ਦੇ ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ, ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਤੇ ਪਾਰਟੀ ਦੇ ਵਿਧਾਇਕ ਪਹੁੰਚੇ, ਜਿਨ੍ਹਾਂ ਵੱਲੋਂ ਨਵਵਿਆਹੀ ਜੋੜੀ ਨੂੰ ਆਸ਼ੀਰਵਾਦ ਦਿੱਤਾ ਗਿਆ।



ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਵਿਧਾਇਕ ਗੈਰੀ ਬੜਿੰਗ ਦਾ ਜ਼ਿੰਦਗੀ ਦਾ ਨਵਾਂ ਸਫ਼ਰ ਸੁਰੂ ਹੋਇਆ ਹੈ ਅਤੇ ਬਹੁਤ ਚੰਗੀ ਗੱਲ ਹੈ, ਜਿਨ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲਿਆ। ਉਨ੍ਹਾਂ ਅੱਗੇ ਕਿਹਾ ਕਿ ਵਿਧਾਇਕ ਗੈਰੀ ਬੜਿੰਗ ਨਾਲ ਮੇਰੀ ਲੰਮੇ ਅਰਸੇ ਤੋਂ ਨੇੜਤਾ ਹੈ। ਗੈਰੀ ਬੜਿੰਗ ਮਿਹਨਤੀ ਤੇ ਚੰਗੇ ਸੁਭਾਅ ਦੇ ਮਾਲਕ ਹਨ। ਬੜਿੰਗ ਦਾ ਆਮ ਆਦਮੀ ਪਾਰਟੀ ਨੂੰ ਮਜਬੂਤੀ ਅਤੇ ਬੁਲੰਦੀਆਂ ਵੱਲ ਲੈ ਕੇ ਜਾਣ ਵਿੱਚ ਵੱਡਾ ਯੋਗਦਾਨ ਹੈ। ਇਸ ਮੌਕੇ ਵਿਧਾਇਕ ਰੁਪਿੰਦਰ ਸਿੰਘ ਹੈਪੀ, ਵਿਧਾਇਕ ਜਮੀਲਉਰ ਰਹਿਮਾਨ, ਵਿਧਾਇਕ ਕੁਲਜੀਤ ਸਿੰਘ ਰੰਧਾਵਾ, ਵਿਧਾਇਕ ਦੇਵ ਮਾਨ, ਵਿਧਾਇਕ ਹਰਦੀਪ ਸਿੰਘ ਮੁੰਡੀਆਂ, ਪ੍ਰਭਜੋਤ ਕੌਰ ਚੇਅਰਪਰਸਨ ਮੋਹਾਲੀ, ਵਿਧਾਇਕ ਦਿਨੇਸ਼ ਚੱਢਾ, ਸਰਬਜੀਤ ਸਿੰਘ ਬੜਿੰਗ, ਗਗਨਦੀਪ ਕੌਰ, ਜਗਜੀਤ ਕੌਰ, ਸੀਨੀਅਰ ਆਗੂ ਮਨਿੰਦਰ ਸਿੰਘ ਮਨੀ ਸਿੰਘ, ਚੇਅਰਮੈਨ ਜੱਸੀ ਸੋਹੀਆਂ ਵਾਲਾ, ਪ੍ਰਧਾਨ ਪਰਮਵੀਰ ਸਿੰਘ ਮਾਂਗਟ, ਬਲਾਕ ਪ੍ਰਧਾਨ ਸਿਕੰਦਰ ਸਿੰਘ ਗੋਗੀ, ਪ੍ਰਧਾਨ ਦਰਸ਼ਨ ਸਿੰਘ ਚੀਮਾ, ਨਗਰ ਕੌਂਸਲ ਮੰਡੀ ਗੋਬਿੰਦਗੜ੍ਹ ਦੇ ਪ੍ਰਧਾਨ ਹਰਪ੍ਰੀਤ ਸਿੰਘ ਪ੍ਰਿੰਸ, ਐਡਵੋਕੇਟ ਅਮਰੀਕ ਸਿੰਘ ਔਲਖ, ਬਲਾਕ ਪ੍ਰਧਾਨ ਹਰਦੀਪ ਸਿੰਘ ਬੜਿੰਗ, ਚੇਅਰਪਰਸਨ ਸੁਖਵਿੰਦਰ ਕੌਰ, ਪ੍ਰਧਾਨ ਜਿੰਮੀ ਲਾਡਪੁਰ, ਕਿਸ਼ੋਰ ਚੰਦ, ਰਣਜੀਤ ਸਿੰਘ ਪਨਾਗ, ਬਲਾਕ ਪ੍ਰਧਾਨ ਅੰਮ੍ਰਿਤ ਬੁੱਗਾ, ਅਮਨਦੀਪ ਸਿੰਘ ਧਰਮਗੜ੍ਹ, ਯਾਦਵਿੰਦਰ ਸਿੰਘ ਮਾਨਗੜ੍ਹ, ਹਰਬੰਸ ਕੌਰ ਨੇਹਾ ਬਲਾਕ ਪ੍ਰਧਾਨ, ਤਰਨਦੀਪ ਸਿੰਘ ਬਦੇਸਾ, ਰਣਜੀਤ ਸਿੰਘ ਕੋਟਲੀ, ਅਸ਼ੀਸ਼ ਜਿੰਦਲ, ਕੁਲਦੀਪ ਦੀਪਾ, ਦਫ਼ਤਰ ਇੰਚਾਰਜ ਰਾਮ ਬਾਵਾ, ਦਫ਼ਤਰ ਅਮਲੋਹ ਲਤਾ ਠਾਕੁਰ ਅਤੇ ਵੱਡੀ ਗਿਣਤੀ ਪਰਵਾਰਕ ਮੈਂਬਰ ਮੌਜੂਦ ਸਨ।

# ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਸਾਂਝੇ ਫਰੰਟ ਨੇ ਧਰਨੇ 'ਚ ਕੀਤੀ ਸ਼ਮੂਲੀਅਤ




**ਲੁਧਿਆਣਾ (ਐੱਮ ਐੱਸ ਭਾਟੀਆ)**-ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਸਾਂਝੇ ਫਰੰਟ ਵੱਲੋਂ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਕਲੈਰੀਕਲ ਕਾਮਿਆਂ ਵੱਲੋਂ ਜਾਰੀ ਹੜਤਾਲ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਗਈ, ਜਿਸ ਵਿੱਚ ਗੁਰਮੇਲ ਸਿੰਘ ਮੈਲਡੇ, ਦਲੀਪ ਸਿੰਘ, ਸੁਸ਼ੀਲ ਕੁਮਾਰ, ਦਰਸ਼ਨ ਸਿੰਘ, ਹਰਬੰਸ ਸਿੰਘ ਪੰਧੇਰ, ਸੁਰਿੰਦਰ ਸਿੰਘ ਬੈਂਸ, ਹਰਜਿੰਦਰ ਸਿੰਘ ਸੀਲੋਂ, ਅਸ਼ੋਕ ਕੁਮਾਰ ਮੱਟੂ, ਦਰਸ਼ਨ ਸਿੰਘ ਥਰੀਕੇ, ਰਣਜੀਤ ਸਿੰਘ ਮੁੱਲਾਂਪੁਰ, ਜੈਵੀਰ, ਗਿਆਨ ਚੰਦ, ਮੰਗਤ ਰਾਮ, ਸਮੇਤ ਬਹੁਤ ਸਾਰੇ ਸਾਥੀ ਸ਼ਾਮਲ ਹੋਏ। ਉਪਰੋਕਤ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, ਡੀ ਏ ਦੀਆਂ ਕਿਸ਼ਤਾਂ ਜਾਰੀ ਕੀਤੀਆਂ ਜਾਣ, ਪੇ ਕਮਿਸ਼ਨ ਲਾਗੂ ਕੀਤਾ ਜਾਵੇ, ਕੱਚੇ ਕਾਮਿਆਂ ਨੂੰ ਪੱਕਾ ਕੀਤਾ ਜਾਵੇ, ਕੱਟੇ ਭੱਤੇ ਲਾਗੂ ਕੀਤੇ ਜਾਣ, 200 ਰੁਪਏ ਵਿਕਾਸ ਟੈਕਸ ਬੰਦ ਕੀਤਾ ਜਾਵੇ ਆਦਿ ਮੰਗਾਂ ਮੰਨਣ ਦੀ ਮੰਗ ਕੀਤੀ।

# ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ 19 ਨੂੰ ਲਾਇਆ ਜਾਵੇਗਾ ਰੋਸ ਧਰਨਾ

**ਨਾਭਾ (ਵਰਿੰਦਰ ਵਰਮਾ)**-ਪਿਛਲੇ ਲੰਮੇ ਸਮੇਂ ਤੋਂ ਨਾਭੇ ਦੇ ਵੱਖ-ਵੱਖ ਪਿੰਡਾਂ ਦੇ ਲਟਕ ਰਹੇ ਮਸਲਿਆਂ ਦਾ ਹੱਲ ਕਰਾਉਣ ਲਈ ਸਬੰਧੀ ਮਜ਼ਦੂਰ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ 'ਚ 19 ਦਸੰਬਰ ਨੂੰ ਰੋਸ ਧਰਨਾ ਲਾਇਆ ਜਾਵੇਗਾ।ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜ਼ੋਨਲ ਮੀਤ ਪ੍ਰਧਾਨ ਗੁਰਵਿੰਦਰ ਬੌੜਾ ਤੇ ਆਗੂ ਧਰਮਵੀਰ ਹਰੀਗੜ੍ਹ ਨੇ ਕਿਹਾ ਜਦੋਂ ਮਜ਼ਦੂਰਾਂ ਵੱਲੋਂ ਡੀਸੀ ਦਫ਼ਤਰ ਅੱਗੇ ਪੱਕਾ ਮੋਰਚਾ ਲਾਇਆ ਗਿਆ ਸੀ ਤਾਂ ਡੀ.ਸੀ ਪਟਿਆਲਾ ਵੱਲੋਂ ਮਜ਼ਦੂਰਾਂ ਦੇ ਸਾਰੇ ਮਸਲੇ ਹੱਲ ਕਰਵਾਉਣ ਦਾ ਭਰੋਸਾ ਦਿੰਦੇ ਹੋਏ ਨਾਭਾ ਇਲਾਕੇ ਦੇ ਮਾਮਲੇ ਹੱਲ ਕਰਾਉਣ ਦੀ ਜ਼ਿੰਮੇਵਾਰੀ ਮੀਟਿੰਗ ਵਿੱਚ ਮੌਜੂਦ ਐਸ.ਡੀ.ਐਮ ਨਾਭਾ ਦਮਨਦੀਪ ਕੌਰ ਦੀ ਲਾਈ ਸੀ।ਉਨ੍ਹਾਂ ਦੀ ਬਦਲੀ ਹੋਣ ਤੋਂ ਬਾਅਦ ਮਜ਼ਦੂਰਾਂ ਦੇ ਮਸਲਿਆਂ ਤੇ ਸਬੰਧਤ ਅਧਿਕਾਰੀਆਂ ਵੱਲੋਂ ਕੋਈ ਅਗਲੀ ਕਾਰਵਾਈ ਨਹੀਂ ਕੀਤੀ ਗਈ।ਇਸ ਲਈ ਅੱਜ ਸਾਹੀਸਮਾਧਾਂ ਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਇਲਾਕੇ ਦੇ ਇਕਾਈ ਮੈਂਬਰਾਂ ਦੀ ਮੀਟਿੰਗ ਕਰਕੇ ਐਲਾਨ ਕੀਤਾ ਕਿ ਮਜ਼ਦੂਰਾਂ ਦੇ ਮਸਲਿਆਂ ਦਾ ਹੱਲ ਕਰਾਉਣ ਲਈ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਸੰਘਰਸ਼ ਦਾ ਪਿੜ ਮੁੜ ਭਖਾਇਆ ਜਾਵੇਗਾ, ਜਿਸ ਦੀ ਸ਼ੁਰੂਆਤ 19 ਦਸੰਬਰ ਨੂੰ ਐਸ.ਡੀ.ਐਮ ਨਾਭਾ ਦੇ ਦਫ਼ਤਰ ਅੱਗੇ ਧਰਨੇ ਨਾਲ ਕੀਤੀ ਜਾਵੇਗੀ।ਇਸ ਮੌਕੇ ਹੋਰ ਆਗੂ ਨਿਰਮਲ ਸਿੰਘ, ਜਤਿੰਦਰ ਸਿੰਘ, ਲਖਵੀਰ ਸਿੰਘ, ਮਨਦੀਪ ਕੌਰ, ਸੰਦੀਪ ਕੌਰ, ਜਗਸੀਰ ਸਿੰਘ, ਬਲਵੀਰ ਸਿੰਘ ਤੇ ਨਾਥ ਸਿੰਘ ਆਦਿ ਹਾਜ਼ਰ ਸਨ।

# ਬੈਟਰ ਸਕਿੱਲ ਦੇ ਵਿਦਿਆਰਥੀਆਂ ਆਈਲਟਸ ਦੀ ਪ੍ਰੀਖਿਆ 'ਚ ਮਾਰੀਆਂ ਮੱਲਾਂ

**ਵਿਦਿਆਰਥੀਆਂ ਦੀ ਵਧੀਆ ਕੋਚਿੰਗ ਹੀ ਸਾਡਾ ਮੁੱਖ ਮਕਸਦ : ਡਾਇਰੈਕਟਰ ਬਲਜੀਤ ਸਿੰਘ**

**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਬੈਟਰ ਸਕਿੱਲ ਇਮੀਗ੍ਰੇਸ਼ਨ ਧਰਮਕੋਟ ਸ਼ਹਿਰ ਦੀ ਪਹਿਲੀ ਸ਼੍ਰੇਣੀ ਦੀ ਸੰਸਥਾ ਦੇ ਡਾਇਰੈਕਟਰ ਬਲਜੀਤ ਸਿੰਘ ਤੇ ਅਸਿਸਟੈਂਟ ਮੈਨੇਜਰ ਮਨਪ੍ਰੀਤ ਬਾਜਵਾ ਨੇ ਦੱਸਿਆ ਕਿ ਆਈਲਟਸ ਦੀ ਪ੍ਰੀਖਿਆ 'ਚ 2 ਵਿਦਿਆਰਥੀਆਂ ਨੇ ਮੱਲਾਂ ਮਾਰੀਆਂ, ਜਿਨ੍ਹਾਂ ਵਿੱਚ ਵਿਦਿਆਰਥੀਆਂ ਸਮੀਰ ਸ਼ਰਮਾ ਵਾਸੀ ਧਰਮਕੋਟ ਨੇ 6.5 ਬੈਂਡ ਤੇ ਸੁਮਨਪ੍ਰੀਤ ਸਿੰਘ ਵਾਸੀ ਕਿਸ਼ਨਪੁਰਾ ਸੈਦ ਨੇ 6.5 ਬੈਂਡ ਹਾਸਲ ਕੀਤੇ। ਡਾਇਰੈਕਟਰ ਬਲਜੀਤ ਸਿੰਘ ਤੇ ਅਸਿਸਟੈਂਟ ਮੈਨੇਜਰ ਮਨਪ੍ਰੀਤ ਬਾਜਵਾ ਵਿਦਿਅਰਥੀਆਂ ਨੂੰ ਸਰਟੀਫਿਕੇਟ ਸੌਂਪਦੇ ਹੋਏ ਦੂਸਰੇ ਵਿਦਿਆਰਥੀਆਂ ਨੂੰ ਵੀ ਇਸ ਤੋਂ ਪ੍ਰੇਰਨਾ ਲੈ ਕੇ ਸਖ਼ਤ ਮਿਹਨਤ ਕਰਦਿਆਂ ਆਪਣੇ ਸੁਪਨੇ ਸਾਕਾਰ ਕਰਨ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਸੰਸਥਾ ਵਿੱਚ ਤਜਰਬੇਕਾਰ ਸਟਾਫ਼ ਵਿਦਿਆਰਥੀਆਂ ਨੂੰ ਪੂਰੀ ਮਿਹਨਤ ਕਰਵਾ ਕੇ ਆਈਲਟਸ ਦੀ ਤਿਆਰੀ ਕਰਵਾਉਂਦੇ ਹਨ ਤੇ ਸੰਸਥਾ ਵਿੱਚ ਲੇਟੈਸਟ ਮਟੀਰੀਅਲ ਨਾਲ ਇਕੱਲੇ ਇਕੱਲੇ ਵਿਦਿਆਰਥੀ ਦੀ ਸਪੀਕਿੰਗ, ਰੀਡਿੰਗ ਲਿਸਨਿੰਗ ਰਾਈਟਿੰਗ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਇਥੇ ਵਿਦਿਆਰਥੀਆਂ ਨੂੰ ਐਕਸਟਰਾ ਕਲਾਸਾਂ ਦੀ ਸਹੂਲਤ ਵੀ ਦਿੱਤੀ ਜਾਂਦੀ ਹੈ। ਇਸ ਮੌਕੇ ਡਾਇਰੈਕਟਰ ਬਲਜੀਤ ਸਿੰਘ ਤੇ ਅਸਿਸਟੈਂਟ ਮੈਨੇਜਰ ਮਨਪ੍ਰੀਤ ਬਾਜਵਾ ਵਿਦਿਅਰਥੀਆਂ ਨੂੰ ਵਧਾਈ ਦਿੰਦਿਆਂ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਦੱਸਿਆ ਕਿ ਇਕੋ ਛੱਤ ਹੇਠ ਸਾਰੀਆਂ ਸਹੂਲਤਾਂ ਮਿਲ ਰਹੀਆਂ ਹਨ, ਸਟੱਡੀ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ ਤੇ ਆਈਲਟਸ ਅਤੇ ਪੀਟੀਈ ਕੋਚਿੰਗ ਵੀ ਦਿੱਤੀ ਜਾਂਦੀ ਹੈ। ਇਸ ਮੌਕੇ ਡਾਇਰੈਕਟਰ ਬਲਜੀਤ ਸਿੰਘ ਤੋਂ ਇਲਾਵਾ ਸਮੁੱਚਾ ਸਟਾਫ ਹਾਜ਼ਰ ਸੀ।



# ਐਡਵੋਕੇਟ ਰੰਧਾਵਾ ਦੀ ਪੂਰੀ ਟੀਮ ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ : ਨਵਦੀਪ ਸਿੰਘ ਢਿੱਲੋਂ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਬਾਰ ਐਸੋਸੀਏਸ਼ਨ ਦੀਆਂ ਚੋਣਾਂ ਲਈ ਚੋਣ ਅਖਾੜਾ ਪੂਰੀ ਤਰ੍ਹਾਂ ਭਖਿਆ ਹੋਇਆ ਹੈ, ਜਿਸ ਵਿੱਚ ਕਰਮਜੀਤ ਸਿੰਘ ਰੰਧਾਵਾ ਦੀ ਪੂਰੀ ਟੀਮ ਸ਼ਾਨਦਾਰ ਜਿੱਤ ਪ੍ਰਾਪਤ ਕਰਨ ਜਾ ਰਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਾਬਕਾ ਪ੍ਰਧਾਨ ਨਵਦੀਪ ਸਿੰਘ ਢਿੱਲੋਂ ਨੇ ਕੀਤਾ। ਉਨ੍ਹਾਂ ਕਿਹਾ ਕਿ ਕਰਮਜੀਤ ਸਿੰਘ ਰੰਧਾਵਾ ਨੂੰ ਵਕੀਲ ਵੋਟਰਾਂ ਦਾ ਭਾਰੀ ਸਮਰਥਨ ਮਿਲ ਰਿਹਾ ਹੈ, ਜਿਸ ਕਰਕੇ ਉਨ੍ਹਾਂ ਦੇ ਸਾਰੇ ਗਰੁੱਪ ਦੀ ਜਿੱਤ ਯਕੀਨੀ ਬਣ ਚੁੱਕੀ ਹੈ ਹੁਣ ਤਾਂ ਇਹ ਵੇਖਣਾ ਹੈ ਕਿ ਰੰਧਾਵਾ ਕਿੰਨੀਆਂ ਵੋਟਾਂ ਨਾਲ ਜਿੱਤ ਪ੍ਰਾਪਤ ਕਰਦਾ ਹੈ। ਨਵਦੀਪ ਸਿੰਘ ਢਿੱਲੋਂ ਨੇ ਦੱਸਿਆ ਕਿ ਕਰਮਜੀਤ ਸਿੰਘ ਰੰਧਾਵਾ ਨੂੰ ਉਨ੍ਹਾਂ ਦੇ ਗਰੁੱਪ ਤੋਂ ਇਲਾਵਾ ਬਹੁਤ ਸਾਰੇ ਸੀਨੀਅਰ ਵਕੀਲਾਂ ਦਾ ਸਮਰਥਨ ਮਿਲ ਰਿਹਾ ਹੈ ਅਤੇ ਸੀਨੀਅਰ ਵਕੀਲ ਹੀ ਉਸ ਦੀ ਚੋਣ ਮੁਹਿੰਮ ਨੂੰ ਜਿੱਤ ਵੱਲ ਅੱਗੇ ਤੋਰ ਰਹੇ ਹਨ। ਉਨ੍ਹਾਂ ਦੱਸਿਆ ਕਿ ਕਰਮਜੀਤ ਸਿੰਘ ਰੰਧਾਵਾ ਵਕੀਲ ਸਾਹਿਬਾਂਾਂ ਤੋਂ ਆਪਣੇ ਲਈ ਹੀ ਨਹੀਂ, ਸਗੋਂ ਆਪਣੀ ਸਾਰੀ ਟੀਮ ਲਈ ਵੋਟਾਂ ਮੰਗ ਰਹੇ ਹਨ ਅਤੇ ਉਹ ਆਪ ਵੀ ਖੁਦ ਚੋਣ ਮੁਹਿੰਮ ਵਿੱਚ ਕਰਮਜੀਤ ਰੰਧਾਵਾ ਦਾ ਪੂਰਾ ਸਾਥ ਦੇ ਰਹੇ ਹਨ। 15 ਦਸੰਬਰ ਦੀ ਸਾਮ ਨੂੰ ਪਤਾ ਲੱਗੇਗਾ ਕਿ ਰੰਧਾਵਾ ਕਿੰਨੇ ਵੱਧ ਵੋਟਾਂ ਦੇ ਫ਼ਰਕ ਨਾਲ ਜਿੱਤ ਪ੍ਰਾਪਤ ਕਰਦੇ ਹਨ।



# ਪੇਂਡੂ ਬੇਰੁਜ਼ਗਾਰ ਨੌਜਵਾਨਾਂ ਲਈ ਦੋ ਹਫਤੇ ਦਾ ਡੇਅਰੀ ਫਾਰਮਿੰਗ ਸਿਖਲਾਈ ਕੋਰਸ 18 ਤੋਂ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਡੇਅਰੀ ਵਿਕਾਸ ਵਿਭਾਗ ਪੰਜਾਬ ਦੇ ਡਾਇਰੈਕਟਰ ਕੁਲਦੀਪ ਸਿੰਘ ਜੱਸੋਵਾਲ ਦੀ ਅਗਵਾਈ ਹੇਠ ਡੇਅਰੀ ਵਿਕਾਸ ਵਿਭਾਗ / ਪੰਜਾਬ ਡੇਅਰੀ ਵਿਕਾਸ ਬੋਰਡ ਵੱਲੋਂ 2 ਹਫਤਿਆਂ ਦੀ ਡੇਅਰੀ ਸਿਖਲਾਈ ਦਾ ਤੇਰ੍ਹਵਾਂ ਬੈਚ 18 ਦਸੰਬਰ ਨੂੰ ਡੇਅਰੀ ਸਿਖਲਾਈ ਕੇਂਦਰ ਅਬੁਲ ਖੁਰਾਣਾ ਜ਼ਿਲ੍ਹਾ ਮੁਕਤਸਰ ਸਾਹਿਬ ਵਿਖੇ ਚਲਾਇਆ ਜਾ ਰਿਹਾ ਹੈ। ਇਹ ਜਾਣਕਾਰੀ ਡਿਪਟੀ ਡਾਇਰੈਕਟਰ ਡੇਅਰੀ, ਫਾਜ਼ਿਲਕਾ ਰਣਦੀਪ ਕੁਮਾਰ ਹਾਂਡਾ ਨੇ ਦਿੱਤੀ।
ਉਨ੍ਹਾਂ ਦੱਸਿਆ ਕਿ ਖੇਤੀ 'ਚ ਵਿਭਿੰਨਤਾ ਲਿਆਉਣ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਡੇਅਰੀ ਦੇ ਕਿੱਤੇ ਨੂੰ ਸਹਾਇਕ ਧੰਦੇ ਵਜੋਂ ਅਪਣਾਉਣ ਲਈ 2 ਹਫਤੇ ਦੀ ਡੇਅਰੀ ਸਿਖਲਾਈ ਕਰਵਾਈ ਜਾਣੀ ਹੈ। ਇਸ ਸਿਖਲਾਈ ਕੋਰਸ ਵਿੱਚ ਜ਼ਿਲ੍ਹਾ ਫਾਜ਼ਿਲਕਾ ਨਾਲ ਸਬੰਧਤ ਨੌਜਵਾਨ ਲੜਕੇ-ਲੜਕੀਆਂ ਜੋ ਘੱਟੋ-ਘੱਟ 5ਵੀਂ ਪਾਸ ਹੋਣ, ਉਮਰ 18 ਤੋਂ 50 ਸਾਲ ਦਰਮਿਆਨ ਹੋਵੇ, ਪੇਂਡੂ ਖੇਤਰ ਨਾਲ ਸਬੰਧਤ ਹੋਣ, ਗਰੰਟੀ ਅਤੇ ਹਰੇ ਚਾਰੇ ਦੀ ਬਿਜਾਈ ਵਾਸਤੇ ਜ਼ਮੀਨ ਦਾ ਪ੍ਰਬੰਧ ਹੋਵੇ, ਇਸ ਸਿਖਲਾਈ 'ਚ ਭਾਗ ਲੈ ਸਕਦੇ ਹਨ। ਸਿਖਲਾਈ ਉਪਰੰਤ ਵਿਭਾਗ ਵੱਲੋਂ ਸਬੰਧਤਾਂ ਨੂੰ ਵੱਖ ਵੱਖ ਬੈਂਕਾਂ ਤੋਂ ਡੇਅਰੀ ਕਰਜ਼ੇ ਦੀ ਸੁਵਿਧਾ ਰਾਹੀਂ 2 ਤੋਂ 20 ਪਸ਼ੂਆਂ ਦੇ ਡੇਅਰੀ ਯੂਨਿਟ ਸਥਾਪਤ ਕਰਵਾ ਕੇ 25 ਪ੍ਰਤੀਸ਼ਤ ਜਨਰਲ ਅਤੇ 33 ਪ੍ਰਤੀਸ਼ਤ ਅਨੁਸੂਚਿਤ ਜਾਤੀ ਲਈ ਸਬਸਿਡੀ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਚਾਹਵਾਨ ਲੜਕੇ-ਲੜਕੀਆਂ ਇਸ ਸਬੰਧੀ ਵਧੇਰੇ ਜਾਣਕਾਰੀ ਲਈ ਸੁਮਿਤ ਨਾਲ ਮੋਬਾਈਲ ਨੰ: 95694-60200 'ਤੇ ਸੰਪਰਕ ਕਰ ਸਕਦੇ ਹਨ।

# ਬਾਬਾ ਮੱਘਰ ਸਿੰਘ ਰਾਮਗੜ੍ਹ ਭੁੱਲਰ ਵਾਲਿਆਂ ਦਾ ਆਗਮਨ ਪੁਰਬ ਸ਼ੁਰੂ



**ਜਗਰਾਓਂ (ਨਛੱਤਰ ਸੰਧੂ)**-ਪਿੰਡ ਰਾਮਗੜ੍ਹ ਭੁੱਲਰ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਐਨ ਆਰ ਆਈ ਵੀਰਾਂ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਮਹਾਨ ਸੰਤ ਸਿਪਾਹੀ ਸੰਤ ਬਾਬਾ ਮੱਘਰ ਸਿੰਘ ਜੀ ਰਾਮਗੜ੍ਹ ਭੁੱਲਰ ਵਾਲਿਆਂ ਦਾ 133ਵਾਂ ਆਗਮਨ ਪੁਰਬ 6 ਤੋਂ 14 ਦਸੰਬਰ ਤੱਕ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਪ੍ਰਧਾਨ ਮਾ. ਬਰਜਿੰਦਰਪਾਲ ਸਿੰਘ ਅਤੇ ਖ਼ਜ਼ਾਨਚੀ ਅਵਤਾਰ ਸਿੰਘ ਭੁੱਲਰ ਨੇ ਦੱਸਿਆ ਕਿ ਇਸ ਸਮਾਗਮ ਨੂੰ ਲੈ ਕੇ ਲਗਾਤਾਰ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਚੱਲ ਰਹੀ ਹੈ। ਇਸ ਦੌਰਾਨ ਦੂਜੀ ਲੜੀ ਦੇ ਭੋਗ ਪਾਏ ਗਏ। ਉਪਰੰਤ ਅਖੰਡ ਪਾਠ ਆਰੰਭ ਕੀਤੇ ਗਏ। 12 ਦਸੰਬਰ ਨੂੰ ਸ੍ਰੀ ਅਖੰਡ ਪਾਠ ਪ੍ਰਕਾਸ਼ ਕੀਤੇ ਗਏ, ਜਿਨ੍ਹਾਂ ਦੇ ਭੋਗ 14 ਦਸੰਬਰ ਨੂੰ ਪਾਏ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਸਮਾਪਤੀ ਸਮਾਗਮ ਸਮੇਂ ਰਾਤ ਅਤੇ ਦਿਨ ਸਮੇਂ ਮਹਾਂਪੁਰਸ਼ ਗਿਆਨੀ ਜਸਵੰਤ ਸਿੰਘ ਮੰਜੀ ਸਾਹਿਬ ਵਾਲੇ, ਗਿਆਨੀ ਜਗਤਾਰ ਸਿੰਘ ਦਮਦਮੀ ਟਕਸਾਲ ਵਾਲੇ ਤੋਂ ਇਲਾਵਾ ਢਾਡੀ ਜੱਥਾ ਸਰੂਪ ਸਿੰਘ ਕੰਡਿਆਣਾ, ਸੁਖਵਿੰਦਰ ਸਿੰਘ ਸੁਤੰਤਰ, ਬੀਬੀ ਰਾਜਵੰਤ ਕੌਰ ਖਾਲਸਾ, ਗੁਰੇਤਜ ਸਿੰਘ ਰਾਹੀ ਬੱਧਨੀ ਕਲਾਂ, ਬਿੱਕਰ ਸਿੰਘ ਕੜਾਕਾ, ਪੰਡਤ ਸੋਮਨਾਥ ਪਿਆਰੇ ਲਾਲ ਰੋਡਿਆਂ ਵਾਲੇ ਤੇ ਸਤਨਾਮ ਸਿੰਘ ਚਮਿੰਡਾ ਦਾ ਢਾਡੀ ਜੱਥਾ ਪਹੁੰਚ ਕੇ ਸੰਗਤਾਂ ਨੂੰ ਗੁਰ ਇਤਿਹਾਸ ਸੁਣਾਏਗਾ। ਇਸ ਸਮੇਂ ਉਨ੍ਹਾਂ ਨਾਲ ਜਗਤਾਰ ਸਿੰਘ, ਚਰਨਜੀਤ ਸਿੰਘ, ਸੰਤੋਖ ਸਿੰਘ, ਗੁਰਜੀਤ ਸਿੰਘ, ਦਲੀਪ ਸਿੰਘ ਗੋਗੀ, ਗੀਤਾ ਫੌਜੀ, ਪਾਲ ਸਿੰਘ, ਤੇਜਾ ਸਿੰਘ, ਬੂਟਾ ਸਿੰਘ, ਜਗਰੂਪ ਸਿੰਘ, ਗੁਰਲਾਲ ਸਿੰਘ, ਗੁਰਚਰਨ ਸਿੰਘ, ਜਸਪ੍ਰੀਤ ਸਿੰਘ, ਮੀਤ ਪ੍ਰਧਾਨ ਬੂਟਾ ਸਿੰਘ, ਸਤਨਾਮ ਸਿੰਘ, ਜਸਵੰਤ ਸਿੰਘ ਲਾਲੀ ਤੇ ਸੁਖਪਾਲ ਸਿੰਘ ਆਦਿ ਹਾਜ਼ਰ ਸਨ।

# ਪਾਵਰਕਾਮ ਦੇ ਪੈਨਸ਼ਨਰਜ਼ ਵੱਲੋਂ ਮਨਿਸਟਰੀਅਲ ਸਟਾਫ਼ ਦੀ ਕਲਮ ਛੋੜ ਹੜਤਾਲ ਦੀ ਪੁਰਜ਼ੋਰ ਹਮਾਇਤ



**ਸਮਰਾਲਾ (ਸੁਰਜੀਤ ਸਿੰਘ)**-ਪਾਵਰਕਾਮ ਤੇ ਟਰਾਂਸਕੋ ਮੰਡਲ ਦੇ ਪੈਨਸ਼ਨਰਾਂ ਦੀ ਮਹੀਨਾਵਾਰ ਮੀਟਿੰਗ ਸਿਕੰਦਰ ਸਿੰਘ ਮੰਡਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਪ੍ਰੈੱਸ ਸਕੱਤਰ ਜਗਤਾਰ ਸਿੰਘ ਨੇ ਦੱਸਿਆ ਕਿ ਮੀਟਿੰਗ ਵਿੱਚ ਸਭ ਤੋਂ ਪਹਿਲਾਂ ਪੈਨਸ਼ਨਰਜ਼/ਪਰਵਾਰਕ ਮੈਂਬਰ, ਜੋ ਵਿਛੋੜਾ ਦੇ ਗਏ ਸਨ, ਜਿਨ੍ਹਾਂ ਵਿੱਚ ਐਸ.ਡੀ.ਓ. ਪ੍ਰੇਮ ਸਿੰਘ ਦੇ ਮਾਤਾ ਪ੍ਰੀਤਮ ਕੌਰ ਤੇ ਪਰਮਜੀਤ ਪਤਨੀ ਸਵ: ਅਜੈਬ ਸਿੰਘ ਜਟਾਣਾ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਵਿੱਚ ਪੈਸ਼ਨਰਜ਼ ਦੇ ਭਖਦੇ ਮਸਲੇ ਜਿਵੇਂ ਬਿਜਲੀ ਦੀ ਵਰਤੋਂ ਵਿੱਚ ਰਿਆਇਤ ਦੇਣਾ, ਪੇ ਸਕੇਲ ਸੋਧਣਾ, ਡੀ.ਏ. ਦੀਆਂ ਪੈਂਡਿੰਗ ਕਿਸ਼ਤਾਂ ਦੇਣਾ ਤੇ ਬਕਾਏ ਜਾਰੀ ਕਰਨਾ, ਕੈਸ਼ਲੈੱਸ ਮੈਡੀਕਲ ਸਕੀਮ ਚਾਲੂ ਕਰਨਾ, ਮੈਡੀਕਲ ਬਿੱਲ ਸਮੇਂ ਸਿਰ ਪਾਸ ਕਰਨਾ ਤੇ ਪੈਨਸ਼ਰਜ਼ ਨੂੰ ਆ ਰਹੀਆਂ ਔਕੜਾਂ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਪਿਛਲੇ ਦਿਨੀਂ ਮੰਡਲ ਸਮਰਾਲਾ ਵਿਖੇ ਕੀਤੇ ਸਨਮਾਨ ਸਮਾਰੋਹ ਦੀ ਪੜਚੋਲ ਕੀਤੀ ਗਈ ਤੇ ਜੋ ਪੰਜ ਪੈਨਸ਼ਨਰਜ਼ ਕਿਸੇ ਕਾਰਨ ਕਰਕੇ ਸਨਮਾਨਤ ਕਰਨ ਤੋਂ ਰਹਿ ਗਏ ਸਨ, ਉਨ੍ਹਾਂ ਦਾ ਅੱਜ ਦੀ ਮੀਟਿੰਗ ਵਿੱਚ ਸਨਮਾਨਤ ਕੀਤਾ ਗਿਆ। ਬੁਲਾਰਿਆਂ ਨੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਸਰਕਾਰ ਤੇ ਪਾਵਰਕਾਮ ਮਹਿਕਮੇ ਵੱਲੋਂ ਕੀਤੀ ਜਾ ਰਹੀ ਅਣਦੇਖੀ ਤੇ ਟਾਲ ਮਟੋਲ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਜੇਕਰ ਸਰਕਾਰ ਨੇ ਪੈਨਸ਼ਨਰਾਂ ਦੀਆਂ ਮੰਗਾਂ ਵੱਲ ਜਲਦੀ ਧਿਆਨ ਨਾ ਦਿੱਤਾ ਗਿਆ ਤਾਂ ਆਉਣ ਵਾਲੇ ਚੜ੍ਹਦੇ ਸਾਲ ਜਨਵਰੀ ਵਿੱਚ ਤਿੱਖਾ ਸੰਘਰਸ਼ ਛੇੜ ਕੇ ਸਰਕਾਰ ਵਿਰੁੱਧ ਜ਼ੋਨਲ ਧਰਨੇ, ਹੈੱਡ ਆਫਿਸ ਪਟਿਆਲਾ ਵਿਖੇ ਰੋਸ ਮੁਜ਼ਾਹਰੇ ਕੀਤੇ ਜਾਣਗੇ। ਮੀਟਿੰਗ ਵਿੱਚ ਪੰਜਾਬ ਸਰਕਾਰ ਦੇ ਮਨਿਸਟਰੀਅਲ ਸਟਾਫ਼ ਜੋ ਲੰਬੇ ਸਮੇਂ ਤੋਂ ਕਲਮ ਛੋੜ ਹੜਤਾਲ 'ਤੇ ਹਨ, ਉਨ੍ਹਾਂ ਦੇ ਸੰਘਰਸ਼ ਦੀ ਪੁਰਜ਼ੋਰ ਹਮਾਇਤ ਕੀਤੀ ਗਈ।

# ਅਕਾਲੀ ਦਲ ਲੋਕ ਭਲਾਈ ਸਕੀਮਾਂ ਦਾ ਜਨਮਦਾਤਾ : ਜਰਨੈਲ ਸਿੰਘ

**ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਦਾ ਪਾਤੜਾਂ ਆਉਣ 'ਤੇ ਭਰਵਾਂ ਸਵਾਗਤ**



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**
ਸ਼੍ਰੋਮਣੀ ਅਕਾਲੀ ਦੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਜਥੇਦਾਰ ਜਰਨੈਲ ਸਿੰਘ ਕਰਤਾਰਪੁਰ ਦਾ ਪ੍ਰਧਾਨ ਬਣਨ ਉਪਰੰਤ ਪਹਿਲੀ ਵਾਰ ਪਾਤੜਾਂ ਪਹੁੰਚਣ 'ਤੇ ਦਲ ਦੇ ਸ਼ਹਿਰੀ ਪ੍ਰਧਾਨ ਗੋਬਿੰਦ ਸਿੰਘ ਵਿਰਦੀ ਦੇ ਦਫਤਰ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਤੇ ਵਰਕਰਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਸੀਨੀਅਰ ਅਕਾਲੀ ਆਗੂ ਜਗਮੀਤ ਸਿੰਘ ਹਰਿਆਊ ਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਸਾਬਕਾ ਚੇਅਰਮੈਨ ਮਹਿੰਦਰ ਸਿੰਘ ਲਾਲਵਾ ਦੀ ਅਗਵਾਈ ਵਿੱਚ ਅਕਾਲੀ ਵਰਕਰਾਂ ਨੇ ਸਿਰਪਾਓ ਪਾ ਕੇ ਜਥੇਦਾਰ ਕਰਤਾਰਪੁਰ ਦਾ ਸਨਮਾਨ ਕੀਤਾ।
ਸਨਮਾਨ ਹਾਸਲ ਕਰਨ ਨੂੰ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਜਰਨੈਲ ਸਿੰਘ ਕਰਤਾਰਪੁਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬੀਆਂ ਦੀ ਇੱਕੋ ਇੱਕ ਪ੍ਰਮਾਣਿਤ ਪਾਰਟੀ ਹੈ ਤੇ ਇਸ ਦਾ ਇਤਿਹਾਸ ਪੰਜਾਬ ਲਈ ਦਿੱਤੀਆਂ ਗਈਆਂ ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਜਦੋਂ ਜਦੋਂ ਵੀ ਸੂਬੇ ਉੱਤੇ ਕਿਸੇ ਤਰ੍ਹਾਂ ਦੀ ਭੀੜ ਬਣੀ ਅਕਾਲੀ ਦਲ ਦੇ ਵਰਕਰਾਂ ਨੇ ਅੱਗੇ ਹੋ ਕੇ ਆਪਣੀ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਇਆ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਸੂਬੇ 'ਚ ਕੀਤੇ ਗਏ ਵਿਕਾਸ ਕੰਮਾਂ ਦਾ ਜ਼ਿਕਰ ਕਰਦਿਆਂ ਉਨ੍ਹਾ ਕਿਹਾ ਕਿ ਲੋਕ ਭਲਾਈ ਦੀਆਂ ਜਿੰਨੀਆਂ ਵੀ ਸਕੀਮਾਂ ਸੂਬੇ ਵਿੱਚ ਚੱਲ ਰਹੀਆਂ ਹਨ, ਉਨ੍ਹਾਂ ਦਾ ਜਨਮਦਾਤਾ ਸ਼੍ਰੋਮਣੀ ਅਕਾਲੀ ਦਲ ਹੈ। ਬੁਢਾਪਾ ਤੇ ਵਿਧਵਾ ਪੈਨਸਸ਼, ਸ਼ਗਨ ਸਕੀਮ, ਆਟਾ-ਦਾਲ ਸਕੀਮ ਤੋਂ ਇਲਾਵਾ ਸੂਬੇ ਨੂੰ ਬਿਜਲੀ ਦੇ ਖੇਤਰ ਵਿੱਚ ਆਤਮ ਨਿਰਭਰ ਬਣਾਉਣਾ ਅਕਾਲੀ ਦਲ ਦੀ ਸਰਕਾਰ ਦੀਆਂ ਅਹਿਮ ਪ੍ਰਾਪਤੀਆਂ ਰਹੀਆਂ ਹਨ, ਪਰ ਬਦਕਿਸਮਤੀ ਦੀ ਗੱਲ ਹੈ ਕਿ ਕੁਝ ਪੰਜਾਬ ਵਿਰੋਧੀ ਤਾਕਤਾਂ ਨੇ ਝੂਠਾ ਪ੍ਰਾਪੇਗੰਡਾ ਕਰਕੇ ਪਾਰਟੀ ਨੂੰ ਬਦਨਾਮ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਉਨ੍ਹਾਂ ਵਰਕਰਾਂ ਨੂੰ ਆਉਣ ਵਾਲੀਆਂ ਚੋਣਾਂ ਲਈ ਤਿਆਰ ਰਹਿਣ ਦਾ ਸੱਦਾ ਦਿੰਦਿਆਂ ਕਿਹਾ ਕਿ ਅਕਾਲੀ ਦਲ ਸਦਾ ਚੜ੍ਹਦੀ ਕਲਾ ਵਿੱਚ ਰਿਹਾ ਹੈ ਤੇ ਆਉਣ ਵਾਲੇ ਸਮੇਂ ਵਿੱਚ ਵੀ ਚੜ੍ਹਦੀ ਕਲਾ ਵਿੱਚ ਰਹੇਗਾ। ਸੂਬੇ ਦੇ ਹਿੱਤਾਂ ਵਿੱਚ ਇਸ ਦਾ ਮਜ਼ਬੂਤ ਹੋਣਾ ਬੇਹੱਦ ਜ਼ਰੂਰੀ ਹੈ, ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਵਰਕਰ ਪਾਰਟੀ ਲਈ ਜੀ-ਜਾਨ ਨਾਲ ਕੰਮ ਕਰਨ। ਉਨ੍ਹਾਂ ਭਰੋਸਾ ਦਿੱਤਾ ਕਿ ਪਾਰਟੀ ਵਿੱਚ ਕੰਮ ਕਰਨ ਵਾਲੇ ਹਰ ਵਰਕਰ ਨੂੰ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਥੇਦਾਰ ਲਖਵਿੰਦਰ ਸਿੰਘ ਮੌਲਵੀਵਾਲਾ, ਜੋਗਾ ਸਿੰਘ ਸਿੱਧੂ, ਗੁਰਿੰਦਰ ਸਿੰਘ ਭੰਗੂ ਤੇ ਕ੍ਰਿਸ਼ਨ ਸਿੰਘ ਦੁਗਾਲ ਆਦਿ ਹਾਜ਼ਰ ਸਨ।

# ਮਹਾਂਵੀਰ ਚੱਕਰ ਵਿਜੇਤਾ ਸਹਾਇਕ ਕਮਾਡੈਂਟ ਸ਼ਹੀਦ ਰਾਮ ਕ੍ਰਿਸ਼ਨ ਵਧਵਾ ਤੇ ਸਾਥੀਆਂ ਨੂੰ ਸ਼ਰਧਾਂਜਲੀਆਂ

**ਵਿਧਾਇਕ ਰਜਨੀਸ਼ ਦਹੀਆ, ਸ਼ਹੀਦਾਂ ਦੇ ਪਰਵਾਰਾਂ ਤੇ ਵੱਡੀ ਗਿਣਤੀ ਸਥਾਨਕ ਆਗੂਆਂ ਨੇ ਕੀਤੀ ਸਮਾਗਮ 'ਚ ਸ਼ਿਰਕਤ**



**ਮਮਦੋਟ (ਜਸਬੀਰ ਸਿੰਘ ਕੰਬੋਜ)**
ਸ਼ਹੀਦ ਆਰ ਕੇ ਵਧਵਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਮਦੋਟ ਵਿਖੇ 1971 ਦੀ ਹਿੰਦ-ਪਾਕਿ ਜੰਗ ਦੇ ਸ਼ਹੀਦਾਂ ਦੀ ਯਾਦ ਵਿੱਚ ਸ਼ਹੀਦੀ ਸਮਾਗਮ ਕਰਵਾਇਆ ਗਿਆ। ਬੀ ਐੱਸ ਐੱਫ ਦੇ ਪਹਿਲੇ ਮਹਾਵੀਰ ਚੱਕਰ ਵਿਜੇਤਾ ਸਹਾਇਕ ਕਮਾਂਡੈਂਟ ਸ੍ਰੀ ਰਾਮ ਕ੍ਰਿਸ਼ਨ ਵਧਵਾ, ਇੰਸਪੈਕਟਰ ਭਾਗਵਤ ਸਿੰਘ, ਸਬ ਇੰਸਪੈਕਟਰ ਇਕਬਾਲ ਸਿੰਘ, ਸਿਪਾਹੀ ਸੁੱਖਾ ਸਿੰਘ, ਰਾਮ ਸਿੰਘ, ਓਮ ਪ੍ਰਕਾਸ਼, ਟਹਿਲ ਸਿੰਘ ਤੇ ਸਰਦੂਲ ਸਿੰਘ ਕੁੱਕ ਨੂੰ ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਇਸ ਮੌਕੇ ਮੁੱਖ ਮਹਿਮਾਨ ਹਲਕਾ ਵਿਧਾਇਕ ਐਡਵੋਕੇਟ ਰਜਨੀਸ਼ ਦਹੀਆ ਫਿਰੋਜ਼ਪੁਰ ਦਿਹਾਤੀ, ਸ਼ਹੀਦ ਰਾਮ ਕ੍ਰਿਸ਼ਨ ਵਧਵਾ ਦੇ ਭਰਾ ਸੇਵਾ ਮੁਕਤ ਡਿਪਟੀ ਕਮਾਂਡੈਂਟ ਸੁਭਾਸ਼ ਚੰਦਰ ਵਧਵਾ ਸਮੇਤ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ, ਆਮ ਆਦਮੀ ਪਾਰਟੀ ਦੇ ਅਹੁਦੇਦਾਰਾਂ ਤੇ ਸਥਾਨਕ ਆਗੂਆਂ ਵੱਲੋਂ ਸ਼ਹੀਦਾਂ ਨੂੰ ਸਜਦਾ ਕੀਤਾ ਗਿਆ। ਇਸ ਮੌਕੇ ਵਿਧਾਇਕ ਰਜਨੀਸ਼ ਦਹੀਆ ਨੇ ਕਿਹਾ ਕਿ ਅਸੀਂ ਅੱਜ ਜੋ ਅਜ਼ਾਦੀ ਮਾਣ ਰਹੇ ਹਾਂ, ਉਹ ਇਨ੍ਹਾਂ ਸ਼ਹੀਦਾਂ ਦੀ ਬਦੌਲਤ ਹੀ ਹੈ। ਇਸ ਮੌਕੇ ਵਿਧਾਇਕ ਰਜਨੀਸ਼ ਦਹੀਆ ਵੱਲੋਂ ਸ਼ਹੀਦ ਆਰ ਕੇ ਵਧਵਾ ਦੇ ਭਰਾ ਸੁਭਾਸ਼ ਚੰਦਰ ਵਧਵਾ, ਇੰਸਪੈਕਟਰ ਭਗਵੰਤ ਸਿੰਘ ਦੀ ਪੁੱਤਰੀ ਸ਼ਿਆਰ ਕੰਨਵਰ, ਕਾਂਸਟੇਬਲ ਰਾਮ ਸਿੰਘ ਦੀ ਪਤਨੀ ਸ੍ਰੀਮਤੀ ਵਿੱਦਿਆ, ਕਾਂਸਟੇਬਲ ਸੁੱਖਾ ਸਿੰਘ ਦੀ ਪੁੱਤਰੀ ਰਾਜਬੀਰ ਕੌਰ, ਕਾਂਸਟੇਬਲ ਓਮ ਪ੍ਰਕਾਸ਼ ਦੀ ਪਤਨੀ ਸੇਵਾਪੰਥੀ, ਕੁੱਕ ਸਰਦੂਲ ਸਿੰਘ ਦੇ ਭਰਾ ਮੁਕੇਸ਼ ਸਿੰਘ, ਕੁੱਕ ਟਹਿਲ ਦੀ ਪਤਨੀ ਜੱਲੋ ਬੀਬੀ ਸਮੇਤ ਸ਼ਹੀਦਾਂ ਦੇ ਪਰਵਾਰਾਂ ਨੂੰ ਸ਼ਾਲ ਤੇ ਸ਼ੀਲਡ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਜਸਵਿੰਦਰ ਸਿੰਘ ਬਲਾਕ ਸਿੱਖਿਆ ਅਫਸਰ, ਬਲਰਾਜ ਸਿੰਘ ਸੰਧੂ ਮਮਦੋਟ ਬਲਾਕ ਪ੍ਰਭਾਰੀ ਫਿਰੋਜ਼ਪੁਰ, ਡਾ. ਅਮ੍ਰਿਤਪਾਲ ਸੋਢੀ, ਐੱਮ ਸੀ ਬਾਜ ਸਿੰਘ, ਐੱਮ ਸੀ ਬਲਵਿੰਦਰ ਸਿੰਘ, ਬਲਵੀਰ ਸਿੰਘ ਫੱਤੇ ਵਾਲਾ ਹਿਠਾੜ ਬਲਾਕ ਪ੍ਰਧਾਨ, ਬਲਵਿੰਦਰ ਸਿੰਘ ਰਾਉਕੇ ਬਲਾਕ ਪ੍ਰਧਾਨ, ਬਲਾਕ ਪ੍ਰਧਾਨ, ਰਜਵੰਤ ਸਿੰਘ ਸੋਢੀ ਡਾਇਰੈਕਟਰ, ਬਲਵਿੰਦਰ ਸਿੰਘ ਲੱਡੂ ਹਜ਼ਾਰਾ, ਡਾ. ਦਲਜੀਤ ਸਿੰਘ, ਬਲਜੀਤ ਸਿੰਘ ਸਿੱਧੂ ਚੇਅਰਮੈਨ ਸਕੂਲ ਮੈਨੇਜਮੈਂਟ ਕਮੇਟੀ ਤੇ ਹਕੀਮ ਬਲਵੀਰ ਸਿੰਘ ਜੱਲੋ ਕੇ ਸਮੇਤ ਵੱਡੀ ਗਿਣਤੀ ਵਿੱਚ ਵੱਖ ਵੱਖ ਸਿਆਸੀ ਆਗੂ ਤੇ ਬੀ ਐੱਸ ਐੱਫ ਦੇ ਅਫਸਰ ਸਾਹਿਬਾਨ ਹਾਜ਼ਰ ਸਨ।

# 6ਵਾਂ ਪੇ-ਕਮਿਸ਼ਨ ਨਾ ਮੰਨਣ ’ਤੇ ਸਰਕਾਰ ਖਿਲਾਫ ਸ਼ਾਂਤਮਈ ਮੋਰਚਾ ਵਿੱਢਣ ਦਾ ਐਲਾਨ




**ਮੋਹਾਲੀ (ਗੁਰਜੀਤ ਬਿੱਲਾ)**-: ਪ੍ਰਾਈਵੇਟ ਕਾਲਜ ਨਾਨ-ਟੀਚਿੰਗ ਇੰਪਲਾਈਜ਼ ਯੂਨੀਅਨ ਦੇ ਮੁਲਾਜ਼ਮ ਪਿਛਲੇ ਕਾਫੀ ਸਮੇਂ ਤੋਂ ਸਮੇਂ ਸਮੇਂ ਦੀਆਂ ਪੰਜਾਬ ਸਰਕਾਰਾਂ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਅਤੇ ਜਾਇਜ਼ ਮੰਗਾਂ ਨਾ ਮੰਨਣ ਕਾਰਨ ਨਰਕ ਭਰੀ ਜ਼ਿੰਦਗੀ ਜਿਊਣ ਅਤੇ ਰੋਸ ਮੁਜ਼ਾਹਰਾ ਕਰਨ ਲਈ ਮਜ਼ਬੂਰ ਹਨ। ਇਸੇ ਤਹਿਤ ਯੂਨੀਅਨ ਵਲੋਂ ਡੀਪੀਆਈ (ਕਾਲਜ) ਮੋਹਾਲੀ ਦਫ਼ਤਰ ਅੱਗੇ 15 ਦਸੰਬਰ ਨੂੰ ਸ਼ਾਂਤਮਈ ਰੋਸ ਮੁਜ਼ਾਹਰਾ ਕਰਨ ਦਾ ਐਲਾਨ ਕੀਤਾ ਗਿਆ ਹੈ। ਇਥੇ ਮੋਹਾਲੀ ਪ੍ਰੈਸ ਕਲੱਬ ਵਿਖੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਬੋਲਦਿਆਂ ਸਹਾਇਤਾ ਪ੍ਰਾਪਤ ਕਾਲਜਾਂ ਦੇ ਯੂਨੀਅਨ ਦੇ ਕਾਰਜਕਾਰੀ ਪ੍ਰਧਾਨ ਰਾਜੀਵ ਸ਼ਰਮਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਨੇ ਦੱਸਿਆ ਕਿ ਸੂਬਾ ਸਰਕਾਰ ਨੇ 1.9.1978 ਵਿਚ ਇਹ ਐਲਾਨ (ਪੇ-ਪੈਰਿਟੀ) ਕੀਤਾ ਸੀ ਕਿ ਸਰਕਾਰੀ ਕਾਲਜਾਂ ਦੇ ਨਾਨ ਟੀਚਿੰਗ ਸਟਾਫ਼ ਦੀ ਤਰਜ਼ ਉਤੇ ਹੀ ਸਹਾਇਤਾ ਪ੍ਰਾਪਤ ਕਾਲਜਾਂ ਦੇ ਕਰਮਚਾਰੀਆਂ ਨੂੰ ਵੀ ਮਿਲੇਗਾ। ਪਰ ਸਰਕਾਰ ਵਲੋਂ ਮਤਰੇਈ ਮਾਂ ਵਾਲਾ ਸਲੂਕ ਕਰਦਿਆਂ ਸਰਕਾਰੀ ਕਾਲਜਾਂ ਦੇ ਨਾਨ ਟੀਚਿੰਗ ਕਰਮਚਾਰੀਆਂ ਨੂੰ 6ਵੇਂ ਤਨਖਾਹ ਕਮਿਸ਼ਨ ਅਤੇ ਲਾਭ-ਭੱਤੇ ਪਿਛਲੇ ਦੋ ਸਾਲਾਂ ਤੋਂ ਦਿੱਤੇ ਜਾ ਰਹੇ ਹਨ, ਜਦਕਿ ਸਾਨੂੰ ਇਸ ਲਾਭ ਤੋਂ ਵਾਂਝਾ ਰੱਖਿਆ ਗਿਆ ਹੈ, ਜੋ ਸਾਡੇ ਨਾਲ ਸਰਾਸਰ ਜ਼ਿਆਦਤੀ ਹੈ। ਆਗੂਆਂ ਕਿਹਾ ਕਿ ਸਰਕਾਰ ਵਲੋਂ ਸਬੰਧਤ ਕਾਲਜਾਂ ਕੋਲੋਂ ਵਾਰ ਵਾਰ ਡਾਟੇ ਦੀ ਮੰਗ ਕਰਕੇ ਇਹ ਦਰਸਾਉਂਦੀ ਹੈ ਕਿ ਉਹ ਟਾਲ ਮਟੋਲ ਦੀ ਨੀਤੀ ਤਹਿਤ ਡੰਗ ਟਪਾ ਰਹੀ ਹੈ। ਆਗੂਆਂ ਨੇ ਅੱਗੇ ਦੱਸਿਆ ਕਿ ਇਸ ਸਬੰਧੀ ਉਹ ਪੰਜਾਬ ਦੀ ਆਪ ਸਰਕਾਰ ਦੇ ਉਚੇਰੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਵੀ ਮੀਟਿੰਗ ਕਰ ਚੁੱਕੇ ਹਨ, ਪਰ ਪਰਨਾਲਾ ਉਥੇ ਦਾ ਉਥੇ ਹੀ ਹੈ। ਉਹਨਾਂ ਕਿਹਾ ਕਿ ਇਨ੍ਹਾਂ ਕਾਲਜਾਂ ਵਿਚ ਕਰੀਬ 2600 ਪੋਸਟਾਂ ਹਨ, ਜਿਨ੍ਹਾਂ ਵਿਚੋਂ ਸਿਰਫ਼ 825 ਮੁਲਾਜ਼ਮ ਕਰ ਰਹੇ ਨੇ ਕੰਮ, ਜਦਕਿ ਬਾਕੀ ਆਸਾਮੀਆਂ ਉਪਰ ਸਰਕਾਰ ਵਲੋਂ ਬੈਨ ਲਾਇਆ ਗਿਆ ਹੈ। ਇਥੇ ਹੀ ਬਸ ਨਹੀਂ ਸਗੋਂ 5ਵੇਂ ਪੇ ਕਮਿਸ਼ਨ ਵਿਚ ਵੀ ਵਰਗ ਨੂੰ ਸੋਧੇ ਹੋਏ ਸਕੇਲ, ਮਕਾਨ ਅਤੇ ਮੈਡੀਕਲ ਭੱਤਿਆਂ ਦਾ ਪੂਰਾ ਲਾਭ ਨਹੀਂ ਦਿੱਤਾ ਗਿਆ। ਉਪਰੋਕਤ ਆਗੂਆਂ ਨੇ ਇਹ ਐਲਾਨ ਕੀਤਾ ਕਿ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਕਾਰਵਾਈਆਂ ਨੂੰ ਦੇਖਦਿਆਂ ਆਖਰ ਸਾਨੂੰ ਸੰਘਰਸ਼ ਦੇ ਰਾਹ ਤੁਰਨ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਇਸ ਲਈ ਸਾਡੀ ਜਥੇਬੰਦੀ ਨੇ ਇਹ ਫੈਸਲਾ ਕੀਤਾ ਹੈ ਕਿ ਏਡਿਡ ਕਾਲਜਾਂ ਨੂੰ ਬੰਦ ਕਰਕੇ ਡੀਪੀਆਈ (ਕਾਲਜਾਂ) ਮੋਹਾਲੀ ਦਫ਼ਤਰ ਅੱਗੇ ਆਉਂਦੀ 15 ਦਸੰਬਰ 2023 ਨੂੰ ਸਵੇਰੇ 11.00 ਵਜੇ ਤੋਂ 1.30 ਵਜੇ ਤੱਕ ਸ਼ਾਂਤਮਈ ਰੋਸ ਮੁਜ਼ਾਹਰਾ ਕੀਤਾ ਜਾਵੇਗਾ। ਇਸ ਦੌਰਾਨ ਜੇਕਰ ਕੋਈ ਅਨਹੋਣੀ ਘੱਟਦੀ ਹੈ ਤਾਂ ਇਸਦੀ ਸਾਰੇ ਜ਼ਿੰਮੇਵਾਰੀ ਮੌਜੂਦਾ ਸੂਬਾ ਸਰਕਾਰ ਦੀ ਹੋਵੇਗੀ। ਨਾਲ ਹੀ ਯੂਨੀਅਨ ਆਗੂਆਂ ਵਲੋਂ ਸਰਕਾਰ ਅੱਗੇ ਇਹ ਮੰਗ ਕੀਤੀ ਗਈ ਸਾਡੀਆਂ ਜ਼ਰੂਰੀ ਮੰਗਾਂ ਨੂੰ ਜਲਦ ਤੋਂ ਜਲਦ ਲਾਗੂ ਕੀਤਾ ਜਾਵੇ, ਤਾਂ ਜੋ ਸਮੂਹ ਮੁਲਾਜ਼ਮ ਆਪਣੀ ਅਤੇ ਪਰਿਵਾਰ ਦੀ ਜ਼ਿੰਦਗੀ ਬਸਰ ਕਰ ਸਕਣ। ਇਸ ਮੌਕੇ ਜਥੇਬੰਦੀ ਦੇ ਸਲਾਹਕਾਰ ਸਵਿੰਦਰ ਸਿੰਘ ਗੋਲਾ, ਰਵੀ ਮੈਣੀ, ਦੀਪਕ ਸ਼ਰਮਾ, ਮੈਡਮ ਨਿਰਮਲ ਕੌਰ, ਅਮਰੀਕ ਸਿੰਘ ਰਾਜਲਾ, ਪ੍ਰੇਮ ਸਿੰਘ ਸੁਪਰਡੈਂਟ, ਹਰਵਿੰਦਰ ਸਿੰਘ, ਸਰਬਜੀਤ ਸਿੰਘ, ਰਵਿੰਦਰ ਕੁਮਾਰ, ਰਵਿੰਦਰਜੀਤ ਸਿੰਘ ਵਿਰਕ, ਬਚਿੱਤਰ ਸਿੰਘ, ਤੇਜਿੰਦਰ ਸਿੰਘ ਸੀਨੀਅਰ ਲੈਕਚਰਾਰ, ਨਵਦੀਪ ਸਿੰਘ ਆਦਿ ਹਾਜ਼ਰ ਸਨ।

# ਗਲੋਬਲ ਫੋਰਮ ਜਲਵਾਯੂ ਤਬਦੀਲੀ ਤੇ ਖੇਤੀਬਾੜੀ ਵੱਲੋਂ ਬੇਲਾ ਕਾਲਜ ’ਚ ਸੈਮੀਨਾਰ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੈਂਬੀ)** ਗਲੋਬਲ ਫੋਰਮ ਵੱਲੋਂ ਜਲਵਾਯੂ ਤਬਦੀਲੀ ਅਤੇ ਭੋਜਨ ਸੁਰੱਖਿਆ ਵਿਸ਼ੇ ’ਤੇ ਸੈਮੀਨਾਰ ਆਯੋਜਿਤ ਕੀਤਾ ਗਿਆ। ਫੋਰਮ ਦੇ ਕੇ ਕਨਵੀਨਰ ਦਵਿੰਦਰ ਸਿੰਘ ਜਟਾਣਾ ਨੇ ਦੱਸਿਆ ਕਿ ਇਸ ਵਿਸ਼ੇ ’ਤੇ ਵਾਤਾਵਰਨ ਆਦਿ ਨੂੰ ਲੈ ਕੇ ਇਹ ਉਹਨਾਂ ਵਲੋਂ ਤੀਸਰਾ ਸੈਮੀਨਾਰ ਹੈ,ਪਹਿਲੇ ਦੋ ਕੈਲੇਫੋਰਨੀਆ ਸੂਬੇ ਵਿੱਚ ਕੀਤੇ ਗਏ । ਸੈਮੀਨਾਰ ਵਿੱਚ ਮੁੱਖ ਬੁਲਾਰੇ ਦੇ ਤੌਰ ’ਤੇ ਪੰਜਾਬ ਫਾਰਮਰਜ਼ ਤੇ ਲੇਬਰ ਵਰਕਰ ਕਮਿਸ਼ਨ ਦੇ ਚੇਅਰਮੈਨ ਡਾ. ਸੁਖਪਾਲ ਸਿੰਘ ਤੇ ਕਲਾਈਮੇਟ ਚੇਂਜ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਮੁਖੀ ਡਾ. ਪਵਨੀਤ ਕੌਰ ਕਿੰਗਰਾ ਸਨ । ਅ ਜ ਬ ਅ ਸ ਜ ਜ ਸ ਮੈਮੋਰੀਅਲ ਕਾਲਜ ਬੇਲਾ ਬਾਇਓਟੈਕਨਾਲੋਜੀ ਵਿਭਾਗ ਦੀ ਮੁਖੀ ਡਾ. ਮਮਤਾ ਅਰੋੜਾ ਨੇ ਆਏ ਬੁਲਾਰਿਆਂ ਅਤੇ ਵਿਸ਼ੇ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਉਪਰੰਤ ਪੀ ਜੀ ਕਾਲਜ ਪ੍ਰਿੰਸੀਪਲ ਡਾ. ਸਤਵੰਤ ਕੌਰ ਸਾਹੀ ਨੇ ਆਪਣੇ ਸੰਖੇਪ ਸੁਆਗਤੀ ਸ਼ਬਦਾਂ ਵਿੱਚ ਸਾਰਿਆਂ ਨੂੰ ਜੀ ਆਇਆਂ ਆਖਦਿਆਂ ਅਜੋਕੇ ਸਮੇਂ ਵਿੱਚ ਦੂਸ਼ਿਤ ਵਾਤਾਵਰਨ ਦਾ ਮਨੁੱਖੀ ਜੀਵਨ ਤੇ ਜਹਿਰੀਲੀਆਂ ਗੈਸਾਂ ਦੇ ਦੁਰ ਪ੍ਰਭਾਵ ਦਾ ਜ਼ਿਕਰ ਕੀਤਾ ।ਉਹਨਾਂ ਦੇਵਿੰਦਰ ਸਿੰਘ ਜਟਾਣਾ ਤੇ ਹਰਸ਼ਰਨ ਸਿੰਘ ਗਿੱਲ ਯੂ ਐਸ ਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਡਾ. ਪਵਨੀਤ ਕੌਰ ਨੇ ਵਿਸਥਾਰ ਵਿੱਚ ਦਸਦਿਆਂ ਕਿਹਾ ਕਿ ਜਲਵਾਯੂ ਤਬਦੀਲੀ ਦੋ ਤਰ੍ਹਾਂ ਦੀ ਹੁੰਦੀ ਹੈ, ਇੱਕ



ਕੁਦਰਤੀ ਵਰਤਾਰੇ ਰਾਹੀਂ ਤੇ ਦੂਸਰੀ ਮਨੁੱਖ ਦੁਆਰਾ ਆਪਣੀਆਂ ਨਿਤਾ ਪ੍ਰਤੀ ਗਤੀ ਵਿਧੀਆਂ ਰਾਹੀਂ। ਕੁਦਰਤੀ ਕਾਰਨਾਂ ਵਿੱਚ ਅਸੀਂ ਬਹੁਤਾ ਨਹੀਂ ਕਰ ਸਕਦੇ ਪਰੰਤੂ ਮਨੁੱਖੀ ਕਾਰਨਾਂ ਕਾਰਨ ਹੋ ਰਹੇ ਨੁਕਸਾਨਾਂ ਨੂੰ ਰੋਕਣ ਵਿੱਚ ਸਹਾਈ ਹੋ ਸਕਦੇ ਹਾਂ ਉਹਨਾਂ ਕਿਹਾ ਕਾਰਖਾਨਿਆਂ ,ਵਾਹਨਾਂ ਦੀ ਬੇਲੋੜੀ ਵਰਤੋਂ ,ਬੇਤਰਤੀਬ ਬਿਲਡਿੰਗ ਉਸਾਰੀਆਂ ਤੇ ਦਰਖਤਾਂ ਦੀ ਕਟਾਈ ਵਿੱਚ ਉਹਨੇ ਮਨੁੱਖ ਸਹੀ ਦਿਸ਼ਾ ਲੈ ਸਕਦਾ ਹੈ। ਉਹਨਾਂ ਕਿਹਾ ਸਿਰਫ ਕਾਰਖਾਨਿਆਂ ਤੇ ਵਾਹਨਾਂ ਰਾਹੀਂ 31 ਫੀਸਦੀ ਜਹਿਰੀਲੀਆਂ ਗੈਸਾਂ ਪੈਦਾ ਹੁੰਦੀਆਂ ਹਨ। ਦੂਜੇ ਕਨਵੀਨਰ ਹਰਸ਼ਰਨ ਸਿੰਘ ਗਿੱਲ ਕੈਲੇਫੋਰਨੀਆ ਨੇ ਕਿਹਾ ਕਿ ਸਿੰਘਾਪੁਰ ਦੀ ਇੱਕ ਖੋਜ ਮੁਤਾਬਕ ਜੇ ਅਸੀਂ ਨਾਂ ਸੰਭਲੇ ਆਉਂਦੇ ਥੋੜੇ ਸਮੇਂ ਬਾਦ ਸਾਡੇ ਬੱਚਿਆਂ ਨੂੰ ਸਾਹ ਲੈਣਾ ਔਖਾ ਹੋਵੇਗਾ। ਬੇਹਿਸਾਬੀ ਤਪਸ਼ ਕਾਰਨ ਮਨੁੱਖ ਤਾਂ ਕੀ ਮਸ਼ੀਨਰੀ ਖੇਤਾਂ ਵਿਚ ਕੰਮ ਨਹੀਂ ਕਰ ਸਕੇਗੀ। ਮੁੱਖ ਬੁਲਾਰੇ ਡਾ. ਸੁਖਪਾਲ ਸਿੰਘ ਚੇਅਰਮੈਨ ਫਾਰਮਰਜ ਕਮਿਸ਼ਨ ਪੰਜਾਬ ਸਰਕਾਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਪੰਜਾਬ ਤੋਂ ਲੈਕੇ ਯੂਪੀ ਬਿਹਾਰ ਬੰਗਾਲ ਤੱਕ ਦਾ ਗੰਗਾ ਖੇਤਰ ਦੁਨੀਆ ਵਿਚ ਸਭ ਤੋਂ ਵੱਧ ਉਪਜਾਊ ਤੇ ਮਿਹਨਤੀ ਕਿਸਾਨਾਂ ਮਜਦੂਰਾਂ ਦਾ ਇਲਾਕਾ ਹੈ ਪਰੰਤੂ ਮਨੁੱਖ ਤੇ ਸਰਕਾਰਾਂ ਦੋਵੇਂ ਜਲਵਾਯੂ ਤਬਦੀਲੀ ਦੇ ਨੁਕਸਾਨਾਂ ਤੋਂ ਖਤਰਨਾਕ ਹੱਦ ਤੱਕ ਅਵੇਸਲੀਆਂ ਹਨ । ਨੈਸ਼ਨਲ ਗਰੀਨ ਟਰਬਿਊਨਲ ,ਪਰਦੂਸ਼ਨ ਕੰਟਰੋਲ ਬੋਰਡਾਂ ਦੀਆਂ ਸ਼ਕਤੀਆਂ ਘਟਾ ਕੇ ਕਾਰਪੋਰੇਟਾਂ ਨੂੰ ਲਾਭ ਪਹੁੰਚਾਇਆ ਜਾ ਰਿਹਾ ਹੈ ।ਉੱਨਤੀ ਦੇ ਨਾਂਅ ’ਤੇ ਜੰਗਲੀ ਰਕਬਾ ਘਟਾਇਆ ਜਾ ਰਿਹਾ ਹੈ । ਹਰ ਰੋਜ ਤਿੰਨ ਕਿਸਾਨ ਤੇ ਖੇਤ ਕਾਮੇ ਖੁਦਕੁਸ਼ੀ ਕਰ ਰਹੇ ਹਨ । ਸਾਨੂੰ ਆਪਣਾ ਉੱਨਤੀ ਮਾਡਲ ਮੁੜ ਵਿਚਾਰਨਾ ਹੋਵੇਗਾ ,ਨਹੀਂ ਤਾਂ ਸਾਡਾ ਇਹ ਉਪਜਾਊ ਖੇਤਰ ਅਣਕਿਆਸੀ ਜਲਵਾਯੂ ਤਬਦੀਲੀ ਕਾਰਨ ਭੋਜਨ ਸੁਰੱਖਿਆ ਦੇਣ ਦੇ ਕਾਬਿਲ ਨਹੀਂ ਰਹੇਗਾ। ਸਰਕਾਰ ਤੇ ਲੋਕਾਂ ਦੇ ਸਾਂਝੇ ਉੱਦਮ ਦੀ ਲੋੜ ਹੈ। ਸੈਮੀਨਾਰ ਵਿੱਚ ਪਰਗਟ ਸਿੰਘ ਰੋਲੂ ਮਾਜਰਾ,ਬਲਵਿੰਦਰ ਸਿੰਘ ਜਟਾਣਾ, ਜਸਬੀਰ ਸਿੰਘ ਨੰਬਰਦਾਰ ਕਿਸਾਨ ਆਗੂ ,ਸੁਖਵਿੰਦਰ ਸਿੰਘ ਵਿਸਕੀ ,ਡਾ. ਕਿਰਪਾਲ ਸਿੰਘ ,ਗੁਰਮੇਲ ਸਿੰਘ ਕਾਲਜ ਪ੍ਰਬੰਧਕ ਕਮੇਟੀ , ਅਜਮੇਰ ਸਿੰਘ ,ਸਤਵਿੰਦਰ ਸਿੰਘ ,ਦਿਆਲ ਸਿੰਘ ਸਰਪੰਚ, ਰੋਹਿਤ ਸਭਰਵਾਲ , ਤਰਲੋਚਨ ਸਿੰਘ , ਸਵਰਨ ਸਿੰਘ ਭੰਗੂ ਕਾਲਜ ਪ੍ਰੋਫੈਸਰ ਤੇ ਵਿਦਿਆਰਥੀਆਂ ਨੇ ਭਾਗ ਲਿਆ। ਆਏ ਮਹਿਮਾਨਾਂ ਨੂੰ ਡਾ. ਸਲੇਸ਼ ਸ਼ਰਮਾ ,ਡਾ. ਸਾਹੀ ਤੇ ਕੁਲਤਾਰ ਸਿੰਘ ਰਜਨੀ ਹਰਬਲ ਨੇ ਯਾਦਗਾਰੀ ਚਿੰਨ ਦਿੱਤੇ ।

## ਬਾਬਾ ਸਾਹਿਬ ਦੇ ਪ੍ਰੀਨਿਰਵਾਣ ਦਿਵਸ ’ਤੇ ਸ਼ਰਧਾ ਦੇ ਫੁੱਲ ਭੇਟ

*__ਆਦਮਪੁਰ ( ਪਰਮਜੀਤ ਸਿੰਘ )__:— ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਜੀ ਦੇ 68ਵੇਂ ਪ੍ਰੀਨਿਰਵਾਣ ਦਿਵਸ ਮੌਕੇ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ ਚੂਹੜਵਾਲੀ ’ਚ ਸੰਤ ਨਿਰਮਲ ਦਾਸ ਜੀ ਬਾਬੇ ਜੌੜੇ ਦੇ ਆਸ਼ੀਰਵਾਦ ਸਦਕਾ ਭੈਣ ਸੰਤੋਸ਼ ਕੁਮਾਰੀ ਨਾਰੀ ਸਕਤੀ ਫਾਊਂਡੇਸ਼ਨ ਦੀ ਦੇਖਰੇਖ ਹੇਠ ਤੇ ਸਮੂਹ ਸਕੂਲ ਸਟਾਫ ਦੇ ਸਹਿਯੋਗ ਨਾਲ ਬਾਬਾ ਸਾਹਿਬ ਜੀ ਦੀ ਪ੍ਰਤਿਮਾ ’ਤੇ ਫੁੱਲ ਮਾਲਾਵਾਂ ਪਾ ਕੇ ਸ਼ਰਧਾ ਸੁਮਨ ਭੇਟ ਕੀਤੇ ਗਏ। ਇਸ ਮੌਕੇ ਭੈਣ ਸੰਤੋਸ਼ ਕੁਮਾਰੀ ਨੇ ਸਕੂਲ ਦੇ ਬੱਚਿਆਂ ਨੂੰ ‘ਪੜ੍ਹੋ-ਲਿਖੋ ਤੇ ਸੰਘਰਸ਼ ਕਰੋ’ ਦੇ ਨਾਅਰੇ ਬਾਰੇ ਚਾਨਣਾ ਪਾਇਆ ਤੇ ਉਨ੍ਹਾਂ ਬਾਬਾ ਸਾਹਿਬ ਜੀ ਦੇ ਬਣਾਏ ਸੰਵਿਧਾਨ ਨੂੰ ਬਚਾਉਣ ਤੇ ਉਨ੍ਹਾਂ ਦੇ ਦਰਸਾਏ ਮਾਰਗ ’ਤੇ ਚੱਲਣ ਦੀ ਪ੍ਰੇਰਨਾ ਦਿੱਤੀ ।*

## ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪਹਿਲਾ ਅੰਤਰਰਾਸ਼ਟਰੀ ਪੰਜਾਬੀ ਭਾਸ਼ਾ ਓਲੰਪਿਆਡ

*__ਐੱਸ.ਏ.ਐੱਸ ਨਗਰ (ਗੁਰਜੀਤ ਬਿੱਲਾ)__ -ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਭਾਰਤੀ ਅਤੇ ਅੰਤਰਰਾਸ਼ਟਰੀ ਉਮੀਦਵਾਰਾਂ ਲਈ ‘ਅੰਤਰਰਾਸ਼ਟਰੀ ਪੰਜਾਬੀ ਭਾਸਾ ਓਲੰਪਿਆਡ-2023’ ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ। ਪੰਜਾਬ, ਦੇਸ ਦੇ ਹੋਰ ਹਿੱਸਿਆਂ ਅਤੇ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਨਿਊਜੀਲੈਂਡ ਅਤੇ ਕੀਨੀਆ ਸਮੇਤ ਵੱਖ-ਵੱਖ ਦੇਸਾਂ ਤੋਂ 26492 ਪ੍ਰਤੀਯੋਗੀਆਂ ਨੇ ਇਸ ਓਲੰਪਿਆਡ ਲਈ ਰਜਿਸ਼ਟ੍ਰੇਸ਼ਨ ਕਰਵਾਈ ਸੀ। ਇਸ ਟੈਸਟ ਵਿਚ 21877 ਪ੍ਰਤੀਯੋਗੀ ਨਿਰਧਾਰਤ ਮਿਤੀਆਂ ਨੂੰ ਟੈਸਟ ਵਿਚ ਅਪੀਅਰ ਹੋਏ। ਟੈਸਟ ਵਿਚ 50 ਵਸਤੂ ਨਿਸ਼ਠ ਪ੍ਰਸ਼ਨ ਪੁੱਛੇ ਗਏ ਸਨ, ਜਿਸ ਲਈ ਕੁੱਲ 50 ਅੰਕ ਨਿਰਧਾਰਤ ਕੀਤੇ ਗਏ ਸਨ। ਇਸ ਪ੍ਰਤੀਯੋਗਤਾ ਦਾ ਨਤੀਜਾ ਸੋਮਵਾਰ ਨੂੰ ਘੋਸ਼ਿਤ ਕਰ ਦਿੱਤਾ ਗਿਆ ਹੈ। ਪ੍ਰਤੀਯੋਗਤਾ ਵਿਚ ਭਾਗ ਲੈਣ ਵਾਲੇ ਪ੍ਰਤੀਯੋਗੀਆਂ ਨੂੰ ਉਹਨਾਂ ਦੁਆਰਾ ਪ੍ਰਾਪਤ ਕੀਤੇ ਜਾਣ ਵਾਲੇ ਅੰਕਾਂ ਅਨੁਸਾਰ ਪਾਰਟੀਸੀਪੇਸ਼ਨ, ਐਪਰੀਸੀਏਸ਼ਨ ਅਤੇ ਆਊਟਸਟੈਂਡਿੰਗ ਤਿੰਨ ਵਰਗਾਂ ਵਿਚ ਵੰਡਿਆ ਗਿਆ ਹੈ। 16265 ਪ੍ਰਤੀਯੋਗੀ ਪਾਰਟੀਸੀਪੇਸ਼ਨ, 4286 ਪ੍ਰਤੀਯੋਗੀ ਐਪਰੀਸੀਏਸ਼ਨ ਅਤੇ 1296 ਪ੍ਰਤੀਯੋਗੀ ਆਊਟਸਟੈਂਡਿੰਗ ਕੈਟਾਗਰੀ ਵਿਚ ਪਾਸ ਹੋਏ ਹਨ। ਪੰਜਾਬ ਵਿਚੋਂ ਅਪੀਅਰ ਹੋਏ ਦੋ ਵਿਦਿਆਰਥੀ ਗੁਰਲੀਨ ਗੈਰੀ (ਫਾਜ਼ਿਲਕਾ) ਅਤੇ ਅਮਨਦੀਪ ਕੌਰ (ਪਟਿਆਲਾ) ਵੱਲੋਂ ਸ਼ਤ ਪ੍ਰਤੀਸ਼ਤ (50/50) ਅੰਕ ਪ੍ਰਾਪਤ ਕੀਤੇ ਗਏ ਹਨ। ਭਾਰਤ ਤੋਂ ਇਲਾਵਾ 6 ਦੇਸ਼ਾਂ ਦੇ ਪ੍ਰਤੀਯੋਗੀਆਂ ਵੱਲੋਂ ਇਸ ਓਲੰਪਿਆਡ ਵਿਚ ਭਾਗ ਲਿਆ ਗਿਆ। ਜਿਸ ਵਿਚੋਂ ਨਿਊਜ਼ੀਲੈਂਡ ਦੇ ਇਕ ਪ੍ਰਤੀਯੋਗੀ (ਬਲਜੋਤ ਸਿੰਘ), ਕੈਨੇਡਾ ਦੇ ਇਕ ਪ੍ਰਤੀਯੋਗੀ (ਹਰਨੀਤ ਭੰਦਲ) ਅਤੇ ਕੀਨੀਆ ਦੇ 4 ਪ੍ਰਤੀਯੋਗੀਆਂ (ਜਸਕਿਰਨ ਕੌਰ ਮਠਾਰੂ, ਪਵਰਾਜ ਸਿੰਘ ਰੰਧਾਵਾ, ਕਿਰਪਾਲ ਸਿੰਘ ਅਤੇ ਗੁਰਨੀਤ ਕੌਰ ਕਲਸੀ) ਵੱਲੋਂ ਆਊਟਸਟੈਂਡਿੰਗ ਕੈਟਾਗਰੀ ਵਿਚ ਸਫ਼ਲਤਾ ਪ੍ਰਾਪਤ ਕੀਤੀ ਗਈ ਹੈ। 12 ਪ੍ਰਤੀਯੋਗੀ ਐਪਰੀਸੀਏਸ਼ਨ ਕੈਟਾਗਰੀ ਅਤੇ 12 ਪ੍ਰਤੀਯੋਗੀ ਪਾਰਟੀਸੀਪੇਸ਼ਨ ਕੈਟਾਗਰੀ ਅਧੀਨ ਸਫਲ ਹੋਏ ਹਨ।*

## ਡਾ: ਕੇਵਲ ਧੀਰ ਨੂੰ ਮਿਲੇਗਾ ਨੈਸ਼ਨਲ ਗਾਲਿਬ ਐਵਾਰਡ



ਫਗਵਾੜਾ (ਕਮਲ ਰਾਏ) ਸਾਹਿਤ ਦੇ ਖੇਤਰ ਵਿਚ ਇਹ ਖ਼ਬਰ ਬੜੇ ਮਾਣ ਨਾਲ ਸੁਣੀ ਜਾਵੇਗੀ ਕਿ ਉਰਦੂ ਭਾਸ਼ਾ ਦੇ ਉੱਘੇ ਸਾਹਿਤਕਾਰ ਡਾ: ਕੇਵਲ ਧੀਰ ਨੂੰ ਸਾਲ 2023 ਦੇ ਰਾਸ਼ਟਰੀ ਗਾਲਿਬ ਐਵਾਰਡ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ। ਇਹ ਐਲਾਨ ਦਿੱਲੀ ਵਿਚ ਬੀਤੇ ਦਿਨ ਹੋਈ ਗਾਲਿਬ ਇੰਸਟੀਚਿਊਟ ਦੀ ਗਵਰਨਿੰਗ ਕੌਂਸਲ ਦੀ ਮੀਟਿੰਗ ਵਿੱਚ ਕੀਤਾ ਗਿਆ। ਦੱਸਣਯੋਗ ਹੈ ਕਿ ਉਰਦੂ, ਹਿੰਦੀ ਅਤੇ ਅੰਗਰੇਜ਼ੀ ਵਿਚ ਸੌ ਤੋਂ ਵੱਧ ਪੁਸਤਕਾਂ ਲਿਖ ਕੇ ਵਿਸ਼ਵ ਭਰ ਵਿਚ ਨਾਮਣਾ ਖੱਟਣ ਵਾਲੇ ਡਾ: ਕੇਵਲ ਧੀਰ ਫਗਵਾੜਾ ਦੇ ਮਰਹੂਮ ਡਾ: ਹੰਸਰਾਜ ਧੀਰ ਦੇ ਸਪੁੱਤਰ ਹਨ। ਉਨ੍ਹਾਂ ਨੂੰ ਦੁਨੀਆ ਦੇ ਕਈ ਦੇਸ਼ਾਂ ਵਿੱਚ ਸਨਮਾਨਿਤ ਕੀਤਾ ਗਿਆ ਹੈ। ਅੱਜਕੱਲ੍ਹ ਉਹਨਾਂ ਦੀ ਰਿਹਾਇਸ਼ ਲੁਧਿਆਣਾ ਵਿਖੇ ਹੈ। ਉਨ੍ਹਾਂ ਨੂੰ ਭਾਰਤ ਦੇ ਕਈ ਰਾਜਾਂ ਦੀਆਂ ਸਾਹਿਤਕ ਅਕਾਦਮੀਆਂ ਵੱਲੋਂ ਸਰਵਉੱਤਮ ਸਨਮਾਨਾਂ ਨਾਲ ਨਵਾਜਿਆ ਜਾ ਚੁੱਕਾ ਹੈ। ਪੰਜਾਬ ਦੇ ਭਾਸ਼ਾ ਵਿਭਾਗ ਵੱਲੋਂ ਦਿੱਤਾ ਗਿਆ ਸ੍ਰੋਮਣੀ ਸਾਹਿਤਕ ਪੁਰਸਕਾਰ ਪ੍ਰਾਪਤ ਕਰਨ ਵਾਲੇ ਡਾ: ਕੇਵਲ ਧੀਰ ਨੂੰ ਉਨ੍ਹਾਂ ਦੀ ਪੁਸਤਕ ‘ਮੈਂ ਲਾਹੌਰ ਹੂੰ’ ਲਈ ਪਿਛਲੇ ਮਹੀਨੇ ਗਿਆਨੀ, ਗਿਆਨ ਸਿੰਘ ਪੁਰਸਕਾਰ ਦਿੱਤਾ ਗਿਆ ਹੈ। ਉਨ੍ਹਾਂ ਦੇ ਛੋਟੇ ਭਰਾ ਡਾ. ਜਵਾਹਰ ਧੀਰ ਜੋ ਕਿ ਖੁਦ ਵੀ ਪ੍ਰਸਿੱਧ ਸਾਹਿਤਕਾਰ ਹਨ, ਉਹਨਾਂ ਨੇ ਦੱਸਿਆ ਕਿ ਡਾ. ਕੇਵਲ ਧੀਰ ਨੂੰ ਇਹ ਐਵਾਰਡ 22 ਦਸੰਬਰ ਨੂੰ ਗਾਲਿਬ ਅਕੈਡਮੀ ਇੰਸਟੀਚਿਊਟ ਵਿਖੇ ਪ੍ਰਦਾਨ ਕੀਤਾ ਜਾਵੇਗਾ। ਦੋਆਬਾ ਸਾਹਿਤ ਅਤੇ ਕਲਾ ਅਕਾਦਮੀ ਦੇ ਸਰਪ੍ਰਸਤ ਠਾਕੁਰ ਦਾਸ ਚਾਵਲਾ ਅਤੇ ਪ੍ਰੋ. ਕੈਲਾਸ਼ ਭਾਰਦਵਾਜ ਤੋਂ ਇਲਾਵਾ ਲੇਖਕ ਰਵਿੰਦਰ ਸਿੰਘ ਚੋਟ, ਰਾਜੇਸ਼ ਆਧਿਆਏ, ਦਲੀਪ ਪਾਂਡੇ, ਮਨੋਜ ਫਗਵਾੜਵੀ, ਹਰਚਰਨ ਭਾਰਤੀ ਸਮੇਤ ਸੀਨੀਅਰ ਸਿਟੀਜ਼ਨ ਕੌਂਸਲ ਨੇ ਡਾ: ਧੀਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਡਾ. ਫਗਵਾੜਾ ਦੇ ਹੋਣਹਾਰ ਪੁੱਤਰ ਡਾ. ਕੇਵਲ ਧੀਰ ਨੇ ਸਾਹਿਤ ਦੇ ਖੇਤਰ ਵਿਚ ਬੁਲੰਦੀਆਂ ਹਾਸਿਲ ਕਰਕੇ ਫਗਵਾੜਾ ਦਾ ਨਾਂਅ ਰੌਸ਼ਨ ਕੀਤਾ ਹੈ।

## ਮਸੀਤਪਲ ਕੋਟ ਵਿਖੇ ਖ਼ੂਨ-ਦਾਨ, ਅੱਖਾਂ ਤੇ ਹੋਮਿਓਪੈਥਿਕ ਦਾ ਮੁਫਤ ਚੈੱਕਅੱਪ ਕੈਂਪ ਲਗਾਇਆ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ ਉਂਕਾਰ ਸਿੰਘ )**-ਪਿੰਡ ਮਸੀਤਪਲਕੋਟ ਵਿਖੇ ਹਰਜੋਤ ਸਿੰਘ ਸੈਣੀ ਦੀ ਯਾਦ ਵਿੱਚ ਪਹਿਲਾ ਖ਼ੂਨ ਦਾਨ ਕੈਂਪ, ਅੱਖਾਂ ਤੇ ਜਨਰਲ ਬਿਮਾਰੀਆਂ ਅਤੇ ਹੋਮਿਓਪੈਥਿਕ ਮੁਫਤ ਚੈਕ ਅਪ ਕੈਂਪ ਲਗਾਇਆ ਗਿਆ। ਜਿਸ ਦੌਰਾਨ ਵੱਡੀ ਗਿਣਤੀ ਵਿੱਚ ਮਰੀਜਾਂ ਨੇ ਇਸ ਕੈਂਪ ਦਾ ਲਾਹਾ ਪ੍ਰਾਪਤ ਕੀਤਾ। ਮੁੱਖ ਪ੍ਰਬੰਧਕ ਕਮਲਜੀਤ ਸਿੰਘ ਸੈਣੀ ਅਤੇ ਨਵਜੋਤ ਸਿੰਘ ਸੈਣੀ ਦੀ ਅਗਵਾਈ ਵਿੱਚ ਭਾਈ ਘਮੰਡਾ ਸਿੰਘ ਯਾਦਗਾਰੀ ਹਾਲ ਵਿਖੇ ਲਗਾਏ ਗਏ ਇਸ ਕੈਂਪ ਦਾ ਉਦਘਾਟਨ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਕੀਤਾ ਜਦਕਿ ਇਸ ਮੌਕੇ ਹਲਕਾ ਵਿਧਾਇਕ ਦਸੂਹਾ ਕਰਮਵੀਰ ਸਿੰਘ ਘੁੰਮਣ, ਚੇਅਰਮੈਨ ਨਗਰ ਸੁਧਾਰ ਸਭਾ ਹੁਸ਼ਿਆਰਪੁਰ ਹਰਮੀਤ ਸਿੰਘ ਔਲਖ, ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਪਾਬਲਾ, ਜ਼ਿਲ੍ਹਾ ਯੂਥ ਪ੍ਰਧਾਨ ਚੌਧਰੀ ਰਾਜਵਿੰਦਰ ਸਿੰਘ ਰਾਜਾ, ਡੀ.ਐਸ.ਪੀ ਟਾਂਡਾ ਕੁਲਵੰਤ ਸਿੰਘ ਨੇ ਸ਼ਿਰਕਤ ਕੀਤੀ। ਇਸ ਕੈਂਪ ਦੌਰਾਨ ਸਰਕਾਰੀ ਹਸਪਤਾਲ ਟਾਂਡਾ ਦੀ ਟੀਮ ਨੇ ਸੀਨੀਅਰ ਮੈਡੀਕਲ ਅਫਸਰ ਡਾ. ਕਰਨ ਕੁਮਾਰ ਸੈਣੀ ਦੀ ਅਗਵਾਈ ਵਿੱਚ, ਬੀ.ਆਰ ਕਾਜਲ ਹਸਪਤਾਲ ਟਾਂਡਾ ਦੀ ਟੀਮ ਨੇ ਸੇਵਾ ਮੁਕਤ ਚੀਫ ਕੈਮੀਕਲ ਐਗਜਾਇਮਰ ਡਾ. ਕੇਵਲ ਸਿੰਘ ਕਾਜਲ ਦੀ ਅਗਵਾਈ ਵਿੱਚ, ਸੀਤਾ ਦੇਵੀ ਮੈਮੋਰੀਅਲ ਹਸਪਤਾਲ ਟਾਂਡਾ ਦੀ ਟੀਮ ਨੇ ਡਾ. ਲਵਦੀਪ ਸਿੰਘ ਪਾਬਲਾ ਦੀ ਅਗਵਾਈ ਵਿੱਚ, ਪੈਥਿਕ ਡਾਕਟਰ ਮੀਨਾਸੀ ਸੈਣੀ ਹੀ ਟੀਮ ਨੇ ਤੇ ਲਗਾਏ ਗਏ ਖ਼ੂਨਦਾਨ ਕੈਂਪ ਵਿੱਚ ਕਮਲ ਹਸਪਤਾਲ ਜਲੰਧਰ ਦੀ ਟੀਮ ਨੇ ਸੇਵਾਵਾਂ ਪ੍ਰਦਾਨ ਕੀਤੀਆਂ। ਕੈਂਪ ਦੌਰਾਨ ਪਹੁੰਚੀਆਂ ਵੱਖ-ਵੱਖ ਡਾਕਟਰੀ ਟੀਮਾਂ ਵੱਲੋਂ ਮਰੀਜਾਂ ਨੂੰ ਮੌਜੂਦਾ ਸਰਦੀ ਦੇ ਮੌਸਮ ਵਿੱਚ ਹੋਣ ਵਾਲੀਆਂ ਵੱਖ-ਵੱਖ ਬਿਮਾਰੀਆਂ ਪ੍ਰਤੀ ਵੀ ਜਾਗਰੂਕ ਕੀਤਾ ਗਿਆ ਅਤੇ ਇਹਨਾਂ ਤੋਂ ਬਚਾਓ ਦੇ ਢੰਗ ਤਰੀਕੇ ਵੀ ਦੱਸੇ। ਇਸ ਕੈਂਪ ਦੀ ਸਮਾਪਤੀ ਤੇ ਪ੍ਰਬੰਧਕਾਂ ਵੱਲੋਂ ਡਾਕਟਰੀ ਟੀਮ ਅਤੇ ਪਹੁੰਚੀਆਂ ਹੋਰਨਾਂ ਸ਼ਖਸੀਅਤਾਂ ਨੂੰ ਯਾਦਗਾਰੀ ਚਿੰਨ ਭੇਂਟ ਕਰਦਿਆਂ ਸਨਮਾਨਿਤ ਕੀਤਾ। ਇਸ ਮੌਕੇ ਗੁਰਦੇਵ ਸਿੰਘ ਮਸੀਤੀ, ਲਖਵਿੰਦਰ ਸਿੰਘ, ਮੋਹਿਤ ਮਸੀਤੀ, ਅਵਤਾਰ ਸਿੰਘ , ਅਤਵਾਰ ਸਿੰਘ ਪਲਾ ਚੱਕ,ਕਮਲਜੀਤ ਸਿੰਘ ,ਕਰਮਜੀਤ ਸਿੰਘ, ਨਰਿੰਦਰ ਸਿੰਘ ,ਹੈਪੀ

## ਸੰਤ ਦਿਲਾਵਰ ਸਿੰਘ ਬ੍ਰਹਮ ਜੀ ਦੀ ਯਾਦ ਨੂੰ ਸਮਰਪਤ ਫੁੱਟਬਾਲ ਟੂਰਨਾਮੈਂਟ



**ਮੋਹਟੀਆਣਾ (ਜਗਤਾਰਸਿੰਘ ਭੁੰਗਰਨੀ)** ਸੰਤ ਦਿਲਾਵਰ ਸਿੰਘ ਬ੍ਰਹਮ ਜੀ ਦੀ ਯਾਦ ਨੂੰ ਸਮਰਪਤ ਫੁੱਟਬਾਲ ਟੂਰਨਾਮੈਂਟ ਪਿੰਡ ਡਰੋਲੀ ਕਲਾਂ ਵਿਖੇ ਸ਼ਹੀਦ ਬਾਬਾ ਮਤੀ ਜੀ ਮੈਮੋਰੀਅਲ ਟੂਰਨਾਮੈਂਟ ਕਮੇਟੀ ਅਤੇ ਬ੍ਰਹਮ ਜੀ ਸਪੋਰਟਸ ਅਕੈਡਮੀ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ 16 ਟੀਮਾਂ ਨੇ ਭਾਗ ਲਿਆ। ਇਹ ਸਾਰੇ ਬੱਚੇ 16 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਬੱਚੇ ਸਨ। ਟੂਰਨਾਮੈਂਟ ਦਾ ਫਾਈਨਲ ਮੈਚ ਪਿੰਡ ਪਾਸ਼ਟਾਂ ਅਤੇ ਪਿੰਡ ਰਿਹਾਣਾ ਜੱਟਾਂ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ ਜਿਸ ਵਿਚ ਪਾਸ਼ਟਾਂ ਪਿੰਡ ਦੀ ਟੀਮ ਨੇ ਪੈਨਲਟੀ ਸ਼ੂਟ ਰਾਹੀਂ ਰਿਹਾਣਾ ਜੱਟਾਂ ਦੀ ਟੀਮ ਨੂੰ ਹਰਾ ਕੇ ਜਿੱਤ ਹਾਸਲ ਕੀਤੀ। ਇਸ ਮੌਕੇ ’ਤੇ ਪਰਮਜੀਤ ਸਿੰਘ ਰਾਇਪੁਰ ਮੁੱਖ ਮਹਿਮਾਨ ਦੇ ਤੌਰ ’ਤੇ ਹਾਜਰ ਹੋਏ। ਸ਼ਹੀਦ ਬਾਬਾ ਮਤੀ ਜੀ ਟੂਰਨਾਮੈਂਟ ਕਮੇਟੀ ਦੇ ਪ੍ਰਧਾਨ ਕੁਲਵਿੰਦਰ ਸਿੰਘ ਅਤੇ ਮੈਂਬਰ, ਬ੍ਰਹਮ ਜੀ ਸਪੋਰਟਸ ਅਕੈਡਮੀ ਦੇ ਪ੍ਰਧਾਨ ਅਮਰਜੀਤ ਸਿੰਘ ਕੁੱਕਾ ਅਤੇ ਮੈਂਬਰ ਵੀ ਇਸ ਮੌਕੇ ’ਤੇ ਹਾਜਰ ਸਨ।

## ਮੰਗਾਂ ਪ੍ਰਵਾਨ ਨਾ ਹੋਣ ’ਤੇ ਸਰਕਾਰ ਖਿਲਾਫ਼ ਸੜਕਾਂ ਕਰਾਂਗੇ ਜਾਮ : ਸ਼ਿੰਗਾਰਾ ਸਿੰਘ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ ਉਂਕਾਰ ਸਿੰਘ )**- ਮਿਊਂਨਸਪਲ ਪੈਨਸ਼ਨਰਜ ਵੈਲਫੇਅਰ ਐਸੋਸੀਏਸ਼ਨ ਦੀਆਂ ਮੰਗਾਂ ਪੰਜਾਬ ਸਰਕਾਰ ਵੱਲੋਂ ਮਨਜੂਰ ਨਾ ਕਰਨ ਦੇ ਰੋਸ ਵਜੋਂ ਐਸੋਸੀਏਸ਼ਨ ਦੇ ਦਫਤਰ ਟਾਂਡਾ ਵਿਖੇ ਪ੍ਰਧਾਨ ਸ਼ਿੰਗਾਰਾ ਸਿੰਘ ਸੈਣੀ ਦੀ ਅਗਵਾਈ ਵਿੱਚ ਇਕ ਹੰਗਾਮੀ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਨੇ ਰੋਸ ਪ੍ਰਦਰਸ਼ਨ ਕਰਦੇ ਹੋਏ ਪੰਜਾਬ ਸਰਕਾਰ ਖਿਲਾਫ ਜੰਮਕਰ ਨਾਅਰੇਬਾਜੀ ਕੀਤੀ। ਸੈਣੀ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਆਮ ਜਨਤਾ ਨਾਲ ਵੱਖ ਵੱਖ ਵਾਅਦਿਆਂ ਤੋਂ ਇਲਾਵਾ ਪੈਨਸ਼ਨਰਜ ਐਸੋਸੀਏਸ਼ਨ ਨਾਲ ਵੀ ਇਹ ਵਾਅਦਾ ਕੀਤਾ ਸੀ ਕਿ ਸਰਕਾਰ ਬਣਨ ’ਤੇ ਸਾਰੀਆਂ ਜਾਇਜ ਮੰਗਾਂ ਪ੍ਰਵਾਨ ਕਰ ਲਈਆਂ ਜਾਣਗੀਆਂ ਪਰ ਸਰਕਾਰ ਬਣਨ ’ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਸੋਸੀਏਸ਼ਨ ਦੀ ਇੱਕ ਮੰਗ ਵੀ ਪੂਰੀ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਪੈਨਸ਼ਨਰਜ ਐਸੋਸੀਏਸ਼ਨ ਵੱਲੋਂ ਵਾਰ-ਵਾਰ ਇਹ ਮੰਗ ਕੀਤੀ ਜਾ ਰਹੀ ਹੈ ਕਿ ਪੇ ਕਮਿਸ਼ਨ ਦੀ ਰਿਪੋਰਟ ਅਨੁਸਾਰ 1 ਜਨਵਰੀ 2016 ਤੋਂ 30 ਜੂਨ 2021 ਤੱਕ ਦਾ ਰਿਵਾਈਜ ਪੈਨਸ਼ਨ ਦਾ ਬਕਾਇਆ ਦਿੱਤਾ ਜਾਵੇ ਅਤੇ ਅੱਜ ਤੱਕ ਦਾ 12% ਡੀ.ਏ ਜੋ ਬਣਦਾ ਹੈ ਤੋਂ ਇਲਾਵਾ 2.9% ਦੇ ਹਿਸਾਬ ਨਾਲ ਪੈਨਸ਼ਨ ਰਿਵਾਈਜ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ 7 ਸਾਲ ਤੋਂ ਜ਼ਿਆਦਾ ਸਮਾਂ ਬੀਤ ਜਾਣ ’ਤੇ ਵੀ ਕਿਸੇ ਵੀ ਸਰਕਾਰ ਨੇ ਐਸੋਸੀਏਸ਼ਨ ਦੀਆਂ ਜਾਇਜ ਮੰਗਾਂ ਵੱਲ ਧਿਆਨ ਦੇਣਾ ਜਰੂਰੀ ਨਹੀਂ ਸਮਝਿਆ ਅਤੇ ਮਾਨ ਸਰਕਾਰ ਨੇ ਵੀ ਉਚਿਤ ਮੰਗਾਂ ਵੱਲ ਧਿਆਨ ਨਹੀਂ ਦਿੱਤਾ ਜਿਸ ਕਾਰਨ ਪੈਨਸ਼ਨਰਜਾਂ ਦੇ ਮਨਾਂ ਵਿੱਚ ਰੋਸ ਦੀ ਲਹਿਰ ਵਧਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਆਪਣਾ ਵਤੀਰਾ ਨਹੀਂ ਬਦਲਿਆ ਅਤੇ ਸਾਡੀਆਂ ਮੰਗਾਂ ਪ੍ਰਵਾਨ ਨਹੀਂ ਕੀਤੀਆਂ ਤਾਂ ਇਸਦਾ ਭਾਰੀ ਖਾਮਿਆਜਾ ਮਾਨ ਸਰਕਾਰ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਭੁਗਤਣਾ ਪੈ ਸਕਦਾ ਹੈ।

ਉਨ੍ਹਾਂ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਐਸੋਸੀਏਸ਼ਨ ਦੀਆਂ ਮੰਗਾਂ ਪ੍ਰਵਾਨ ਨਾ ਕੀਤੀਆਂ ਤਾਂ ਪੈਨਸ਼ਨਰਜ ਐਸੋਸੀਏਸ਼ਨ ਵੱਲੋਂ ਬਾਕੀ ਸੰਗਠਨਾਂ ਦੇ ਸਹਿਯੋਗ ਨਾਲ ਸੜਕ ਜਾਮ ਅਤੇ ਪੁਤਲੇ ਫੂਕ ਪ੍ਰਦਰਸ਼ਨ ਸ਼ੁਰੂ ਕਰ ਦਿੱਤੇ ਜਾਣਗੇ। ਇਸ ਮੌਕੇ ’ਤੇ ਚੌਧਰੀ ਰਤਨ ਸਿੰਘ ਸੈਣੀ, ਐਨ.ਪੀ ਸਿੰਘ, ਸੋਮ ਨਾਥ, ਨਿਰੰਜਨ ਸਿੰਘ, ਕੇਵਲ ਕ੍ਰਿਸ਼ਨ, ਦੇਵਰਾਜ, ਧਰਮ ਚੰਦ, ਦੀਪੋ, ਬੂਆ ਸਿੰਘ, ਸੁਦਰਸ਼ਨ ਕੁਮਾਰ, ਅਮਰੀਕ ਸਿੰਘ, ਸਦਾ ਨੰਦ, ਰਤਨ ਸਿੰਘ, ਮੋਹਨ ਲਾਲ, ਜਸਪਾਲ ਸਿੰਘ, ਰਾਜ ਰਾਣੀ, ਸਤਿਆ, ਅੱਛਰ ਰਾਮ ਅਤੇ ਹੋਰ ਹਾਜਰ ਸਨ।

## ਸਪੇਨ ਤੋਂ ਪਾਇਲਟ ਬਣ ਕੇ ਵਾਪਸੀ ’ਤੇ ਦੀਪਸ਼ਿਖਾ ਦਾ ਹੋਇਆ ਨਿੱਘਾ ਸਵਾਗਤ

**ਫਗਵਾੜਾ ( ਡਾ. ਰਮਨ )** ਫਗਵਾੜਾ ਦੀ ਜਮਪਲ ਦੀਪਸ਼ਿਖਾ ਸੰਧੂ ਦੇ ਸਪੇਨ ਤੋਂ ਪਾਇਲਟ ਬਣ ਕੇ ਆਪਣੇ ਘਰ ਗਰੀਨ ਪਾਰਕ ਵਿਖੇ ਪਹੁੰਚਣ ’ਤੇ ਜਿੱਥੇ ਪਰਵਾਰ ਵਲੋਂ ਨਿੱਘਾ ਸਵਾਗਤ ਕੀਤਾ ਗਿਆ, ਉੱਥੇ ਹੀ ਰਿਸ਼ਤੇਦਾਰਾਂ ਤੇ ਜਾਣ-ਪਛਾਣ ਵਾਲਿਆਂ ਨੇ ਵੀ ਉਸਨੂੰ ਸ਼ੁੱਭ ਇੱਛਾਵਾਂ ਦਿੱਤੀਆਂ। ਖਾਸ ਗੱਲ ਇਹ ਹੈ ਕਿ ਦੀਪਸ਼ਿਖਾ ਐਸ ਸੀ ਭਾਈਚਾਰੇ ਵਿੱਚੋਂ ਪਹਿਲੀ ਪੰਜਾਬੀ ਲੜਕੀ ਹੈ ਜਿਸਨੇ ਸਪੇਨ ਤੋਂ ਇੰਟਰਨੈਸ਼ਨਲ ਪਾਇਲਟ ਬਣਨ ਦਾ ਮਾਣ ਹਾਸਲ ਕੀਤਾ ਹੈ। ਫਗਵਾੜਾ ਵਿਖੇ ਆਪਣੀ ਰਿਹਾਇਸ਼ ’ਤੇ ਗੱਲਬਾਤ ਕਰਦਿਆਂ ਦੀਪਸ਼ਿਖਾ ਨੇ ਦੱਸਿਆ ਕਿ ਉਸਦੀ ਇਸ ਪ੍ਰਾਪਤੀ ’ਚ ਮਾਤਾ-ਪਿਤਾ ਦਾ ਬਹੁਤ ਵੱਡਾ ਯੋਗਦਾਨ ਹੈ ਜਿਹਨਾਂ ਨੇ ਲੜਕੀ ਹੋਣ ਦਾ ਫਰਕ ਨਾ ਕਰਕੇ ਉਸਨੂੰ ਹਮੇਸ਼ਾ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਉਸਨੇ ਕਿਹਾ ਕਿ ਭਾਰਤ ਦੇ ਸੰਵਿਧਾਨ ਰਾਹੀਂ ਪ੍ਰਾਪਤ ਅਧਿਕਾਰਾਂ ਸਦਕਾ ਉਸਨੂੰ ਘਰ ਤੋਂ ਦੂਰ ਵਿਦੇਸ਼ ਦੀ ਧਰਤੀ ’ਤੇ ਉਚੇਰੀ



ਸਿੱਖਿਆ ਹਾਸਿਲ ਕਰਨ ਦਾ ਮੌਕਾ ਮਿਲਿਆ। ਉਸ ਨੇ ਮੂਲਨਿਵਾਸੀ ਮਹਾਪੁਰਸ਼ਾਂ ਦੇ ਸੰਘਰਸ਼ ਨੂੰ ਵੀ ਯਾਦ ਕੀਤਾ ਅਤੇ ਨਾਲ ਹੀ ਆਪਣੇ ਸਕੂਲ ਦੇ ਅਧਿਆਪਕਾਂ ਦਾ ਵੀ ਧੰਨਵਾਦ ਕੀਤਾ। ਦੀਪਸ਼ਿਖਾ ਅਨੁਸਾਰ ਬਾਬਾ ਸਾਹਿਬ ਡਾ. ਅੰਬੇਡਕਰ ਦੇ ਜੀਵਨ ਸੰਘਰਸ਼ ਤੋਂ ਪ੍ਰੇਰਨਾ ਲੈ ਕੇ ਉਸਨੇ ਇਹ ਮੁਕਾਮ ਹਾਸਿਲ ਕੀਤਾ ਹੈ। ਆਉਣ ਵਾਲੇ ਸਮੇਂ ਵਿੱਚ ਹੋਰ ਉਚੇਰੀ ਸਿੱਖਿਆ ਹਾਸਲ ਕਰਨ ਲਈ ਯਤਨ ਕਰੇਗੀ। ਉਸ ਦੇ ਆਉਣ ਦੀ ਖ਼ੁਸ਼ੀ ਵਿੱਚ ਪਰਿਵਾਰ ਵਲੋਂ ਲੱਡੂ ਵੰਡੇ ਗਏ ।

ਇਸ ਮੌਕੇ ਦੀਪਸ਼ਿਖਾ ਦੀ ਪ੍ਰਾਪਤੀ ’ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਸਦੇ ਪਿਤਾ ਡਾ. ਸ਼ਿਵ ਕੁਮਾਰ ਸੰਧੂ ਜੋ ਕਿ ਬੀ.ਐਸ.ਐਫ ਵਿੱਚ ਡੀ.ਆਈ.ਜੀ ਹਨ ਅਤੇ ਮਾਤਾ ਜੋ ਕਿ ਸਰਕਾਰੀ ਸਕੂਲ ਵਿੱਚ ਬਤੌਰ ਟੀਚਰ ਹਨ, ਉਹਨਾਂ ਨੇ ਕਿਹਾ ਕਿ ਉਹਨਾਂ ਨੂੰ ਆਪਣੀ ਧੀ ’ਤੇ ਮਾਣ ਹੈ ਜਿਸਨੇ ਦੇਸ਼ ਵਿਦੇਸ਼ ਵਿਚ ਉਹਨਾਂ ਦਾ ਨਾਂਅ ਰੌਸ਼ਨ ਕੀਤਾ ਹੈ। ਦੀਪਸ਼ਿਖਾ ਦੇ ਮਾਤਾ ਪਿਤਾ ਨੇ ਉਸਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਅਤੇ ਸ਼ੁੱਭਚਿੰਤਕਾਂ ਦਾ ਵੀ ਧੰਨਵਾਦ ਕੀਤਾ।

## ਮਹਾਨ ਕੀਰਤਨ ਦਰਬਾਰ ਦੀ ਸੰਪੂਰਨਤਾ ’ਤੇ ਕਰਵਾਇਆ ਸ਼ੁਕਰਾਨਾ ਸਮਾਗਮ

**ਨਵਾਂਸ਼ਸਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 554 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਲਾਨਾ ਮਹਾਨ ਕੀਰਤਨ ਦਰਬਾਰ ਤੇ ਧਾਰਮਕ ਸਮਾਗਮ ਬਹੁਤ ਹੀ ਚੜ੍ਹਦੀ ਕਲਾ ਨਾਲ ਸੰਪੂਰਨ ਹੋਏ। ਸਮਾਗਮਾਂ ਦੀ ਅਪਾਰ ਸਫਲਤਾ ’ਤੇ ਅਕਾਲ ਪੁਰਖ ਦਾ ਸ਼ੁਕਰਾਨਾ ਕਰਨ ਲਈ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਦਫਤਰ ਵਿਖੇ ਸਮੂਹ ਮੈਂਬਰਾਂ ਵਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿਚ ਕੀਤੇ ਗਏ। ਉਪਰੰਤ ਗੁਰੂ ਕੀ ਰਸੋਈ ਵਿਖੇ ਵਿਸ਼ੇਸ਼ ਦੀਵਾਨ ਸਜਾਏ ਗਏ। ਗੁਰੂ ਸਾਹਿਬ ਦੇ ਚਰਨਾਂ ਵਿਚ ਸ਼ੁਕਰਾਨੇ ਦੀ ਅਰਦਾਸ ਬੇਨਤੀ ਕੀਤੀ ਗਈ। ਸਮਾਗਮ ਵਿਚ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸਰਪ੍ਰਸਤ ਭਾਈ ਸਰਬਜੀਤ ਸਿੰਘ ਵੀ ਸ਼ਾਮਲ ਹੋਏ। ਧਾਰਮਿਕ ਅਤੇ ਸਮਾਜ ਸੇਵੀ ਸਹਿਯੋਗੀ ਜਥੇਬੰਦੀਆਂ ਅਤੇ ਤਨ ਮਨ ਧਨ ਨਾਲ ਸਹਿਯੋਗ ਦੇਣ ਵਾਲੇ ਸੱਜਣਾਂ ਦਾ ਸਨਮਾਨ ਕੀਤਾ ਗਿਆ। ਸੇਵਾਦਾਰ ਸੁਰਜੀਤ ਸਿੰਘ ਅਤੇ ਗੁਰੂ ਕੀ ਰਸੋਈ ਪ੍ਰਮੁੱਖ ਅਮਰੀਕ ਸਿੰਘ ਨੇ ਦੱਸਿਆ ਕਿ ਇਸ ਮੌਕੇ ਭਾਈ ਘਨ੍ਹਈਆ ਸੇਵਕ ਜੱਥਾ ਜਾਡਲਾ, ਸ਼ੇਰੇ ਪੰਜਾਬ ਸੇਵਾ ਦਲ ਰਾਹੋਂ, ਕਲਗੀਧਰ ਸੇਵਕ ਜੱਥਾ ਵਜੀਦਪੁਰ, ਗ: ਭਾਈ ਸਿੱਖ ਜੀ ਹਿਆਲਾ, ਗੁ: ਟਾਹਲੀ ਸਾਹਿਬ, ਗੁਰੂ ਕੀ ਰਸੋਈ ਖੈਰੜ ਅੱਛਰਵਾਲ, ਸ਼ਹੀਦ ਬਾਬਾ ਦੀਪ ਸਿੰਘ ਸੇਵਕ ਜਥਾ ਰਾਹੋਂ, ਗੁ: ਸ਼ਹੀਦ ਬਾਬਾ ਦੀਪ ਸਿੰਘ ਆਕਲਿਆਣਾ, ਜੇ ਐਸ ਐਫ ਐਚ ਖਾਲਸਾ ਸੀ: ਸੈ: ਸਕੂਲ ਨਵਾਂਸ਼ਹਿਰ, ਸ਼ੁਭ ਕਰਮਨ ਸੁਸਾਇਟੀ ਬਲਾਚੌਰ, ਭੁਜੰਗ ਸੇਵਕ ਜੱਥਾ ਨਵਾਂਸ਼ਹਿਰ, ਗੁ: ਸਿੰਘ ਸਭਾ ਰਾਹੋਂ ਅੱਡਾ ਲਾਰੀਆਂ ਰਾਹੋਂ, ਗੁਰਦੁਆਰਾ ਸਿੰਘ ਸਭਾ ਉਸਮਾਨਪੁਰ,ਪਾਰਕ ਮੈਨੇਜਮੈਂਟ ਕਮੇਟੀ ਨਵਾਂਸ਼ਹਿਰ, ਨਿਸ਼ਕਾਮ ਸੇਵਾ ਸੁਸਾਇਟੀ ਚੱਕਸਿੰਘਾ, ਗੁਰਦੁਆਰਾ ਗੁਰੂ ਰਵੀਦਾਸ ਜੀ ਕਮੇਟੀ ਗੁਜਰਪੁਰ ਕਲੋਨੀ ਨਵਾਂਸ਼ਹਿਰ, ਗੁਰੂ ਰਾਮਦਾਸ ਇੰਟਰਨੈਸ਼ਨਲ ਪਬਲਿਕ ਸਕੂਲ ਮੱਲਪੁਰ, ਬੱਬਰ ਮੈਮੋਰੀਅਲ ਟਰੱਸਟ ਦੌਲਤਪੁਰ, ਹੈਪੀ ਬੱਸ ਸਰਵਿਸ ਰਾਹੋਂ, ਐਮ ਆਰ ਸਿਟੀ ਪਬਲਿਕ ਸਕੂਲ ਬਲਾਚੌਰ, ਨਿਊ ਦੀਪ ਬੱਸ ਸਰਵਿਸ ਸੁੱਜੋਂ ਅਤੇ ਇਲਾਕੇ ਦੀਆਂ ਹੋਰ ਜਥੇਬੰਦੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਕੀਰਤਨ ਦਰਬਾਰ ਦੌਰਾਨ ਦੋਨੋਂ ਸੁਸਾਇਟੀਆਂ ਨੂੰ ਯੋਗ ਅਗਵਾਈ ਦੇਣ ਲਈ ਭਾਈ ਸਰਬਜੀਤ ਸਿੰਘ ਜੀ ਦਾ ਸਨਮਾਨ ਵੀ ਕੀਤਾ ਗਿਆ।



ਜਥੇਬੰਦੀਆਂ ਤੋਂ ਇਲਾਵਾ ਸੁਖਦੇਵ ਸਿੰਘ ਮਾਨ ਰਾਹੋਂ, ਰਜਿੰਦਰ ਸਿੰਘ ਕੰਗਾਰੂ ਐਬਰਾਡ, ਜਸਵੀਰ ਸਿੰਘ ਨੂਰਪੁਰ, ਸੁਖਵੰਤ ਸਿੰਘ ਚੀਮਾ, ਡਾ: ਉਜਾਗਰ ਸਿੰਘ ਸੂਰੀ ਹਸਪਤਾਲ ਬਲਾਚੌਰ, ਡਾ: ਰਮਨਪ੍ਰੀਤ ਕੌਰ ਗੜ੍ਹਸ਼ੰਕਰ, ਪਰਵਿੰਦਰ ਸਿੰਘ ਸੁੱਧਾ ਮਾਜਰਾ, ਜਗਦੀਪ ਸਿੰਘ ਮਾਣੇਵਾਲ, ਭੁਪਿੰਦਰ ਸਿੰਘ ਕਲਸੀ (ਡੁੱਬਈ) ਬੰਗਾ, ਸੀਤਲ ਸਿੰਘ (ਡੁੱਬਈ, ਰਣਜੀਤ ਸਿੰਘ ਯੂ ਕੇ, ਨਰਿੰਦਰ ਕੌਰ ਅਮਨਦੀਪ ਸਿੰਘ ਯੂ ਕੇ, ਸਰਬਜੀਤ ਸਿੰਘ ਟਾਈਮ ਇਮੀਗਰੇਸ਼ਨ, ਗੁਰਦੇਵ ਸਿੰਘ ਗਹੂੰਣ, ਅਸ਼ੋਕ ਮੰਗਲਾ, ਲੱਕੀ ਪ੍ਰਭਾਕਰ, ਮਾਤਾ ਅਵਤਾਰ ਕੌਰ ਦੇਨੋਵਾਲ, ਮਾਤਾ ਬਲਜੀਤ ਕੌਰ, ਤਰਲੋਚਨ ਸਿੰਘ ਖਟਕੜ ਕਲਾਂ, ਜੋਗਾ ਸਿੰਘ ਐਸ ਡੀ ਓ, ਪਲਵਿੰਦਰ ਸਿੰਘ ਕਰਿਆਮ, ਸੁਰਜੀਤ ਸਿੰਘ ਮਹਿਤਪੁਰੀ, ਕੁਲਵਿੰਦਰ ਸਿੰਘ ਭੀਣ, ਸੁਖਵੀਰ ਸਿੰਘ ਸਰਬ ਲੈਬ ਤੋਂ ਇਲਾਵਾ ਹੋਰ ਸਹਿਯੋਗੀ ਸੱਜਣਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਸੁਸਾਇਟੀ ਦੇ ਸਰਪ੍ਰਸਤ ਉੱਤਮ ਸਿੰਘ ਸੇਠੀ, ਬਲਵੰਤ ਸਿੰਘ ਸੋਇਤਾ, ਦੀਦਾਰ ਸਿੰਘ ਡੀ ਐੱਸ ਪੀ, ਜਗਜੀਤ ਸਿੰਘ ਜਨਰਲ ਸਕੱਤਰ, ਜਗਦੀਪ ਸਿੰਘ ਵਿੱਤ ਸਕੱਤਰ, ਇੰਦਰਜੀਤ ਸਿੰਘ ਬਾਹੜਾ,ਜਗਜੀਤ ਸਿੰਘ ਬਾਟਾ, ਕੁਲਜੀਤ ਸਿੰਘ ਖਾਲਸਾ, ਗੁਰਦੇਵ ਸਿੰਘ, ਮਨਮੋਹਨ ਸਿੰਘ, ਹਰਦੀਪ ਸਿੰਘ ਗੜ ਪਧਾਨਾ, ਦਲਜੀਤ ਸਿੰਘ ਹਰਗੋਬਿੰਦ ਨਗਰ, ਹਕੀਕਤ ਸਿੰਘ, ਜਗਤਾਰ ਸਿੰਘ ਮਹਿੰਦੀਪੁਰ, ਦਲਜੀਤ ਸਿੰਘ ਬਡਵਾਲ, ਜਸਪਾਲ ਸਿੰਘ ਘੱਕੇਵਾਲ ਅਤੇ ਹੋਰ ਸੁਸਾਇਟੀ ਮੈਂਬਰ ਵੀ ਮੌਜੂਦ ਸਨ।

## ਸਾਬਕਾ ਸੈਨਿਕਾਂ ਨੇ ਕੇਂਦਰ ਸਰਕਾਰ ਖਿਲਾਫ਼ ਰੋਸ ਪ੍ਰਗਟ ਕੀਤਾ

**ਟਾਂਡਾ ਉੜਮੁੜ ( ਜਸਵਿੰਦਰ ਸੰਧੂ ਉਂਕਾਰ ਸਿੰਘ)**-ਸਾਬਕਾ ਸੈਨਿਕਾਂ ਨਾਲ ਸਬੰਧਤ ਐਕਸ ਸਰਵਿਸਮੈਨ ਵੈੱਲਫੇਅਰ ਸੋਸਾਇਟੀ ਖੁਣਖੁਣ ਕਲਾਂ ਦੀ ਮਹੀਨਾਵਾਰ ਮੀਟਿੰਗ ਸੋਸਾਇਟੀ ਦੇ ਦਫਤਰ ਵਿਖੇ ਹੋਈ। ਸੋਸਾਇਟੀ ਦੇ ਪ੍ਰਧਾਨ ਸੂਬੇਦਾਰ ਸਵਰਨ ਸਿੰਘ ਦੀ ਅਗਵਾਈ ਵਿਚ ਹੋਈ ਇਸ ਮੀਟਿੰਗ ਦੌਰਾਨ ਸਾਬਕਾ ਸੈਨਿਕਾਂ ਨੇ ਭਾਗ ਲੈਂਦੇ ਹੋਏ ਦਰਪੇਸ਼ ਮੁਸ਼ਕਿਲਾਂ ’ਤੇ ਵਿਚਾਰ-ਵਟਾਂਦਰਾ ਕਰਨ ਅਤੇ ਸੰਸਥਾ ਵੱਲੋਂ ਕੀਤੇ ਜਾਣ ਵਾਲੇ ਸਮਾਜ ਸੇਵੀ ਕੰਮਾਂ ਦੀ ਰੂਪ-ਰੇਖਾ ਤਿਆਰ ਕੀਤੀ। ਸਮੂਹ ਸੈਨਿਕਾਂ ਨੇ ਕੇਂਦਰ ਸਰਕਾਰ ਵੱਲੋਂ ਵਨ ਰੈਂਕ ਵਨ ਪੈਨਸ਼ਨ ਮੰਨੀ ਹੋਈ ਸਕੀਮ ਨੂੰ ਲਾਗੂ ਨਾ ਕਰਨ ਦੇ ਵਿਰੋਧ ਵਿਚ ਰੋਸ ਪ੍ਰਦਰਸ਼ਨ ਕੀਤਾ ਤੇ ਇਸ ਸਕੀਮ ਨੂੰ ਜਲਦ ਤੋਂ ਜਲਦ ਲਾਗੂ ਕਰਨ ਦੀ ਮੰਗ ਕੀਤੀ। ਇਸ ਮੌਕੇ ਪ੍ਰਧਾਨ ਸੂਬੇਦਾਰ ਸਵਰਨ ਸਿੰਘ ਨੇ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਸਾਬਕਾ ਸੈਨਿਕ ਆਪਣੀ ਇਸ ਮੰਗ ਲਈ ਸੰਘਰਸ਼ ਕਰ ਰਹੇ ਹਨ ਪ੍ਰੰਤੂ ਕੇਂਦਰ ਵਲੋਂ ਸਾਬਕਾ ਸੈਨਿਕਾਂ ਦੀ ਇਹ ਮੰਗ ਪੂਰੀ ਨਾ ਕਰਨ ਕਰਕੇ ਸਰਕਾਰ ਖਿਲਾਫ ਰੋਸ ਦੀ ਲਹਿਰ ਹੈ। ਇਸ ਮੌਕੇ ਸੋਸਾਇਟੀ ਦੇ ਸਮੂਹ ਮੈਂਬਰਾਂ ਨੇ ਕਿ ਦੀਆਂ ਵੱਖ ਵੱਖ ਖਸਤਾ ਹਾਲਤ ਸੜਕਾਂ ’ਤੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸੜਕਾਂ ’ਤੇ ਪਏ ਹੋਏ ਵੱਡੇ ਵੱਡੇ ਟੋਇਆ ਕਾਰਨ ਵਾਹਨ ਚਾਲਕ ਦਾ ਹਾਦਸਿਆਂ ਦਾ ਸ਼ਿਕਾਰ ਹੋ ਰਹੇ ਹਨ। ਸੈਨਿਕਾਂ ਨੇ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਮਾਨ ਸਰਕਾਰ ਤੋਂ ਇਲਾਕੇ ਦੀਆਂ ਖਸਤਾ ਹਾਲਤ ਸੜਕਾਂ ਦੀ ਹਾਲਤ ਸੁਧਾਰਨ ਦੀ ਮੰਗ ਕੀਤੀ ਹੈ। ਸੋਸਾਇਟੀ ਨੇ ਸਮਾਜ ਭਲਾਈ ਦੇ ਹੋਰਨਾਂ ਕੰਮਾਂ ਸਬੰਧੀ ਵੀ ਵਿਚਾਰ-ਵਟਾਂਦਰਾ ਕੀਤਾ। ਇਸ ਮੌਕੇ ਸੂਬੇਦਾਰ ਕੁਲਵਿੰਦਰ ਸਿੰਘ, ਡਾ. ਜਸਪਾਲ ਸਿੰਘ ਸੈਣੀ, ਸੂਬੇਦਾਰ ਸੁਭਾਸ਼ ਚੰਦਰ, ਸੂਬੇਦਾਰ ਹਰਭਜਨ ਸਿੰਘ, ਜੋਧ ਸਿੰਘ, ਨਰਵਿੰਦਰ ਸਿੰਘ, ਜੋਗਿੰਦਰ ਸਿੰਘ, ਮੰਗਤ ਰਾਮ, ਸੂਬੇਦਾਰ ਸੁਰਜੀਤ ਸਿੰਘ ਜਕੋਵਾਲ, ਸੂਬੇਦਾਰ ਮੇਜਰ ਕੁਲਵਿੰਦਰ ਸਿੰਘ, ਸੂਬੇਦਾਰ ਨਰਵਿੰਦਰ ਸਿੰਘ, ਜੋਧ ਸਿੰਘ ਸਿਪਾਹੀ ਵਾਰਨ ਸਿੰਘ, ਸੁਰਜੀਤ ਸਿੰਘ ,ਹਰਭਜਨ ਸਿੰਘ ਮਹਿੰਦਰ ਸਿੰਘ, ਸੂਬੇਦਾਰ ਵਰਿੰਦਰ ਪਾਲ ਸਿੰਘ ਜੱਕੋਵਾਲ ਤੋਂ ਇਲਾਵਾ ਹੋਰ ਸਾਬਕਾ ਸੈਨਿਕ ਵੀ ਮੌਜੂਦ ਸਨ।



## 190 ਕਰੋੜ ਦੀ ਲਾਗਤ ਨਾਲ ਸੂਬੇ ਦੇ ਤਹਿਸੀਲ ਕੰਪਲੈਕਸਾਂ ਦਾ ਹੋਵੇਗਾ ਕਾਇਆ-ਕਲਪ : ਜਿੰਪਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**—ਪੰਜਾਬ ਦੇ ਮਾਲ, ਆਫਤ ਪ੍ਰਬੰਧਨ ਤੇ ਮੁੜ ਵਸੇਬਾ, ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਵਿਚ 190 ਕਰੋੜ ਰੁਪਏ ਦੀ ਲਾਗਤ ਨਾਲ ਤਹਿਸੀਲ ਕੰਪਲੈਕਸਾਂ ਨੂੰ ਨਵਾਂ ਰੂਪ ਦਿੱਤਾ ਜਾ ਰਿਹਾ ਹੈ ਅਤੇ ਲੋਕਾਂ ਨੂੰ ਤਹਿਸੀਲ ਕੰਪਲੈਕਸਾਂ ਵਿਚ ਹਰੇਕ ਲੋੜੀਂਦੀ ਸਹੂਲਤ ਮੁਹੱਈਆ ਕਰਵਾਈ ਜਾ ਰਹੀ ਹੈ। ਉਹ ਹੁਸ਼ਿਆਰਪੁਰ ਤਹਿਸੀਲ ਵਿਚ 6.50 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਜਾ ਰਹੇ ਤਹਿਸੀਲ ਕੰਪਲੈਕਸ ਅਤੇ ਫਰਦ ਕੇਂਦਰ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਦਾ ਨੀਂਹ ਪੱਥਰ ਰੱਖਣ ਮੌਕੇ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਦੇ ਨਾਲ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਦਿ ਹੁਸ਼ਿਆਰਪੁਰ ਕੋਆਪ੍ਰੇਟਿਵ ਬੈਂਕ ਦੇ ਚੇਅਰਮੈਨ ਵਿਕਰਮ ਸ਼ਰਮਾ ਅਤੇ ਐਸ.ਡੀ.ਐਮ ਹੁਸ਼ਿਆਰਪੁਰ ਪ੍ਰੀਤਇੰਦਰ ਸਿੰਘ ਬੈਂਸ ਵੀ ਮੌਜੂਦ ਸਨ।

ਕੈਬਨਿਟ ਮੰਤਰੀ ਨੇ ਕਿਹਾ ਕਿ ਤਹਿਸੀਲ ਕੰਪਲੈਕਸਾਂ ਤੋਂ ਸਰਕਾਰ ਨੂੰ ਮਾਲੀਆ ਮਿਲਦਾ ਹੈ ਕਿਉਂਕਿ ਲੋਕ ਇਥੇ ਰੋਜਾਨਾ ਆਪਣੀ ਜਾਇਦਾਦ ਦੀਆਂ ਰਜਿਸਟਰੀਆਂ ਕਰਵਾਉਣ ਲਈ ਆਉਂਦੇ ਹਨ ਪਰ ਇਨ੍ਹਾਂ ਦੀਆਂ ਇਮਾਰਤਾਂ ਦੀ ਹਾਲਤ ਬਹੁਤੀ ਚੰਗੀ ਨਹੀਂ ਸੀ, ਜਿਸ ਲਈ ਸਰਕਾਰ ਨੇ ਇਮਾਰਤਾਂ ਨੂੰ ਬਿਹਤਰ ਬਣਾਉਣ ਲਈ ਪਹਿਲਕਦਮੀ ਕੀਤੀ ਹੈ, ਤਾਂ ਜੋ ਦੂਰ-ਦੁਰਾਡੇ ਤੋਂ ਆਉਣ ਵਾਲੇ ਲੋਕਾਂ ਨੂੰ ਤਹਿਸੀਲ ਵਿਚ ਵਧੀਆ ਮਾਹੌਲ, ਪੀਣ ਲਈ ਸਾਫ ਪਾਣੀ ਅਤੇ ਬੈਠਣ ਲਈ ਢੁੱਕਵੀਂ ਥਾਂ ਮੁਹੱਈਆ ਕਰਵਾਈ ਜਾ ਸਕੇ। ਉਨ੍ਹਾਂ ਦੱਸਿਆ ਕਿ ਹੁਸ਼ਿਆਰਪੁਰ ਤਹਿਸੀਲ ਕੰਪਲੈਕਸ ਵਿਚ ਹੋਣ ਵਾਲੇ ਨਿਰਮਾਣ ਕਾਰਜਾਂ ਵਿਚ ਐਸ.ਡੀ.ਐਮ ਦਫਤਰ, ਐਸ.ਡੀ.ਐਮ ਅਦਾਲਤ, ਤਹਿਸੀਲਦਾਰ ਦਫਤਰ, ਤਹਿਸੀਲਦਾਰ ਅਦਾਲਤ, ਸਬ ਰਜਿਸਟਰਾਰ ਦਫਤਰ, ਕੰਟੀਨ, ਲੋਕਾਂ ਲਈ ਉਡੀਕ ਸਥਾਨ, ਮੀਟਿੰਗ ਰੂਮ, ਫਰਦ ਕੇਂਦਰ ਅਤੇ ਰਿਕਾਰਡ ਰੂਮ ਸ਼ਾਮਲ ਹੋਣਗੇ। ਉਨ੍ਹਾਂ ਦੱਸਿਆ ਕਿ ਉਸਾਰੀ ਦਾ ਕੰਮ ਜੁਲਾਈ 2024 ਤੱਕ ਮੁਕੰਮਲ ਕਰ ਲਿਆ ਜਾਵੇਗਾ। ਜਿੰਪਾ ਨੇ ਕਿਹਾ ਕਿ ਹਾਲ ਹੀ ਵਿਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਲੋਕਾਂ ਨੂੰ ਘਰਾਂ ਵਿਚ ਹੀ ਸਰਕਾਰੀ ਸੇਵਾਵਾਂ ਮੁਹੱਈਆ ਕਰਵਾ ਕੇ ਵੱਡਾ ਤੋਹਫਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਇਸ ਤਹਿਤ ਹੁਣ ਲੋਕ ਘਰ ਬੈਠੇ ਹੀ 43 ਸਰਕਾਰੀ ਸੇਵਾਵਾਂ ਦਾ ਲਾਭ ਲੈ ਸਕਣਗੇ। ਉਨ੍ਹਾਂ ਕਿਹਾ ਕਿ ਇਸ ਸਕੀਮ ਤਹਿਤ ਲੋਕਾਂ ਨੂੰ ਘਰ-ਘਰ ਤੱਕ ਸੇਵਾਵਾਂ ਦੀ ਡੋਰ ਸਟੈਪ ਡਿਲੀਵਰੀ ਸ਼ੁਰੂ ਕੀਤੀ ਗਈ ਹੈ, ਜਿਸ ਨਾਲ ਨਾਗਰਿਕਾਂ ਨੂੰ ਸਰਕਾਰ ਵੱਲੋਂ ਨਿਰਵਿਘਨ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ।



ਇਸ ਮੌਕੇ ਤਹਿਸੀਲਦਾਰ ਗੁਰਸੇਵਕ ਚੰਦ, ਸਬ ਰਜਿਸਟਰਾਰ ਹੁਸ਼ਿਆਰਪੁਰ ਹਰਕਰਮ ਸਿੰਘ ਰੰਧਾਵਾ, ਨਾਇਬ ਤਹਿਸੀਲਦਾਰ ਸ਼ਾਮਚੁਰਾਸੀ ਵਿਜੇ ਕੁਮਾਰ, ਐਕਸੀਅਨ ਲੋਕ ਨਿਰਮਾਣ ਵਿਭਾਗ ਰਾਜੀਵ ਸੈਣੀ, ਵਰਿੰਦਰ ਸ਼ਰਮਾ ਬਿੰਦੂ, ਕੌਂਸਲਰ ਪ੍ਰਦੀਪ ਬਿੱਟੂ, ਜਸਪਾਲ ਸਿੰਘ ਚੇਚੀ, ਐਡਵੋਕੇਟ ਅਮਰਜੋਤ ਸੈਣੀ, ਐਡਵੋਕੇਟ ਅਨੂਪ ਕੁਮਾਰ, ਸੁਮੇਸ਼ ਸੋਨੀ, ਵਰਿੰਦਰ ਵੈਦ ਤੋਂ ਇਲਾਵਾ ਤਹਿਸੀਲ ਦਾ ਸਮੂਹ ਸਟਾਫ ਹਾਜਰ ਸੀ।

## ਸ੍ਰੀ ਗੁਰੂ ਰਵਿਦਾਸ ਸਭਾ ਖਰੜ ਨੇ ਸਕੂਲੀ ਬੱਚਿਆਂ ਨੂੰ ਸਟੇਸ਼ਨਰੀ ਵੰਡੀ



**ਖਰੜ: (ਹਰਨਾਮ ਸਿੰਘ ਡੱਲਾ)**

ਸਮਾਜ ਸੇਵੀ ਜਥੇਬੰਦੀ ਸ੍ਰੀ ਗੁਰੂ ਰਵਿਦਾਸ ਸਭਾ ਰਜਿ: ਖਰੜ ਵਲੋਂ ਤਹਿਸੀਲ ਦੇ ਚਾਰ ਪ੍ਰਾਇਮਰੀ ਅਤੇ ਦੋ ਮਿਡਲ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਕਾਪੀਆਂ ਦੇ ਸੈੱਟ ਅਤੇ ਪੈੱਨ ਮੁਹੱਈਆ ਕਰਵਾਏ ਗਏ। ਸਭਾ ਦੇ ਪ੍ਰਧਾਨ ਮਹਿੰਦਰ ਰਾਮ ਪਾਲ ਦੀ ਅਗਵਾਈ ਵਿੱਚ ਵੱਖ ਵੱਖ ਸਕੂਲਾਂ ਵਿੱਚ ਜਾਣ ਸਮੇਂ ਉਨ੍ਹਾਂ ਨਾਲ ਸਭਾ ਦੇ ਮਦਨ ਲਾਲ ਜਨਾਗਲ,ਹਰਕਾਦਾਸ,ਜੰਗ ਸਿੰਘ,ਐੱਸ ਆਰ ਮੱਲ,ਬਲਦੇਵ ਸਿੰਘ, ਜੋਗਿੰਦਰ ਸਿੰਘ ਬੈਂਸ, ਸਵਰਨ ਸਿੰਘ ਸ਼ਾਨ ਅਤੇ ਹਰਨਾਮ ਸਿੰਘ ਡੱਲਾ ਵੀ ਮੌਜੂਦ ਸਨ। ਸ੍ਰੀ ਗੁਰੂ ਰਵਿਦਾਸ ਸਭਾ ਰਜਿ: ਖਰੜ ਵਲੋਂ ਪਿਛਲੇ ਇੱਕ ਦਹਾਕੇ ਤੋਂ ਉੱਚ ਵਿਦਿਅਕ ਸੰਸਥਾਵਾਂ ਵਿੱਚ ਪੜ੍ਹ ਰਹੇ ਬੱਚਿਆਂ ਦੀ ਪੜ੍ਹਾਈ, ਉਨ੍ਹਾਂ ਦੀਆਂ ਫੀਸ,ਦਾਖਲੇ ਅਤੇ ਸਿਲੇਬਸ ਦੀਆਂ ਕਿਤਾਬਾਂ ਦਾ ਖਰਚਾ ਦੇਣ ਦਾ ਬੀੜਾ ਵੀ ਚੁੱਕਿਆ ਹੋਇਆ ਹੈ। ਇਸੇ ਕੜੀ ਤਹਿਤ ਸਭਾ ਵਲੋਂ ਇਲਾਕੇ ਦੇ ਸਕੂਲ ਬਡਾਲੀ,ਧੜਾਕ ਕਲਾਂ,ਚੋਲਟਾ ਕਲਾ ਅਤੇ ਚੋਲਟਾ ਖੁਰਦ ਦੇ ਛੇ ਪ੍ਰਾਇਮਰੀ ਅਤੇ ਮਿਡਲ ਸਕੂਲਾਂ ਵਿੱਚ ਚਾਰ ਸੌ ਵਿਦਿਆਰਥੀਆਂ ਨੂੰ 2000 ਕਾਪੀਆਂ ਅਤੇ 400 ਬਾਲ ਪੈੱਨ ਮੁਹੱਈਆ ਕਰਵਾਏ ਗਏ। ਸਭਾ ਦੇ ਪ੍ਰਧਾਨ ਨੇ ਅਧਿਆਪਕਾਂ ਨੂੰ ਯਕੀਨ ਦੁਆਇਆ ਕਿ ਜਦੋਂ ਵੀ ਵਿਦਿਆਰਥੀਆਂ ਦੀ ਪੜ੍ਹਾਈ ਲਈ ਕਿਸੇ ਕਿਸਮ ਦੇ ਉਚਿੱਤ ਖਰਚੇ ਦੀ ਲੋੜ ਪਵੇ ਤਾਂ ਸ੍ਰੀ ਗੁਰੂ ਰਵਿਦਾਸ ਸਭਾ ਰਜਿ: ਖਰੜ ਉਸ ਦੀ ਪੂਰਤੀ ਕਰਨ ਦਾ ਯਤਨ ਕਰੇਗੀ।

## ਵਾਰਡ ਵਾਸੀਆਂ ਦੀਆਂ ਮੁਸ਼ਕਿਲਾਂ ਸੁਣੀਆਂ

**ਫਗਵਾੜਾ ( ਜਸਵਿੰਦਰ ਢੱਡਾ )** ਫਗਵਾੜਾ ਦੇ ਮੁਹੱਲਾ ਸੰਤ ਨਗਰ ਵਿਖੇ ਜੋਗਿੰਦਰ ਸਿੰਘ ਮਾਨ ਹਲਕਾ ਇੰਚਾਰਜ ਆਮ ਆਦਮੀ ਪਾਰਟੀ ਦੇ ਦਿਸ਼ਾ ਨਿਰਦੇਸ਼ਾਂ ਤੇ ਦਲਜੀਤ ਰਾਜੂ ਦੀ ਅਗੁਆਈ ਹੇਠ ਰਘਵੀਰ ਕੌਰ ਦੇ ਸਹਿਯੋਗ ਨਾਲ ਵਾਰਡ ਕਮੇਟੀ ਦੇ ਗਠਨ ਲਈ ਵਿਸ਼ੇਸ਼ ਮੀਟਿੰਗ ਕੀਤੀ ਗਈ। ਜਿਸ ਵਿੱਚ ਵਾਰਡ ਵਾਸੀਆਂ ਦੀਆਂ ਮੁਸ਼ਕਿਲਾਂ ਸੁਣੀਆਂ। ਇਸ ਮੌਕੇ ਬਲਬੀਰ ਠਾਕੁਰ ਬਲਾਕ ਪ੍ਰਧਾਨ, ਵਰੁਣ ਬੰਗੜ ਚੱਕ ਹਕੀਮ ਬਲਾਕ ਪ੍ਰਧਾਨ, ਰਾਜੇਸ਼ ਕੁਮਾਰ ਬਲਾਕ ਪ੍ਰਧਾਨ, ਗਿਆਨ ਸਿੰਘ ਫਿਲੌਰ, ਅਮਨਦੀਪ ਕੌਰ, ਬਲਵਿੰਦਰ ਸਿੰਘ, ਪ੍ਰੇਮ ਪਾਲ ਅਤੇ ਹੋਰ ਹਾਜਰ ਸਨ।

ਉਤਰ ਰੇਲਵੇ
ਈ-ਨਿਵਿਦਾ ਸੂਚਨਾ
ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

ਸੀਨੀ. ਮੰਡਲ ਯਾਂਤਰਿਕ ਇੰਜੀਨੀਅਰ ਉਤਰ ਰੇਲਵੇ, ਡੀ.ਐਮ.ਯੂ. ਕਾਰ ਸ਼ੈਡ, ਜਲੰਧਰ ਸ਼ਹਿਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਕੰਮ ਦੇ ਲਈ ਤੈਅ ਫਾਰਮੈਟ ਤੇ ਈ-ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ।

| | |
|---|---|
| ਕੰਮ ਦਾ ਨਾਮ | ਡੀਐਮਯੂ ਕਾਰ ਸ਼ੈਡ ਬਡਗਾਮ ਵਿਚ ਆਟੋਮੈਟਿਕ ਕੋਚ ਵਾਸ਼ਿੰਗ ਪਲਾਂਟ ਦੀ ਸਥਾਪਨਾ ਅਤੇ ਕਮਿਸ਼ਨਿੰਗ। |
| ਅੰਦਾਜਨ ਲਾਗਤ | ₹ 2,43,99,000/- (ਰੁ. ਦੋ ਕਰੋੜ ਤਰਤਾਲੀ ਲਖ ਨੜਿਨਵੇਂ ਹਜਾਰ ਕੇਵਲ।) |
| ਬਿਆਨਾ ਰਾਸ਼ੀ | ₹ 2,72,000/- (ਰੁ. ਦੋ ਲਖ ਬਹੱਤਰ ਹਜਾਰ ਕੇਵਲ) |
| ਨਿਵਿਦਾ ਦੀ ਉਪਲਬਧਤਾ | ਮਿਤੀ 05.12.2023 ਤੋਂ |
| ਨਿਵਿਦਾ ਜਮ੍ਹਾ ਕਰਨ ਦੀ ਅੰਤਮ ਮਿਤੀ ਅਤੇ ਸਮਾਂ | ਮਿਤੀ 29.12.2023 ਨੂੰ 15.00 ਵਜੇ ਤਕ |
| ਨਿਵਿਦਾ ਖੁਲਣ ਦੀ ਮਿਤੀ ਅਤੇ ਸਮਾਂ | ਮਿਤੀ 29.12.2023 ਨੂੰ 15.15 ਵਜੇ ਤਕ |
| ਵੈਲੇਡਿਟੀ | ਖੁਲਣ ਦੀ ਮਿਤੀ ਤੋਂ 45 ਦਿਨ ਤਕ |
| ਨਿਵਿਦਾ ਦਾ ਪ੍ਰਕਾਰ | ਖੁਲ੍ਹੀ ਨਿਵਿਦਾ (ਏਕਲ ਪੈਕੇਟ ਪ੍ਰਣਾਲੀ) |
| ਕੰਮ ਦਾ ਸਮਾਂ | 06 ਮਹੀਨੇ |
| ਵੈਬਸਾਈਟ | www.ireps.gov.in |

ਨਿਵਿਦਾ ਸੰਖਿਆ-06-2023-24- ਡੀ ਐਮ ਯੂ-ਬਡਗਾਮ ਮਿਤੀ: 05.12.2023 3897/2023
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਜੌੜਾਮਾਜਰਾ ਨੇ ਬੀ ਬੀ ਐੱਮ ਬੀ ਡੈਮਾਂ 'ਚ ਚੱਲ ਰਹੇ ਜਲ ਪ੍ਰਾਜੈਕਟਾਂ ਦਾ ਲਿਆ ਜਾਇਜ਼ਾ



**ਚੰਡੀਗੜ੍ਹ (ਗੁਰਜੀਤ ਬਿੱਲਾ)**—ਪੰਜਾਬ ਦੇ ਜਲ ਸਰੋਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐੱਮ.ਬੀ) ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਡੈਮਾਂ 'ਤੇ ਚੱਲ ਰਹੇ ਪ੍ਰਾਜੈਕਟਾਂ, ਭਵਿੱਖੀ ਯੋਜਨਾਵਾਂ ਅਤੇ ਪਾਣੀ ਭੰਡਾਰਨ ਦਾ ਜਾਇਜ਼ਾ ਲਿਆ। ਪੰਜਾਬ ਸਿਵਲ ਸਕੱਤਰੇਤ ਸਥਿਤ ਆਪਣੇ ਦਫ਼ਤਰ ਵਿਖੇ ਬੀ.ਬੀ.ਐੱਮ.ਬੀ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਦੁਹਰਾਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਵਿੱਚ ਨਹਿਰੀ ਸਿੰਜਾਈ ਪ੍ਰਣਾਲੀ ਨੂੰ ਮਜ਼ਬੂਤ ਕਰਨ ਅਤੇ ਸੂਬੇ ਦੇ ਕਿਸਾਨਾਂ ਲਈ ਪਾਣੀ ਦੀ ਨਿਰੰਤਰ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ ਅਣਥੱਕ ਯਤਨ ਕਰ ਰਹੀ ਹੈ। ਇਸ ਮੌਕੇ ਜੌੜਾਮਾਜਰਾ ਨੂੰ ਅਧਿਕਾਰੀਆਂ ਨੇ ਅਦਾਰੇ ਵੱਲੋਂ ਬੁਨਿਆਦੀ ਢਾਂਚੇ ਸਬੰਧੀ ਕੀਤੇ ਬੰਦੋਬਸਤ, ਜਲ ਰੈਗੂਲੇਟਰੀ ਉਪਾਵਾਂ ਅਤੇ ਭਾਈਵਾਲ ਰਾਜਾਂ ਦਰਮਿਆਨ ਸ਼ੇਅਰਾਂ ਦੀ ਵੰਡ ਬਾਰੇ ਜਾਣਕਾਰੀ ਦਿੱਤੀ। ਕੈਬਨਿਟ ਮੰਤਰੀ ਨੇ ਸਮੂਹ ਅਧਿਕਾਰੀਆਂ ਨੂੰ ਸੰਭਾਵੀ ਹੜ੍ਹਾਂ ਤੋਂ ਪਹਿਲਾਂ ਸਰਗਰਮੀ ਨਾਲ ਇਹਤਿਆਤੀ ਕਦਮ ਚੁੱਕਣ ਲਈ ਕਿਹਾ। ਉਨ੍ਹਾਂ ਖਾਸ ਤੌਰ 'ਤੇ ਬੀ.ਬੀ.ਐੱਮ.ਬੀ ਦੇ ਅਧਿਕਾਰੀਆਂ ਨੂੰ ਡੈਮਾਂ 'ਤੋਂ ਪਾਣੀ ਛੱਡਣ ਬਾਰੇ ਸਮੇਂ ਸਿਰ ਅਪਡੇਟ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ ਤਾਂ ਜੋ ਸਰਕਾਰ ਅਤੇ ਕਿਸਾਨਾਂ ਵੱਲੋਂ ਪ੍ਰਭਾਵਸ਼ਾਲੀ ਢੰਗ ਨਾਲ ਰੋਕਥਾਮ ਉਪਾਅ ਯਕੀਨੀ ਬਣਾਏ ਜਾ ਸਕਣ। ਕੈਬਨਿਟ ਮੰਤਰੀ ਨੇ ਕਿਹਾ ਕਿ ਉਹ ਛੇਤੀ ਹੀ ਡੈਮਾਂ ਦਾ ਮੌਕੇ 'ਤੇ ਜਾ ਕੇ ਜਾਇਜ਼ਾ ਲੈਣਗੇ। ਜੌੜਾਮਾਜਰਾ ਨੇ ਦੱਸਿਆ ਕਿ ਇਸ ਵਾਰ ਸੂਬਾ ਸਰਕਾਰ ਨੇ ਕਿਸਾਨਾਂ ਨੂੰ ਉਨ੍ਹਾਂ ਦੀ ਮੰਗ ਅਨੁਸਾਰ ਨਹਿਰੀ ਪਾਣੀ ਮੁਹੱਈਆ ਕਰਵਾਇਆ ਹੈ, ਜੋ ਸੂਬੇ 'ਚ ਪਹਿਲੀ ਵਾਰ ਹੋਇਆ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਪਿਛਲੇ ਸਾਲ ਦੇ ਮੁਕਾਬਲੇ ਨਹਿਰੀ ਪਾਣੀ ਦੀ ਵਰਤੋਂ ਵਿੱਚ ਲਗਭਗ 38 ਫੀਸਦੀ ਵਾਧਾ ਦਰਜ ਕੀਤਾ ਗਿਆ ਹੈ ਅਤੇ ਇਸ ਸਾਲ ਸਿੰਜਾਈ ਲਈ ਨਹਿਰੀ ਪਾਣੀ ਦੀ ਵਰਤੋਂ ਵਿੱਚ ਹੋਰ ਵਾਧਾ ਕੀਤਾ ਜਾਵੇਗਾ। ਉਨ੍ਹਾਂ ਲਗਾਤਾਰ ਘਟਦੇ ਜਾ ਰਹੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਨਹਿਰੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਲਈ ਯੋਜਨਾਵਾਂ ਉਲੀਕਣ 'ਤੇ ਵੀ ਜ਼ੋਰ ਦਿੱਤਾ। ਮੀਟਿੰਗ ਵਿੱਚ ਹੋਰਨਾਂ ਰਾਜਾਂ ਦੇ ਪਾਣੀ ਸਬੰਧੀ ਮੁੱਦਿਆਂ 'ਤੇ ਵੀ ਵਿਚਾਰ-ਚਰਚਾ ਕੀਤੀ ਗਈ।

ਮੀਟਿੰਗ ਵਿੱਚ ਜਲ ਸਰੋਤ ਵਿਭਾਗ ਦੇ ਸਕੱਤਰ ਕ੍ਰਿਸ਼ਨ ਕੁਮਾਰ, ਬੀ.ਬੀ.ਐੱਮ.ਬੀ ਦੇ ਸਕੱਤਰ ਸਤੀਸ਼ ਕੁਮਾਰ ਸਿੰਗਲਾ, ਮੁੱਖ ਇੰਜੀਨੀਅਰ (ਨਹਿਰਾਂ) ਜੇ.ਪੀ.ਸਿੰਘ, ਚੀਫ ਇੰਜੀਨੀਅਰ ਭਾਖੜਾ ਡੈਮ (ਬੀ.ਬੀ.ਐੱਮ.ਬੀ) ਚਰਨਪ੍ਰੀਤ ਸਿੰਘ, ਡਾਇਰੈਕਟਰ ਵਾਟਰ ਰੈਗੂਲੇਸ਼ਨ ਰਾਜੀਵ ਗੋਇਲ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

# ਸਥਾਨਕ ਸਰਕਾਰਾਂ ਮੰਤਰੀ ਨੇ ਵੱਖ-ਵੱਖ ਪਿੰਡਾਂ 'ਚ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ



**ਜਲੰਧਰ (ਸੁਰਿੰਦਰ ਕੁਮਾਰ)** ਸਥਾਨਕ ਜਲੰਧਰ ਵਿੱਚ ਪਿੰਡਾਂ ਵਿੱਚ ਵਿਕਾਸ ਦੀ ਗਤੀ ਤੇਜ਼ ਕਰਨ ਲਈ ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਵੱਲੋਂ ਸੋਮਵਾਰ ਨੂੰ ਜ਼ਿਲ੍ਹੇ ਦੇ ਅੱਠ ਪਿੰਡਾਂ ਵਿੱਚ 60.50 ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ ਗਏ, ਜਿਨ੍ਹਾਂ 'ਚ ਕੋਟਲਾ, ਮੁਬਾਰਕਪੁਰ, ਸ਼ੇਖੇ, ਸ਼ੇਰਪੁਰ, ਮਦਾਰਾ, ਧੋਗੜੀ, ਰਾਓਵਾਲੀ ਅਤੇ ਨੰਗਲ ਸਲੇਮਪੁਰ ਸ਼ਾਮਲ ਹਨ, ਜਿਨ੍ਹਾਂ ਵਿੱਚ ਇੰਟਰਲਾਕ ਟਾਇਲਾਂ ਅਤੇ ਸੀਵਰੇਜ ਦੇ ਕੰਮ ਦੀ ਸ਼ੁਰੂਆਤ ਕਰਵਾਈ ਗਈ। ਵਿਕਾਸ ਕਾਰਜਾਂ ਦੇ ਆਗਾਜ਼ ਮੌਕੇ ਕੈਬਨਿਟ ਮੰਤਰੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਨ੍ਹਾਂ ਵਿਕਾਸ ਕਾਰਜਾਂ ਦੇ ਮੁਕੰਮਲ ਹੋਣ ਨਾਲ ਪਿੰਡਾਂ ਦੇ ਲੋਕਾਂ ਨੂੰ ਸਿੱਧੇ ਤੌਰ 'ਤੇ ਫਾਇਦਾ ਹੋਵੇਗਾ। ਉਨ੍ਹਾਂ ਕਿਹਾ ਕਿ ਸੀਵਰੇਜ ਸਿਸਟਮ ਪੈਣ ਸਦਕਾ ਜਿਥੇ ਇਨ੍ਹਾਂ ਪਿੰਡਾਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਯਕੀਨੀ ਬਣੇਗੀ ਉਥੇ ਇੰਟਰਲਾਕਿੰਗ ਟਾਇਲਾਂ ਲੱਗਣ ਸਦਕਾ ਆਮ ਲੋਕਾਂ ਨੂੰ ਆਉਣ-ਜਾਣ ਵਿੱਚ ਆਸਾਨੀ ਹੋਵੇਗੀ। ਸਥਾਨਕ ਸਰਕਾਰਾਂ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਜੰਗੀ ਪੱਧਰ 'ਤੇ ਵਿਕਾਸ ਕਾਰਜ ਕਰਵਾਉਣ ਦੇ ਨਾਲ-ਨਾਲ ਲੋਕਾਂ ਨੂੰ ਆਧੁਨਿਕ ਸਮੇਂ ਅਨੁਸਾਰ ਸਹੂਲਤਾਂ ਮੁਹੱਈਆ ਕਰਵਾਉਣ ਨੂੰ ਪਹਿਲ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਰਵਾਇਤੀ ਮਾਨ ਸਰਕਾਰ ਸੂਬਾ ਸਰਕਾਰ ਹੀ ਹੈ, ਜਿਸ ਨੇ ਲੋਕਾਂ ਦੀ ਭਲਾਈ ਲਈ ਕ੍ਰਾਂਤੀਕਾਰੀ ਫੈਸਲੇ ਲਏ ਹਨ। ਮੰਤਰੀ ਨੇ ਕਿਹਾ ਕਿ ਲੋਕਾਂ ਨੂੰ 600 ਯੂਨਿਟ ਮੁਫ਼ਤ ਬਿਜਲੀ ਮੁਆਫੀ, ਆਮ ਆਦਮੀ ਕਲੀਨਿਕ, ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ, ਸਕੂਲ ਆਫ ਐਮੀਨੈਂਸ ਵਰਗੀਆਂ ਸਹੂਲਤਾਂ ਪ੍ਰਦਾਨ ਕਰਨ ਤੋਂ ਬਾਅਦ ਹਾਲ ਹੀ ਵਿੱਚ ਸੂਬਾ ਸਰਕਾਰ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਤਹਿਤ ਪੰਜਾਬ ਦੇ ਲੋਕ ਪਵਿੱਤਰ ਸਥਾਨਾਂ ਦੀ ਮੁਫ਼ਤ ਯਾਤਰਾ ਕਰ ਸਕਦੇ ਹਨ। ਇਕ ਹੋਰ ਪਹਿਲਕਦਮੀ ਤਹਿਤ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਉਨ੍ਹਾਂ ਦੀਆਂ ਬਰੂਹਾਂ 'ਤੇ 43 ਨਾਗਰਿਕ ਕੇਂਦਰਿਤ ਸੇਵਾਵਾਂ ਪ੍ਰਦਾਨ ਕਰਨ ਲਈ 'ਭਗਵੰਤ ਮਾਨ ਸਰਕਾਰ, ਤੁਹਾਡੇ ਦੁਆਰ' ਸਕੀਮ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਸੂਬੇ ਦੇ ਨਾਗਰਿਕ ਹੈਲਪਲਾਈਨ ਨੰਬਰ 1076 'ਤੇ ਕਾਲ ਕਰਕੇ ਆਪਣੀ ਸਹੂਲਤ ਅਨੁਸਾਰ ਪੂਰਵ-ਮੁਲਾਕਾਤ ਦਾ ਸਮਾਂ ਤੈਅ ਕਰਕੇ ਇਨ੍ਹਾਂ ਸੇਵਾਵਾਂ ਦਾ ਲਾਭ ਲੈ ਸਕਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਕੋਲ ਸੂਬੇ ਵਿੱਚ ਵਿਕਾਸ ਕਾਰਜ ਕਰਵਾਉਣ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ। ਉਨ੍ਹਾਂ ਇਸ ਮੌਕੇ ਪੰਚਾਇਤਾਂ ਨੂੰ ਆਪਣੇ ਪਿੰਡਾਂ ਵਿੱਚ ਹੋਰ ਵਿਕਾਸ ਕਾਰਜ ਕਰਵਾਉਣ ਲਈ ਪ੍ਰਸਤਾਵ ਬਣਾ ਕੇ ਭੇਜਣ ਲਈ ਵੀ ਕਿਹਾ। ਉਨ੍ਹਾਂ ਮੌਕੇ 'ਤੇ ਮੌਜੂਦ ਅਧਿਕਾਰੀਆਂ ਨੂੰ ਵਿਕਾਸ ਕਾਰਜਾਂ ਦੇ ਮਿਆਰ ਤੇ ਗੁਣਵੱਤਾ ਦਾ ਪੂਰਾ ਧਿਆਨ ਰੱਖਦਿਆਂ ਵਿਕਾਸ ਕਾਰਜਾਂ ਨੂੰ ਨਿਰਧਾਰਿਤ ਸਮੇਂ ਦੇ ਅੰਦਰ ਮੁਕੰਮਲ ਕਰਨ ਦੇ ਨਿਰਦੇਸ਼ ਵੀ ਦਿੱਤੇ। ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਨੇ ਪਿੰਡਾਂ ਦੇ ਲੋਕਾਂ ਦੀਆਂ ਮੁਸ਼ਕਲਾਂ ਸੁਣਦਿਆਂ ਸਬੰਧਤ ਅਧਿਕਾਰੀਆਂ ਨੂੰ ਉਨ੍ਹਾਂ ਦਾ ਜਲਦ ਤੋਂ ਜਲਦ ਢੁੱਕਵਾਂ ਹੱਲ ਕਰਨ ਦੀਆਂ ਹਦਾਇਤਾਂ ਦਿੱਤੀਆਂ।

# ਸੂਬੇ 'ਚ 2 ਹਜ਼ਾਰ ਕਰੋੜ ਰੁਪਏ ਦੀ ਲਾਗਤ ਨਾਲ ਚੱਲ ਰਹੇ ਹਨ ਜਲ ਸਪਲਾਈ ਪ੍ਰਾਜੈਕਟ : ਜਿੰਪਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**—ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਵਿਚ 2 ਹਜਾਰ ਕਰੋੜ ਰੁਪਏ ਦੀ ਲਾਗਤ ਨਾਲ ਜਲ ਸਪਲਾਈ ਦੇ ਪ੍ਰਾਜੈਕਟ ਚਲਾਏ ਜਾ ਰਹੇ ਹਨ, ਜਿਸ ਨਾਲ ਲੋਕਾਂ ਨੂੰ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਇਆ ਜਾ ਰਿਹਾ ਹੈ। ਉਹ ਬਲਾਕ ਮਾਹਿਲਪੁਰ ਦੇ ਪਿੰਡ ਖੈਰੜ ਰਾਵਲ ਬੱਸੀ ਵਿਚ 55.18 ਲੱਖ ਰੁਪਏ ਦੀ ਲਾਗਤ ਨਾਲ ਬਣੀ ਜਲ ਸਪਲਾਈ ਸਕੀਮ ਦਾ ਉਦਘਾਟਨ ਕਰਨ ਮੌਕੇ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਦੇ ਨਾਲ ਪੰਜਾਬ ਅਨੁਸੂਚਿਤ ਜਾਤੀ ਭੂਮੀ ਵਿਕਾਸ ਅਤੇ ਵਿੱਤ ਨਿਗਮ ਦੇ ਚੇਅਰਮੈਨ ਹਰਮਿੰਦਰ ਸਿੰਘ ਸੰਧੂ ਅਤੇ ਦਿ ਹੁਸ਼ਿਆਰਪੁਰ ਕੋਆਪਰੇਟਿਵ ਬੈਂਕ ਦੇ ਚੇਅਰਮੈਨ ਵਿਕਰਮ ਸ਼ਰਮਾ ਵੀ ਮੌਜੂਦ ਸਨ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਇਹ ਜਲ ਸਪਲਾਈ ਸਕੀਮ 2009 ਵਿਚ 3 ਪਿੰਡਾਂ ਲਈ ਸ਼ੁਰੂ ਕੀਤੀ ਗਈ ਸੀ ਪਰ ਪਿੰਡ ਖੈਰੜ ਰਾਵਲ ਬੱਸੀ ਦੇ ਵਾਸੀਆਂ ਨੂੰ ਪੀਣ ਵਾਲਾ ਪਾਣੀ ਉਪਲਬੱਧ ਨਹੀਂ ਸੀ, ਜਿਸ ਕਾਰਨ ਪਿੰਡ ਖੈਰੜ ਰਾਵਲ ਬੱਸੀ ਲਈ ਵੱਖਰੀ ਜਲ ਸਪਲਾਈ ਸਕੀਮ ਸੁਰੂ ਕਰਨ ਲਈ ਬੇਨਤੀ ਕੀਤੀ ਗਈ ਸੀ, ਜਿਸ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ ਗਿਆ ਅਤੇ 55.18 ਲੱਖ ਰੁਪਏ ਦੀ ਲਾਗਤ ਨਾਲ ਸਕੀਮ ਨੂੰ ਮਨਜੂਰੀ ਦੇ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਸ ਸਕੀਮ ਰਾਹੀਂ ਪਿੰਡ ਦੀ 2180 ਆਬਾਦੀ ਨੂੰ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਇਆ ਗਿਆ ਹੈ।

ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਲੋਕਾਂ ਦੀ ਹਰ ਛੋਟੀ-ਵੱਡੀ ਲੋੜ ਨੂੰ ਧਿਆਨ ਵਿਚ ਰੱਖਿਆ ਹੈ। ਜਿਥੇ ਆਮ ਲੋਕਾਂ ਨੂੰ 600 ਯੂਨਿਟ ਮੁਫਤ ਬਿਜਲੀ ਮੁਹੱਈਆ ਕਰਵਾਈ ਗਈ ਹੈ, ਉਥੇ ਹੀ ਆਮ ਆਦਮੀ ਕਲੀਨਿਕਾਂ ਰਾਹੀਂ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਨੇੜੇ ਮੁਫਤ ਸਿਹਤ ਸੇਵਾਵਾਂ ਵੀ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਸ ਮੌਕੇ ਡੀ.ਐਸ.ਪੀ ਦਲਜੀਤ ਸਿੰਘ ਖੱਖ, ਐਸ.ਈ ਹੁਸ਼ਿਆਰਪੁਰ ਵਿਜੇ ਕੁਮਾਰ, ਐਕਸੀਅਨ ਗੜ੍ਹਸ਼ੰਕਰ ਗੁਰਪ੍ਰੀਤ ਸਿੰਘ, ਐਸ.ਡੀ.ਓ ਮਾਹਿਲਪੁਰ ਜੋਗਿੰਦਰ ਪਾਲ, ਜੇ.ਈ ਮਾਹਿਲਪੁਰ ਗੁਰਪ੍ਰੀਤ ਸਿੰਘ, ਮੋਹਨ ਲਾਲ ਚਿੱਤੋਂ, ਜਸਵੀਰ ਸਿੰਘ, ਵਰਿੰਦਰ ਸ਼ਰਮਾ ਬਿੰਦੂ, ਐਡਵੋਕੇਟ ਅਮਰਜੋਤ ਸੈਣੀ, ਤਰੁਣ ਅਰੋੜਾ ਅਤੇ ਹੋਰ ਪਤਵੰਤੇ ਹਾਜਰ ਸਨ।

# ਮਾਨ ਸਰਕਾਰ ਸਰਕਾਰੀ ਦਫ਼ਤਰਾਂ 'ਚ ਲੋਕਾਂ ਨੂੰ ਦਿੱਕਤਾਂ ਤੋਂ ਦੇ ਰਹੀ ਰਾਹਤ : ਦਲਜੀਤ ਰਾਜੂ



**ਫਗਵਾੜਾ ( ਡਾ. ਰਮਨ )** ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਦੀਆਂ ਹਦਾਇਤਾਂ ਅਨੁਸਾਰ ਮੁਹੱਲਾ ਸੰਤ ਨਗਰ ਵਿਖੇ ਪਾਰਟੀ ਦੀ ਮੀਟਿੰਗ ਹੋਈ। ਜਿਸ ਦੀ ਪ੍ਰਧਾਨਗੀ ਮਹਿਲਾ ਆਪ ਆਗੂ ਰਘਵੀਰ ਕੌਰ ਨੇ ਕੀਤੀ। ਇਸ ਮੌਕੇ 'ਆਪ' ਦੇ ਸੀਨੀਅਰ ਆਗੂ ਦਲਜੀਤ ਸਿੰਘ ਰਾਜੂ ਸਮੇਤ ਬਲਾਕ ਪ੍ਰਧਾਨ ਬਲਬੀਰ ਠਾਕੁਰ, ਵਰੁਣ ਬੰਗੜ ਅਤੇ ਰਾਜੇਸ਼ ਕੌਂਲਸਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਦੌਰਾਨ ਰਘਵੀਰ ਕੌਰ ਨੂੰ ਵਾਰਡ ਸਕੱਤਰ ਨਿਯੁਕਤ ਕੀਤਾ ਗਿਆ। ਰਾਜੂ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਹਦਾਇਤਾਂ ਅਨੁਸਾਰ ਅਤੇ ਜੋਗਿੰਦਰ ਸਿੰਘ ਮਾਨ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਵਾਰਡ ਪੱਧਰੀ 21 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਹ ਕਮੇਟੀ ਵਾਰਡ ਪੱਧਰ 'ਤੇ ਵਿਕਾਸ ਕਾਰਜਾਂ ਅਤੇ ਲੋਕਾਂ ਨਾਲ ਸਬੰਧਤ ਸਮੱਸਿਆਵਾਂ ਦਾ ਪਤਾ ਲਗਾਏਗੀ ਅਤੇ ਜੋਗਿੰਦਰ ਸਿੰਘ ਦੇ ਸਹਿਯੋਗ ਨਾਲ ਵਿਭਾਗਾਂ ਤੋਂ ਮਸਲਿਆਂ ਦਾ ਹੱਲ ਕਰਵਾਏਗੀ। ਉਨ੍ਹਾਂ ਨੇ ਕਿਹਾ ਕਿ 'ਆਪ' ਪਾਰਟੀ ਦਾ ਉਦੇਸ਼ ਲੋਕਾਂ ਨੂੰ ਸਰਕਾਰੀ ਦਫ਼ਤਰਾਂ 'ਚ ਪੇਸ਼ ਆਉਣ ਵਾਲੀਆਂ ਮੁਸ਼ਕਿਲਾਂ ਤੋਂ ਰਾਹਤ ਦਿਵਾਉਣਾ ਹੈ। ਵਾਰਡ ਸਕੱਤਰ ਰਘਵੀਰ ਕੌਰ ਨੇ ਆਪਣੀ ਨਿਯੁਕਤੀ ਲਈ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਉਹ ਉਨ੍ਹਾਂ ਨੂੰ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਲੋਕਾਂ ਨੂੰ ਭਗਵੰਤ ਮਾਨ ਸਰਕਾਰ ਦੀਆਂ ਪ੍ਰਾਪਤੀਆਂ ਤੋਂ ਵੀ ਜਾਣੂ ਕਰਵਾਇਆ ਜਾਵੇਗਾ। ਇਸ ਮੌਕੇ ਗਿਆਨ ਸਿੰਘ ਫਲੋਰਾ, ਅਮਨਦੀਪ ਕੌਰ, ਹਰਿੰਦਰ ਸਿੰਘ, ਲਵ ਕੁਮਾਰ, ਚਰਨਜੀਤ ਸਿੰਘ ਟੋਨੀ, ਸੋਨੂੰ, ਰਾਜਵੀਰ ਕੌਰ, ਪ੍ਰੇਮਪਾਲ, ਬਲਵਿੰਦਰ ਸਿੰਘ, ਪ੍ਰਭਾ ਦੇਵੀ, ਮੰਜੂ, ਮੁਖਤਿਆਰ ਸਿੰਘ, ਅਮਰਜੀਤ ਸਿੰਘ, ਪ੍ਰੀਤਮ ਸਿੰਘ, ਸੁਖਵੀਰ ਸਿੰਘ, ਰਘਵੀਰ ਸਿੰਘ ਫਲੌਰੀਆ ਆਦਿ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ।

# ਬੈਂਕਿੰਗ ਵਿਸ਼ੇ ਨਾਲ ਸੰਬਧਤ ਕੰਮ ਬਾਰੇ ਦਿੱਤੀ ਜਾਣਕਾਰੀ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੀਮਾ ਕਲਾਂ ਚੀਮਾ ਖ਼ੁਰਦ ਵਿਖੇ 9ਵੀਂ ਅਤੇ 11ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਬੈਂਕਿੰਗ ਵਿਸ਼ੇ ਨਾਲ ਸੰਬੰਧਿਤ ਐਨ ਐਸ ਕਿਊ ਐਫ ਦੇ ਅਧੀਨ ਐਜੂਕੇਸ਼ਨ ਬ੍ਰਿਜ ਲਰਨਿੰਗ ਪ੍ਰਾਈਵੇਟ ਲਿਮਟਿਡ ਦੇ ਪ੍ਰੋਗਰਾਮ ਦੇ ਅਧਾਰਿਤ ਇੰਡਸਟਰੀ ਵਿਜਟ ਕਰਵਾਈ ਗਈ । ਇਹ ਵਿਜਿਟ ਨੂਰਮਹਿਲ ਦੇ ਕੇਨਰਾ ਬੈਂਕ ਵਿਚ ਕਰਵਾਈ ਗਈ । ਇਸ ਮੌਕੇ ਬੈਂਕ ਦੇ ਮੁਲਾਜਮਾਂ ਨੇ ਬੱਚਿਆਂ ਨੂੰ ਬੈਂਕ ਵਿਚ ਅਦਾ ਕੀਤੇ ਜਾਂਦੇ ਰੋਲਾਂ ਬਾਰੇ ਜਾਣਕਾਰੀ ਦਿੱਤੀ । ਇਸ ਮੌਕੇ ਬੈਂਕ ਮੈਨੇਜਰ ਪ੍ਰਵੀਨ ਕੁਮਾਰ ਪਟਿਆਲ, ਪ੍ਰਿੰਸੀਪਲ ਗੁਰਿੰਦਰ ਸਿੰਘ, ਸਤਨਾਮ ਸਿੰਘ, ਅਵਤਾਰ ਸਿੰਘ ਅਤੇ ਨਵਰੀਤ ਕੌਰ ਹਾਜਰ ਸਨ ।

# ਆਰੀਅਨਜ਼ ਓਵਰਸੀਜ਼ ਨੇ ਪਲੇਠਾ ਸਥਾਪਨਾ ਦਿਵਸ ਮਨਾਇਆ



**ਮੋਹਾਲੀ (ਕ੍ਰਿਸ਼ਨ ਗਰਗ)**-ਆਰੀਅਨਜ਼ ਓਵਰਸੀਜ਼ ਨੇ ਆਰੀਅਨਜ਼ ਗਰੁੱਪ ਆਫ਼ ਕਾਲਜਿਜ਼, ਰਾਜਪੁਰਾ ਦੇ ਸੰਸਥਾਪਕ ਪ੍ਰੋ. ਰੋਸ਼ਨ ਲਾਲ ਕਟਾਰੀਆ ਦੇ 75ਵੇਂ ਜਨਮ ਦਿਨ 'ਤੇ ਆਪਣਾ ਪਹਿਲਾ ਸਥਾਪਨਾ ਦਿਵਸ ਮਨਾਇਆ ।ਇਸ ਮੌਕੇ ਆਰੀਅਨਜ਼ ਓਵਰਸੀਜ਼ ਵਿਖੇ ਭਗਵਾਨ ਗਣਪਤੀ ਮੂਰਤੀ ਦਾ ਉਦਘਾਟਨ ਵੀ ਕੀਤਾ ਗਿਆ। ਨੇਤਰਹੀਣ ਸਕੂਲ ਦਾ ਦੌਰਾ ਵੀ ਕੀਤਾ ਗਿਆ ਜਿੱਥੇ ਵਿਦਿਆਰਥੀਆਂ ਨਾਲ ਕੇਕ ਕੱਟਣ ਦੀ ਰਸਮ ਅਦਾ ਕੀਤੀ ਗਈ।ਵਿਦਿਆਰਥੀਆਂ ਨੂੰ ਊਨੀ ਕੱਪੜੇ, ਫਲ, ਮਠਿਆਈਆਂ ਆਦਿ ਵੀ ਵੰਡੀਆਂ ਗਈਆਂ । ਆਰੀਅਨਜ਼ ਗਰੁੱਪ ਆਫ ਕਾਲਜਿਜ਼ ਵਿੱਚ 16 ਸਾਲਾਂ ਤੋਂ ਕੰਮ ਕਰ ਰਹੀ ਕੋਰ ਟੀਮ ਵੀ ਇਸ ਮੌਕੇ ਮੌਜੂਦ ਸੀ।ਆਰੀਅਨਜ਼ ਗਰੁੱਪ ਦੇ ਚੇਅਰਮੈਨ ਡਾ. ਅੰਸ਼ੂ ਕਟਾਰੀਆ ਨੇ ਪਿਛਲੇ 16 ਸਾਲਾਂ ਤੋਂ ਵਿਦਿਆਰਥੀਆਂ, ਮਾਪਿਆਂ, ਹਿੱਸੇਦਾਰਾਂ ਦੇ ਸਹਿਯੋਗ ਲਈ ਧੰਨਵਾਦ ਕਰਦੇ ਹੋਏ ਕਿਹਾ ਕਿ ਆਰੀਅਨਜ਼ ਓਵਰਸੀਜ਼ ਦਫ਼ਤਰ ਤੋਂ ਵਿਦਿਆਰਥੀ ਕੈਨੇਡਾ, ਆਸਟ੍ਰੇਲੀਆ, ਯੂ.ਕੇ., ਯੂ. ਐਸ. ਏ., ਨਿਊਜ਼ੀਲੈਂਡ ਆਦਿ ਵਰਗੇ ਵੱਖ-ਵੱਖ ਦੇਸ਼ਾਂ-ਵਿਦੇਸ਼ਾਂ ਵਿੱਚ ਪੜ੍ਹਾਈ ਦੇ ਵਿਕਲਪ ਲੈ ਰਹੇ ਹਨ।

# ਕੁੱਤੇ ਦੇ ਕੱਟਣ ਦੇ ਮਾਮਲੇ 'ਚ ਢੁਕਵੀਂ ਕਾਰਵਾਈ ਕੀਤੀ ਜਾਵੇ-ਡਿਪਟੀ ਕਮਿਸ਼ਨਰ

**ਐਸ.ਏ.ਐਸ.ਨਗਰ, ( ਗੁਰਜੀਤ ਬਿੱਲਾ )**- ਕੁੱਤਿਆਂ ਦੇ ਕੱਟਣ ਦੇ ਵੱਧ ਰਹੇ ਮਾਮਲਿਆਂ ਨੂੰ ਗੰਭੀਰਤਾ ਨਾਲ ਲੈਂਦਿਆਂ ਡਿਪਟੀ ਕਮਿਸ਼ਨਰ ਸ੍ਰੀਮਤੀ ਆਸ਼ਿਕਾ ਜੈਨ ਨੇ ਸਥਾਨਕ ਅਧਿਕਾਰੀਆਂ ਨੂੰ ਕੁੱਤਿਆਂ ਦੇ ਕੱਟਣ ਦੇ ਖਤਰੇ ਤੋਂ ਲੋਕਾਂ ਨੂੰ ਰਾਹਤ ਦਿਵਾਉਣ ਲਈ ਤੁਰੰਤ ਢੁਕਵੀਂ ਕਾਰਵਾਈ ਕਰਨ ਦੇ ਹੁਕਮ ਦਿੱਤੇ ਹਨ। ਖਰੜ ਅਤੇ ਜੀਰਕਪੁਰ ਦੇ ਹਾਲ ਹੀ ਦੇ ਕੇਸਾਂ ਦਾ ਜ਼ਿਕਰ ਕਰਦੇ ਹੋਏ, ਉਨ੍ਹਾਂ ਮਾਮਲਿਆਂ 'ਤੇ ਚਿੰਤਾ ਪ੍ਰਗਟ ਕੀਤੀ ਅਤੇ ਸਬੰਧਤ ਨਗਰ ਕੌਂਸਲਾਂ ਦੇ ਕਾਰਜਸਾਧਕ ਅਧਿਕਾਰੀਆਂ ਨੂੰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਕਾਰਵਾਈ ਕਰਨ ਲਈ ਕਿਹਾ। ਉਨ੍ਹਾਂ ਨੇ ਸਥਾਨਕ ਸ਼ਹਿਰੀ ਸੰਸਥਾਵਾਂ ਨੂੰ ਪਸ਼ੂ ਜਨਮ ਨਿਯੰਤਰਣ (ਐਨੀਮਲ ਬਰਥ ਕੰਟਰੋਲ) ਮੁਹਿੰਮ ਸ਼ੁਰੂ ਕਰਨ ਲਈ ਕਿਹਾ। ਇਸ ਤੋਂ ਇਲਾਵਾ ਪਾਲਤੂ ਜਾਨਵਰਾਂ ਦੀ ਰਜਿਸਟ੍ਰੇਸ਼ਨ ਤੋਂ ਇਲਾਵਾ ਨਸਬੰਦੀ ਦੇ ਪ੍ਰਸਤਾਵ ਤਿਆਰ ਕਰਨ ਲਈ ਕਿਹਾ ਗਿਆ। ਨਗਰ ਨਿਗਮ ਮੋਹਾਲੀ ਦੀ ਕਮਿਸ਼ਨਰ ਸ੍ਰੀਮਤੀ ਨਵਜੋਤ ਕੌਰ ਨੇ ਦੱਸਿਆ ਕਿ ਨਗਰ ਨਿਗਮ ਨੇ ਏ ਬੀ ਸੀ ਪ੍ਰੋਗਰਾਮ ਤਹਿਤ ਹੁਣ ਤੱਕ 1174 ਕੁੱਤਿਆਂ ਦੀ ਨਸਬੰਦੀ ਕੀਤੀ ਹੈ। ਨਸਬੰਦੀ ਕੀਤੇ ਕੁੱਤਿਆਂ ਨੂੰ ਐਂਟੀ-ਰੇਬੀਜ ਟੀਕੇ ਵੀ ਲਗਾਏ ਗਏ ਹਨ। ਡਿਪਟੀ ਕਮਿਸ਼ਨਰ ਨੇ ਉਪ ਮੰਡਲ ਮੈਜਿਸਟਰੇਟਾਂ ਨੂੰ ਕਿਹਾ ਕਿ ਉਹ ਆਪੋ-ਆਪਣੇ ਅਧਿਕਾਰ ਖੇਤਰਾਂ, ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਪਸ਼ੂ ਜਨਮ ਨਿਯੰਤਰਣ ਲਾਗੂ ਕਰਕੇ ਅਵਾਰਾ ਕੁੱਤਿਆਂ ਦੀ ਗਿਣਤੀ ਨੂੰ ਰੋਕਣ ਲਈ ਮੁਹਿੰਮ ਦੀ ਅਗਵਾਈ ਕਰਨ। ਉਨ੍ਹਾਂ ਕਾਰਜਸਾਧਕ ਅਧਿਕਾਰੀਆਂ ਨੂੰ ਹਾਲ ਹੀ ਵਿੱਚ ਕੁੱਤਿਆਂ ਦੇ ਕੱਟੇ ਜਾਣ ਦੇ ਸਾਹਮਣੇ ਆਏ ਮਾਮਲਿਆਂ ਦੀ ਪੈਰਵੀ ਕਰਨ ਅਤੇ ਪੀੜਤਾਂ ਨੂੰ ਮੁਆਵਜਾ ਦੇਣ ਸਬੰਧੀ ਹਾਈ ਕੋਰਟ ਦੇ ਨਿਰਦੇਸ਼ਾਂ ਨੂੰ ਲਾਗੂ ਕਰਨ ਨੂੰ ਯਕੀਨੀ ਬਣਾਉਣ ਦੇ ਆਦੇਸ਼ ਦਿੱਤੇ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਅਨੁਸਾਰ ਕੁੱਤੇ ਦੇ ਕੱਟਣ ਨਾਲ ਸਬੰਧਤ ਮਾਮਲਿਆਂ ਵਿੱਚ, ਵਿੱਤੀ ਸਹਾਇਤਾ ਘੱਟੋ ਘੱਟ 10,000 ਰੁਪਏ ਪ੍ਰਤੀ ਦੰਦ ਦੇ ਨਿਸ਼ਾਨ ਦੇ ਹਿਸਾਬ ਨਾਲ ਹੋਵੇਗੀ ਅਤੇ ਜਿੱਥੇ ਮਾਸ ਚਮੜੀ ਤੋਂ ਬਾਹਰ ਆ ਗਿਆ ਹੈ, ਇਹ ਘੱਟੋ ਘੱਟ 20,000 ਰੁਪਏ ਪ੍ਰਤੀ 0.2 ਸੈਂਟੀਮੀਟਰ ਜਖਮ ਦੀ ਡੂੰਘਾਈ ਦੇ ਹਿਸਾਬ ਨਾਲ ਹੋਵੇਗੀ। ਉਨ੍ਹਾਂ ਗਮਾਡਾ ਦੇ ਵਧੀਕ ਮੁੱਖ ਪ੍ਰਸ਼ਾਸਕ ਨੂੰ ਗਮਾਡਾ ਅਧੀਨ ਆਉਂਦੇ ਖੇਤਰਾਂ ਵਿੱਚ ਨੇੜਲੇ ਸ਼ਹਿਰੀ ਸਥਾਨਕ ਸੰਸਥਾਵਾਂ ਦੀ ਮਦਦ ਨਾਲ ਏ ਬੀ ਸੀ ਪ੍ਰੋਗਰਾਮ ਚਲਾਉਣ ਲਈ ਵੀ ਕਿਹਾ। ਉਨ੍ਹਾਂ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਅਮਰਿੰਦਰ ਪਾਲ ਸਿੰਘ ਚੌਹਾਨ ਨੂੰ ਇਸ ਪ੍ਰੋਗਰਾਮ ਨੂੰ ਪੇਂਡੂ ਖੇਤਰ ਵਿੱਚ ਲਾਗੂ ਕਰਨ ਦੇ ਨਿਰਦੇਸ਼ ਦਿੰਦਿਆਂ ਧਾਰਾ 133 ਤਹਿਤ ਲੋੜੀਂਦੇ ਦਿਸ਼ਾ-ਨਿਰਦੇਸ਼ਾਂ ਪ੍ਰਾਪਤ ਕਰਨ ਲਈ ਸਥਾਨਕ ਐਸ.ਡੀ.ਐਮਜ ਦੇ ਸੰਪਰਕ ਵਿੱਚ ਰਹਿਣ ਲਈ ਕਿਹਾ।

ਮੀਟਿੰਗ ਵਿੱਚ ਏ ਡੀ ਸੀ (ਜ) ਵਿਰਾਜ ਸ਼ਿਆਮਾਕਰਨ ਤਿੜਕੇ , ਐਸ ਪੀ (ਸਿਟੀ-1) ਅਕਾਸ਼ਦੀਪ ਸਿੰਘ ਔਲਖ, ਐਸ ਪੀ (ਦਿਹਾਤੀ) ਮਨਪ੍ਰੀਤ ਸਿੰਘ, ਐਸ.ਡੀ.ਐਮਜ ਚੰਦਰਜੋਤੀ ਸਿੰਘ ਮੋਹਾਲੀ, ਹਿਮਾਂਸ਼ੂ ਗੁਪਤਾ ਡੇਰਾਬੱਸੀ, ਏ.ਸੀ.ਏ ਗਮਾਡਾ ਅਮਰਿੰਦਰ ਸਿੰਘ ਟਿਵਾਣਾ, ਏ.ਸੀ.(ਜ) ਹਰਜੋਤ ਕੌਰ ਮਾਵੀ, ਸੀ.ਐਮ.ਐਫ.ਓ ਇੰਦਰ ਪਾਲ ਤੋਂ ਇਲਾਵਾ ਵੱਖ-ਵੱਖ ਨਗਰ ਕੌਂਸਲਾਂ ਅਤੇ ਵਿਕਾਸ ਬਲਾਕਾਂ ਦੇ ਈ.ਓਜ ਅਤੇ ਬੀ.ਡੀ.ਪੀ.ਓ. ਮੌਜੂਦ ਸਨ।

# ਹੱਕੀ ਆਵਾਜ਼ ਬੁਲੰਦ ਕਰਨ 'ਤੇ ਦਿੱਲੀ ਪੁਲਸ ਵੱਲੋਂ ਢਾਹੇ ਤਸ਼ੱਦਦ ਦੀ ਨਿਖੇਧੀ

## * ਸਾਰੇ ਨਜ਼ਰਬੰਦ ਕਾਰਕੁਨਾਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ

**ਜਲੰਧਰ: (ਕੇਸਰ)**-ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ ਦੇ ਮੌਕੇ 'ਤੇ ਰਾਜਸੀ ਜਬਰ ਵਿਰੁੱਧ ਮੁਹਿੰਮ ਦੇ ਕਾਰਕੁਨਾਂ ਦੇ ਰੋਸ ਪ੍ਰਦਰਸਨ ਅਤੇ ਜਨਤਕ ਮੀਟਿੰਗ ਲਈ ਪੁਲਸ ਦੀ ਇਜਾਜ਼ਤ ਨੂੰ ਆਖ਼ਰੀ ਸਮੇਂ 'ਤੇ ਰੱਦ ਕਰਨ ਤੋਂ ਬਾਅਦ, ਦਿੱਲੀ ਪੁਲਸ ਨੇ ਜਮਹੂਰੀ ਅਧਿਕਾਰਾਂ ਦੀ ਘੋਰ ਉਲੰਘਣਾ ਦਾ ਵਿਰੋਧ ਕਰਨ ਲਈ ਜੰਤਰ-ਮੰਤਰ ਨੇੜੇ ਇਕੱਠੇ ਹੋਏ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲੈ ਕੇ ਹਮਲਾ ਕਰਨ ਦੀ ਜਮਹੂਰੀ ਅਧਿਕਾਰ ਸਭਾ ਪੰਜਾਬ ਵੱਲੋਂ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਹੈ। ਪ੍ਰੈੱਸ ਦੇ ਨਾਮ ਬਿਆਨ ਜਾਰੀ ਕਰਦਿਆਂ ਸਭਾ ਦੇ ਪ੍ਰਧਾਨ ਪ੍ਰੋਫੈਸਰ ਜਗਮੋਹਣ ਸਿੰਘ, ਜਨਰਲ ਸਕੱਤਰ ਪ੍ਰਿਤਪਾਲ ਸਿੰਘ ਅਤੇ ਪ੍ਰੈੱਸ ਸਕੱਤਰ ਅਮਰਜੀਤ ਸ਼ਾਸਤਰੀ ਨੇ ਦੱਸਿਆ ਕਿ 10 ਦਿਸੰਬਰ ਨੂੰ ਵੱਖ-ਵੱਖ ਲੋਕ ਪੱਖੀ ਵਿਚਾਰਧਾਰਾ ਵਾਲੀਆਂ ਜਨਤਕ ਜਥੇਬੰਦੀਆਂ ਵੱਲੋਂ ਦਿੱਲੀ ਵਿਖੇ ਵਿਦਿਆਰਥੀਆਂ, ਵਕੀਲਾਂ, ਕਿਸਾਨਾਂ, ਮਜ਼ਦੂਰਾਂ, ਔਰਤਾਂ ਅਤੇ ਬੱਚਿਆਂ ਦੇ ਇਕੱਠ ਵਿੱਚ ਜੰਤਰ-ਮੰਤਰ ਵੱਲ ਮਾਰਚ ਕੀਤਾ ਗਿਆ ਪਰ ਬੈਰੀਕੇਡਿੰਗ ਦੇ ਨਾਲ-ਨਾਲ ਦਿੱਲੀ ਪੁਲਸ ਅਤੇ ਅਰਧ ਸੈਨਿਕ ਬਲਾਂ ਦੇ ਇੱਕ ਵੱਡੇ ਸਮੂਹ ਨੇ ਪ੍ਰਦਰਸ਼ਨਕਾਰੀਆਂ 'ਤੇ ਬੇਰਹਿਮੀ ਨਾਲ ਹਮਲਾ ਕੀਤਾ। ਪੁਲਿਸ ਵੱਲੋਂ ਔਰਤਾਂ ਨੂੰ ਖਾਸ ਤੌਰ 'ਤੇ ਨਿਸ਼ਾਨਾ ਬਣਾਇਆ ਗਿਆ ਸੀ, ਮਰਦ ਕਾਂਸਟੇਬਲਾਂ ਨੇ ਉਨ੍ਹਾਂ ਨੂੰ ਵਾਲਾਂ ਤੋਂ ਖਿੱਚਿਆ ਅਤੇ ਕਈਆਂ 'ਤੇ ਸਰੀਰਕ ਤੌਰ 'ਤੇ ਹਮਲਾ ਕੀਤਾ। ਅਰਧ ਸੈਨਿਕ ਬਲਾਂ ਨੇ ਨਜ਼ਰਬੰਦ ਪ੍ਰਦਰਸ਼ਨਕਾਰੀਆਂ 'ਤੇ ਬੇਰਹਿਮੀ ਨਾਲ ਤਾਕਤ ਦੀ ਵਰਤੋਂ ਵੀ ਕੀਤੀ, ਜਿਸ ਨਾਲ ਬਹੁਤ ਸਾਰੇ ਪ੍ਰਦਰਸ਼ਨਕਾਰੀ ਜ਼ਖਮੀ ਹੋ ਗਏ। ਹਿਰਾਸਤ 'ਚ ਲਏ ਪ੍ਰਦਰਸ਼ਨਕਾਰੀਆਂ ਨੂੰ ਥਾਣੇ ਲਿਜਾ ਕੇ ਹਵਾਲਾਤ ਵਿਚ ਬੰਦ ਕਰ ਦਿੱਤਾ ਗਿਆ। ਇਸ ਮੌਕੇ ਜਿੱਥੇ ਵਿਸ਼ਵ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਦੇ ਵਿਸ਼ਵਵਿਆਪੀ ਘੋਸ਼ਣਾ ਪੱਤਰ ਦੀ 75ਵੀਂ ਵਰ੍ਹੇਗੰਢ ਮਨਾ ਰਿਹਾ ਹੈ, ਉੱਥੇ ਭਾਰਤੀ ਰਾਜ, ਜੋ ਕਿ ਅੰਤਰਰਾਸ਼ਟਰੀ ਤੌਰ 'ਤੇ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦਾ ਦਾਅਵਾ ਕਰਦਾ ਹੈ। ਕਾਰਪੋਰੇਟ ਲੁੱਟ ਦੇ ਵਧਦੇ ਲਹਿਰ ਦੇ ਖਿਲਾਫ ਭਾਸ਼ਣ ਨੂੰ ਚੁੱਪ ਕਰਾਉਣ ਲਈ ਪ੍ਰਦਰਸ਼ਨਕਾਰੀਆਂ 'ਤੇ ਹਮਲਾ ਕਰਨ ਲਈ ਤਿਆਰ ਹੈ। ਕੁਦਰਤੀ ਸੋਮਿਆਂ ਦੇ ਵਿਰੁੱਧ, ਆਦਿਵਾਸੀਆਂ ਦੀ ਫੌਜੀ ਨਸਲਕੁਸ਼ੀ ਵਿਰੁੱਧ, ਮੰਨੂਵਾਦੀ ਪਿਤਰਸ਼ਾਹੀ ਵਿਰੁੱਧ, ਜਾਤੀ ਅੱਤਿਆਚਾਰਾਂ ਵਿਰੁੱਧ, ਕਿਸਾਨੀ 'ਤੇ ਕਾਰਪੋਰੇਟ ਹਮਲੇ ਅਤੇ ਕਿਰਤੀ ਲੋਕਾਂ ਦੇ ਸ਼ੋਸ਼ਣ ਵਿਰੁੱਧ। ਮਨੂੰਵਾਦੀ ਹਿੰਦੂਤਵੀ ਫਾਸ਼ੀਵਾਦ ਦੀ ਵਧ ਰਹੀ ਲਹਿਰ ਇਸ ਤਰ੍ਹਾਂ ਹਿੰਦੂਤਵ-ਕਾਰਪੋਰੇਟ ਗਠਜੋੜ ਦੇ ਹਿੱਤਾਂ ਦੀ ਬਿਹਤਰ ਸੇਵਾ ਕਰਨ ਦੀ ਆਪਣੀ ਬੋਲੀ ਵਿੱਚ ਭਾਸ਼ਣ ਅਤੇ ਅਸਹਿਮਤੀ ਦੇ ਕਿਸੇ ਵੀ ਯਤਨ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਇੱਥੋਂ ਤੱਕ ਕਿ ਅਸਹਿਮਤ ਵਿਚਾਰਾਂ ਦੇ ਡਰੋਂ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਘੋਸ਼ਣਾ ਪੱਤਰ ਦੀ ਇੱਕ ਧਿਰ ਵਜੋਂ ਆਪਣੀਆਂ ਅੰਤਰਰਾਸ਼ਟਰੀ ਜ਼ਿੰਮੇਵਾਰੀਆਂ ਦੀ ਉਲੰਘਣਾ ਵੀ ਕਰ ਰਿਹਾ ਹੈ। ਸਭਾ 75ਵੇਂ ਮਨੁੱਖੀ ਅਧਿਕਾਰ ਦਿਵਸ 'ਤੇ ਸਾਰੇ ਜਮਹੂਰੀ ਸੋਚ ਵਾਲੇ, ਸ਼ਾਂਤੀਪਸੰਦ, ਨਿਆਂ-ਪ੍ਰੇਮੀ ਲੋਕਾਂ ਨੂੰ ਜਮਹੂਰੀ ਅਧਿਕਾਰਾਂ ਦੇ ਦਮਨ ਵਿਰੁੱਧ ਨਿੰਦਾ ਕਰਨ, ਪ੍ਰਦਰਸ਼ਨ ਕਰਨ ਅਤੇ ਲਿਖਣ ਦੀ ਅਪੀਲ ਕਰਦਿਆਂ ਸਾਰੇ ਨਜ਼ਰਬੰਦ ਕਾਰਕੁਨਾਂ ਦੀ ਤੁਰੰਤ ਰਿਹਾਈ ਦੀ ਮੰਗ ਕਰਦੀ ਹੈ ਅਤੇ ਕੇਂਦਰ ਸਰਕਾਰ ਦੇ ਫਾਸ਼ੀਵਾਦੀ ਹੱਲੇ ਖਿਲਾਫ਼ ਇਕਜੁੱਟ ਹੋਣ ਦਾ ਸੱਦਾ ਦਿੰਦੀ ਹੈ।

# ਟੀਬੀ ਦੇ ਮਰੀਜ਼ਾਂ ਲਈ ਪ੍ਰੋਟੀਨ ਭਰਪੂਰ ਪੌਸ਼ਟਿਕ ਖ਼ੁਰਾਕ ਦਾਨ

**ਪੰਚਕੂਲਾ (ਕ੍ਰਿਸ਼ਨ ਗਰਗ)**-ਗੁਰੂਦੇਵ ਸ਼੍ਰੀ ਸਵਾਮੀ ਵਿਸ਼ਵਾਸ ਜੀ ਦੇ ਆਸ਼ੀਰਵਾਦ ਨਾਲ ਵਿਸ਼ਵਾਸ ਫਾਊਂਡੇਸ਼ਨ, ਪੰਚਕੂਲਾ ਨੇ ਟੀਬੀ ਦੇ 25 ਮਰੀਜ਼ਾਂ ਨੂੰ ਪ੍ਰੋਟੀਨ ਭਰਪੂਰ ਪੌਸ਼ਟਿਕ ਆਹਾਰ ਪ੍ਰਦਾਨ ਕੀਤਾ।ਪੌਸ਼ਟਿਕ ਆਹਾਰ ਦੀਆਂ ਇਹ ਪੈਕਡ ਕਿੱਟਾਂ ਮੋਹਾਲੀ ਤੋਂ ਵਿਸ਼ਵਾਸ ਫਾਊਂਡੇਸ਼ਨ ਦੇ ਪੈਰੋਕਾਰ ਭਾਰਤ ਭੂਸ਼ਣ ਨਈਅਰ ਅਤੇ ਉਨ੍ਹਾਂ ਦੀ ਧਰਮ ਪਤਨੀ ਪ੍ਰੋਮਿਲਾ ਸੂਦ ਵੱਲੋਂ ਦਾਨ ਕੀਤੀਆਂ ਗਈਆਂ।ਕਿੱਟਾਂ ਸਿਵਲ ਹਸਪਤਾਲ ਸੈਕਟਰ 6 ਪੰਚਕੂਲਾ ਵਿਖੇ ਟੀਬੀ ਸਟਾਫ਼ ਲਲਿਤਾ ਗੁਰਜਰ, ਵਰਿੰਦਰ ਭਾਰਦਵਾਜ, ਜਸਬੀਰ ਸਿੰਘ, ਨੀਰਜ ਕੁਮਾਰ ਨੇ ਮਿਲ ਕੇ ਪ੍ਰਾਪਤ ਕੀਤੀਆਂ ।ਵਿਸ਼ਵਾਸ ਫਾਊਂਡੇਸ਼ਨ ਦੀ ਪ੍ਰਧਾਨ ਸਾਧਵੀ ਨੀਲਿਮਾ ਵਿਸ਼ਵਾਸ ਨੇ ਕਿਹਾ ਕਿ ਟੀਬੀ ਮੁਕਤ ਭਾਰਤ ਲਈ ਟੀਬੀ ਦੇ ਮਰੀਜ਼ਾਂ ਨੂੰ ਵਾਧੂ ਪੋਸ਼ਣ, ਸਮਾਜਿਕ, ਨੈਤਿਕ ਸਹਾਇਤਾ ਅਤੇ ਭਾਈਚਾਰਕ ਸਹਾਇਤਾ ਪ੍ਰਦਾਨ ਕਰਨ ਲਈ ਕੰਮ ਕੀਤਾ ਹੈ ।ਸਰਕਾਰ ਦਾ ਟੀਚਾ ਸਾਲ 2025 ਤੱਕ ਟੀਬੀ ਨੂੰ ਖਤਮ ਕਰਨਾ ਹੈ, ਅਜਿਹੇ ਸ਼ਲਾਘਾਯੋਗ ਕਦਮ ਵਿੱਚ ਵਿਸ਼ਵਾਸ ਫਾਊਂਡੇਸ਼ਨ ਵੀ ਸਰਕਾਰ ਦੇ ਇਸ ਫੈਸਲੇ ਦੇ ਨਾਲ ਹੈ। ਇਸ ਮੌਕੇ ਵਿਸ਼ਵਾਸ ਫਾਊਂਡੇਸ਼ਨ ਦੇ ਰਿਸ਼ੀ ਮੋਹਿਤ ਬਿਸਵਾਸ ਮੌਜੂਦ ਸਨ।

# ਅਪ੍ਰੈਂਟਿਸਸ਼ਿਪ ਜਾਗਰੂਕਤਾ ਕੈਂਪ ਲਗਾਇਆ

**ਜਲੰਧਰ (ਸੁਰਿੰਦਰ ਕੁਮਾਰ)** ਸਥਾਨਕ ਵਰਕਸ਼ਾਪ ਚੌਕ ਦੇ ਨੇੜੇ ਸਰਕਾਰੀ ਆਈ.ਟੀ.ਆਈ. ਮੇਹਰਚੰਦ ਵਿਖੇ ਅਪ੍ਰੈਂਟਿਸਸ਼ਿਪ ਜਾਗਰੂਕਤਾ ਕੈਂਪ ਲਗਾਇਆ ਗਿਆ, ਜਿਸ ਵਿੱਚ ਭਾਗ ਲੈਣ ਵਾਲੇ ਵੱਖ-ਵੱਖ ਉਦਯੋਗਾਂ ਵੱਲੋਂ ਟ੍ਰੇਨਿੰਗ ਲਈ 68 ਸਿਖਿਆਰਥੀਆਂ ਦੀ ਰਜਿਸਟ੍ਰੇਸ਼ਨ ਕੀਤੀ ਗਈ ਅਤੇ 14 ਸਿਖਿਆਰਥੀ ਮੌਕੇ 'ਤੇ ਸਿਖਲਾਈ ਲਈ ਚੁਣੇ ਗਏ।ਪ੍ਰਿੰਸੀਪਲ ਰੁਪਿੰਦਰ ਕੌਰ ਨੇ ਦੱਸਿਆ ਕਿ ਇਹ ਅਪ੍ਰੈਂਟਿਸਸ਼ਿਪ ਕੈਂਪ ਨੈਸ਼ਨਲ ਅਪ੍ਰੈਂਟਿਸਸ਼ਿਪ ਮੇਲਾ ਸਕੀਮ ਅਧੀਨ ਲਗਾਇਆ ਗਿਆ ਸੀ, ਜਿਸ ਵਿੱਚ ਜ਼ਿਲ੍ਹੇ ਦੇ ਸਰਕਾਰੀ ਅਤੇ ਪ੍ਰਾਈਵੇਟ ਆਈ.ਟੀ.ਆਈਜ਼ ਦੇ ਕਰੀਬ 123 ਸਿਖਿਆਰਥੀਆਂ ਨੇ ਭਾਗ ਲਿਆ।ਕੈਂਪ ਦੌਰਾਨ ਸਿਖਿਆਰਥੀਆਂ ਨੂੰ ਅਪ੍ਰੈਂਟਿਸਸ਼ਿਪ ਸਕੀਮ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਸਰਕਾਰੀ ਆਈ.ਟੀ.ਆਈ ਮੇਹਰਚੰਦ ਜਲੰਧਰ ਵਲੋਂ ਟ੍ਰੇਨਿੰਗ ਅਫ਼ਸਰ ਜਸਮਿੰਦਰ ਸਿੰਘ,ਪ੍ਰਗਟ ਸਿੰਘ, ਪਰਮਿੰਦਰ ਸਿੰਘ, ਮਨਜੀਤ ਸਿੰਘ, ਬਲਰਾਜ ਸਿੰਘ, ਸੰਜੀਵ ਕੁਮਾਰ, ਮਨਜਿੰਦਰ ਸਿੰਘ ਅਤੇ ਹੋਰ ਸਟਾਫ਼ ਮੈਂਬਰਾਂ ਨੇ ਕੈਂਪ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ।

# ਅਮਿੱਟ ਯਾਦਾਂ ਛੱਡ ਗਿਆ ਗੋਇਨਕਾ ਸਕੂਲ ਦਾ ਸਾਲਾਨਾ ਸਮਾਗਮ



**ਕਪੂਰਥਲਾ ( ਹਨੀ -)**ਜੀਡੀ ਗੋਇਨਕਾ ਇੰਟਰਨੈਸ਼ਨਲ ਸਕੂਲ ਕਪੂਰਥਲਾ ਵਿਖੇ ਸਲਾਨਾ ਇਨਾਮ ਵੰਡ ਸਮਾਗਮ ਦਾ ਆਯੋਜਨ ਬੜੀ ਧੂਮਧਾਮ ਨਾਲ ਕੀਤਾ ਗਿਆ । ਸਮਾਗਮ ਵਿਚ ਡਾ.ਦਲਜੀਤ ਸਿੰਘ ਚੀਮਾ ਸਾਬਕਾ ਸਿੱਖਿਆ ਮੰਤਰੀ ਪੰਜਾਬ ਬਤੌਰ ਮੁੱਖ ਮਹਿਮਾਨ ਵਜੋਂ ਤੇ ਪ੍ਰੋਫੈਸਰ ਕੁਲਵੰਤ ਸਿੰਘ ਔਜਲਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ, ਜਿਨ੍ਹਾਂ ਦਾ ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ ।ਸਮਾਗਮ ਦਾ ਆਗਾਜ਼ ਵਿਦਿਆਰਥਣਾਂ ਨੇ ਧਾਰਮਿਕ ਸ਼ਬਦ ਗਾਇਨ ਰਾਹੀਂ ਕੀਤਾ ਅਤੇ ਛੋਟੇ-ਛੋਟੇ ਬੱਚਿਆਂ ਨੇ ਇੱਕ ਗੀਤ ਰਾਹੀਂ ਆਏ ਹੋਏ ਮਹਿਮਾਨਾਂ ਨੂੰ ਜੀ ਆਇਆ' ਕਿਹਾ ।ਇਸ ਮੌਕੇ ਵਿਦਿਆਰਥੀਆਂ ਵੱਲੋਂ ਸਮਾਜ ਵਿੱਚ ਫੈਲ ਰਹੀਆਂ ਕੁਰੀਤੀਆਂ ਨੂੰ ਦੂਰ ਕਰਨ ਲਈ ਪੇਸ ਕੀਤੇ ਨਾਟਕ ਨੇ ਦਰਸ਼ਕਾਂ ਨੂੰ ਹਲੂਨਿਆ ਅਤੇ ਦੇਸ਼ ਲਈ ਸ਼ਹੀਦ ਹੋਣ ਵਾਲੇ ਫੌਜੀ ਵੀਰਾਂ ਨੂੰ ਇੱਕ ਗੀਤ ਰਾਹੀਂ ਸ਼ਰਧਾਂਜਲੀ ਭੇਟ ਕੀਤੀ, ਜਿਸ ਨੇ ਲੋਕਾਂ ਦੀਆ ਅੱਖਾਂ ਨਮ ਕਰ ਦਿੱਤੀਆ । ਇਸ ਤੋਂ ਇਲਾਵਾ ਵਿਦਿਆਰਥੀਆਂ ਨੇ ਕੋਰੀਓਗ੍ਰਾਫੀ, ਕਰਾਟੇ, ਯੋਗਾ, ਔਰਤਾਂ ਦੀ ਬਹਾਦਰੀ ਅਤੇ ਦੇਸ਼ ਭਗਤੀ ਨੂੰ ਇੱਕ ਸਕਿੱਟ ਦੇ ਰੂਪ ਵਿੱਚ ਪੇਸ਼ ਕੀਤਾ ।ਪੰਜਾਬ ਵਿੱਚੋ ਖ਼ਤਮ ਹੋ ਰਹੇ ਪਾਣੀ ਨੂੰ ਬਚਾਉਣ, ਵਿਦਿਆਰਥਣਾਂ ਨੇ ਮੋਬਾਇਲ ਦੀ ਵਰਤੋਂ ਨੂੰ ਘੱਟ ਕਰਨ ਦਾ ਸੰਦੇਸ਼ ਮਾਇਮ ਵਿਧੀ ਰਾਹੀਂ ਬਹੁਤ ਹੀ ਰੁਮਾਂਚਿਤ ਤਰੀਕੇ ਨਾਲ ਪੇਸ਼ ਕੀਤਾ । ਸਕੂਲ ਦੇ ਪ੍ਰਿੰਸੀਪਲ ਡਾ.ਪਵਲਜੀਤ ਕੌਰ ਨੇ ਮਹਿਮਾਨਾਂ ਦਾ ਸਵਾਗਤ ਕਰਨ ਉਪਰੰਤ ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ ਅਤੇ ਸਕੂਲ ਦੀਆਂ ਪ੍ਰਾਪਤੀਆਂ ਸਬੰਧੀ ਚਾਨਣਾ ਪਾਇਆ ।

ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਦਲਜੀਤ ਸਿੰਘ ਚੀਮਾ ਨੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਸੱਭਿਆਚਾਰਕ ਪ੍ਰੋਗਰਾਮ ਦੀ ਭਰਪੂਰ ਪ੍ਰਸੰਸਾ ਕੀਤੀ ।ਇਸ ਦੌਰਾਨ ਪੜ੍ਹਾਈ ਅਤੇ ਹੋਰ ਖੇਤਰਾਂ ਵਿਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ । ਕੁਲਵੰਤ ਸਿੰਘ ਔਜਲਾ ਨੇ ਆਪਣੀਆਂ ਲਿਖੀਆਂ ਹੋਈਆਂ ਕਵਿਤਾਵਾਂ ਰਾਹੀਂ ਮਾਂ ਦੇ ਮੋਹ ਅਤੇ ਧੀ ਨੂੰ ਵਿਸ਼ੇਸ਼ ਦਰਜਾ ਦੇਣ ਦੀ ਵਕਾਲਤ ਕੀਤੀ । ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ ਨਾਨਕਪੁਰ ਅਤੇ ਸਕੱਤਰ ਪਰਮਿੰਦਰ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਭਵਿੱਖ ਵਿੱਚ ਬੱਚਿਆਂ ਦੀ ਪੜ੍ਹਾਈ ਅਤੇ ਹੋਰ ਸਹੂਲਤਾਂ ਨੂੰ ਹੋਰ ਬਿਹਤਰ ਬਣਾਉਣ ਲਈ ਸਮਰਪਿਤ ਭਾਵਨਾ ਨਾਲ ਕੰਮ ਕਰਦੇ ਰਹਿਣਗੇ ।ਸਮਾਗਮ ਦੇ ਅੰਤ ਵਿੱਚ ਵਿਦਿਆਰਥੀਆਂ ਵਲੋਂ ਪੇਸ਼ ਕੀਤੇ ਭੰਗੜੇ ਨੇ ਸਭ ਦਾ ਮਨ ਮੋਹ ਲਿਆ ।

ਇਸ ਮੌਕੇ ਡਾ. ਸਰਦੂਲ ਸਿੰਘ ਔਜਲਾ, ਰਣਜੀਤ ਸਿੰਘ ਖੁਰਾਣਾ, ਅਸਵਨੀ ਪੁਰੀ, ਸਰਵਣ ਸਿੰਘ ਔਜਲਾ, ਬਲਜਿੰਦਰ ਸਿੰਘ ਸਪੇਨ, ਬਿਕਰਮ ਸਿੰਘ ਉੱਚਾ, ਜਸਵੰਤ ਸਿੰਘ ਕੌੜਾ, ਵਿਨੋਦ ਕੁਮਾਰ ਸੂਦ, ਪ੍ਰਕਾਸ਼ ਸਿੰਘ ਭੰਡਾਲ, ਗੁਰਜੀਤ ਸਿੰਘ ਚੀਮਾ, ਹਰਦੇਵ ਸਿੰਘ ਢੋਟ, ਡਾ ਜਸਕੀਰਤ ਸਿੰਘ, ਕਿਰਪਾਲ ਸਿੰਘ ਕੌੜਾ, ਸੇਵਾ ਸਿੰਘ ਜਹਾਂਗੀਰਪੁਰ, ਨੀਰਜ਼ ਕਪੂਰ ਆਦਿ ਤੋਂ ਇਲਾਵਾ ਸਮੂਹ ਸਟਾਫ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਵਿਦਅਰਥੀਆਂ ਦੇ ਮਾਪੇ ਹਾਜਰ ਸਨ ।

# ਝੋਨੇ ਦੀ ਖਰੀਦ ਚੰਗੇ ਢੰਗ ਨਾਲ ਨੇਪਰੇ ਚੜ੍ਹੀ : ਬਰਸਟ

**ਐਸ.ਏ.ਐਸ. ਨਗਰ (ਗੁਰਜੀਤ ਬਿੱਲਾ)**- ਪੰਜਾਬ ਦੀ ਮੰਡੀਆਂ ਵਿੱਚ ਝੋਨੇ ਦੀ ਆਮਦ ਅਤੇ ਖਰੀਦ ਦਾ ਕਾਰਜ ਸੁਚੱਜੇ ਢੰਗ ਨਾਲ ਨੇਪਰੇ ਚੜ੍ਹ ਗਿਆ ਹੈ। ਇਸ ਦੌਰਾਨ ਸਰਕਾਰੀ ਅਤੇ ਗੈਰ ਸਰਕਾਰੀ ਏਜੰਸੀਆਂ ਵਲੋਂ 185.65 ਲੱਖ ਮੀਟ੍ਰਿਕ ਟਨ ਝੋਨੇ ਖਰੀਦ ਕੀਤੀ ਗਈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਰਚੰਦ ਸਿੰਘ ਬਰਸਟ ਚੇਅਰਮੈਨ, ਪੰਜਾਬ ਮੰਡੀ ਬੋਰਡ ਨੇ ਖਰੀਦ ਕਾਰਜ ਮੁਕੰਮਲ ਹੋਣ ਮਗਰੋਂ ਕੀਤਾ। ਉਨ੍ਹਾਂ ਦੱਸਿਆ ਕਿ ਇਸ ਵਾਰ ਕੁਦਰਤੀ ਆਫਤਾਂ ਤੇ ਹੜ੍ਹਾਂ ਦੇ ਬਾਵਜੂਦ ਪੰਜਾਬ ਵਿੱਚ ਝੋਂਨੇ ਦੀ ਪੈਦਾਵਾਰ ਵਿੱਚ ਕਮੀ ਦੀ ਜਗ੍ਹਾਂ ਵਾਧਾ ਦਰਜ ਕੀਤਾ ਗਿਆ ਹੈ, ਜਦਕਿ ਪਿਛਲੇ ਸਾਲ ਝੋਨੇ ਦੀ ਖਰੀਦ ਦਾ ਅੰਕੜਾ 182.31 ਲੱਖ ਮੀਟ੍ਰਿਕ ਟਨ ਸੀ।

ਇਸ ਸਾਲ ਸਭ ਤੋਂ ਵੱਧ ਆਮਦ ਤੇ ਖਰੀਦ ਸੰਗਰੂਰ ਜਿਲ੍ਹੇ ਵਿੱਚ ਦਰਜ ਕੀਤੀ ਗਈ ਹੈ।ਬਰਸਟ ਨੇ ਜਾਣਕਾਰੀ ਦਿੰਦੀਆਂ ਦੱਸਿਆ ਕਿ ਇਸ ਸੀਜਨ ਦੌਰਾਨ 1854 ਮੰਡੀਆਂ ਅਤੇ 623 ਆਰਜੀ ਖਰੀਦ ਕੇਂਦਰਾਂ ਵਿੱਚੋਂ ਪਨਗਰੇਨ ਵੱਲੋਂ 76.55 ਲੱਖ ਮੀਟ੍ਰਿਕ ਟਨ, ਐਫ.ਸੀ.ਆਈ. ਵੱਲੋਂ 0.36 ਲੱਖ ਮੀਟ੍ਰਿਕ ਟਨ, ਮਾਰਕਫੈਡ ਵੱਲੋਂ 47.34 ਲੱਖ ਮੀਟ੍ਰਿਕ ਟਨ, ਪਨਸਪ ਵੱਲੋਂ 39.5 ਲੱਖ ਮੀਟ੍ਰਿਕ ਟਨ, ਵੇਅਰ ਹਾਊਸ ਵੱਲੋਂ 21.24 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ, ਜਦਕਿ ਪ੍ਰਾਇਵੇਟ ਡੀਲਰਾਂ ਵੱਲੋਂ 0.67 ਲੱਖ ਮੀਟ੍ਰਿਕ ਟਨ ਖਰੀਦ ਹੋਈ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਮੰਡੀਆਂ ਵਿੱਚ ਝੋਨੇ ਦੀ ਫਸਲ ਲੈ ਕੇ ਆਉਣ ਵਾਲੇ ਕਿਸਾਨਾਂ ਨੂੰ ਕਿਸੇ ਵੀ ਕਿਸਮ ਦੀ ਖੱਜਲ-ਖੁਆਰੀ ਤੋਂ ਬਚਾਉਣ ਲਈ ਪਹਿਲਾ ਹੀ ਪੁਖਤਾ ਇੰਤਜਾਮ ਕਰ ਲਏ ਗਏ ਸੀ ਅਤੇ ਉਸ ਦਾ ਹੀ ਨਤੀਜਾ ਹੈ ਕਿ ਸੀਜਨ ਦੌਰਾਨ ਕਿਸਾਨਾਂ ਨੂੰ ਕੋਈ ਦਿੱਕਤ ਪੇਸ਼ ਨਹੀਂ ਆਈ।

ਉਨ੍ਹਾਂ ਦੱਸਿਆ ਕਿ ਇਸ ਖਰੀਦ ਸੀਜਨ ਦੌਰਾਨ ਮੰਡੀ ਬੋਰਡ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਪੂਰੀ ਤਨਦੇਹੀ ਨਾਲ ਆਪਣੀ ਡਿਊਟੀ ਨੂੰ ਨਿਭਾਇਆ ਹੈ ਅਤੇ ਮੰਡੀਆਂ ਵਿੱਚ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਔਕੜ ਨਹੀਂ ਆਉਣ ਦਿੱਤੀ ਗਈ। ਇਸਦੇ ਨਾਲ ਹੀ ਮਾਰਕਿਟ ਕਮੇਟੀ ਪਾਤੜਾਂ (ਪਟਿਆਲਾ) ਅਤੇ ਮਾਰਕਿਟ ਕਮੇਟੀ ਮਲੋਟ (ਸ਼੍ਰੀ ਮੁਕਤਸਰ ਸਾਹਿਬ) ਵੱਲੋਂ ਦੂਜੇ ਸੂਬੇ ਤੋਂ ਅਣਅਧਿਕਾਰਤ ਝੋਨੇ ਦੇ ਟਰੱਕ ਲਿਆਉਂਦੇ ਫੜੇ ਗਏ, ਜਿਨ੍ਹਾਂ ਤੇ ਕੇਸ ਦਰਜ ਕਰਵਾ ਕੇ ਬਣਦੀ ਕਾਰਵਾਈ ਕੀਤੀ ਗਈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਹਮੇਸ਼ਾ ਕਿਸਾਨਾਂ ਨਾਲ ਖੜ੍ਹੀ ਹੈ ਅਤੇ ਉਹਨਾਂ ਦੀ ਬਿਹਤਰੀ ਲਈ ਹਮੇਸ਼ਾ ਕਾਰਜ ਕਰਦੀ ਹੈ।

# ਦੋਵੇਂ ਕੁੱਲ ਹਿੰਦ ਕਿਸਾਨ ਸਭਾਵਾਂ ਨੇ ਰਾਸ਼ਟਰਪਤੀ ਨੂੰ ਭੇਜਿਆ ਮੰਗ ਪੱਤਰ



**ਸ੍ਰੀ ਅਨੰਦਪੁਰ ਸਾਹਿਬ**—ਸੰਯੁਕਤ ਕਿਸਾਨ ਮੋਰਚੇ ਸੱਦੇ 'ਤੇ ਇੱਥੇ ਦੋਵੇਂ ਕੁੱਲ ਹਿੰਦ ਕਿਸਾਨ ਸਭਾਵਾਂ ਦੇ ਆਗੂਆਂ ਨੇ ਇੱਕ ਮੰਗ ਪੱਤਰ ਰਾਸ਼ਟਰਪਤੀ ਨੂੰ ਸਥਾਨਕ ਉਪ ਮੰਡਲ ਮੈਜਿਸਟਰੇਟ ਰਾਹੀਂ ਭੇਜਿਆ ਤੇ ਮੰਗ ਕੀਤੀ ਗਈ ਕਿ ਕਿਸਾਨ ਆਗੂ ਯੁੱਧਵੀਰ ਸਿੰਘ ਤੇ ਗੈਰ ਕਾਨੂੰਨੀ ਨਜਰਬੰਦੀ ਯਾਤਰਾ 'ਤੇ ਪਾਬੰਦੀ ਨਾ ਲਾਈ ਜਾਵੇ। ਦਿੱਲੀ ਵਿੱਚ ਚੱਲੇ ਕਿਸਾਨ ਅੰਦੋਲਨ ਦੌਰਾਨ ਪ੍ਰਧਾਨ ਮੰਤਰੀ ਨੇ ਜਿੱਥੇ ਕਾਨੂੰਨ ਵਾਪਸ ਲਏ ਸੀ, ਲੋਕਾਂ ਕੋਲੋਂ ਮਾਫੀ ਮੰਗੀ ਸੀ, ਉੱਥੇ ਇਹ ਵੀ ਐਲਾਨ ਕੀਤਾ ਸੀ ਕਿ ਜਿੰਨੇ ਵੀ ਕਿਸਾਨ ਆਗੂਆਂ 'ਤੇ ਦਰਜ ਪਰਚੇ ਹਨ ਉਹ ਰੱਦ ਕਰ ਦਿੱਤੇ ਜਾਣਗੇ। ਪਰ ਹਾਲ ਵਿੱਚ ਐਸਕੇਐਮ ਦੇ ਬਹੁਤ ਸਾਰੇ ਨੇਤਾਵਾਂ ਨੂੰ ਦਿੱਲੀ ਪੁਲਸ ਸਮੇਤ ਕੇਂਦਰ ਸਰਕਾਰ ਦੀਆਂ ਜਾਂਚ ਏਜੰਸੀਆਂ ਅਪਰਾਧਕ ਮਾਮਲਿਆਂ ਵਿੱਚ ਫਸਾਉਣ ਲਈ ਜਾਨ ਬੁੱਝ ਕੇ ਗੈਰ ਵਾਜਬ ਕਾਰਵਾਈਆਂ ਕਰ ਰਿਹਾ ਹੈ। ਮੰਗ ਪੱਤਰ ਵਿੱਚ ਦੱਸਿਆ ਗਿਆ ਕਿ ਯੁੱਧਵੀਰ ਸਿੰਘ ਜੋ ਕਿ ਇਸ ਸਮੇਂ ਐਸ ਕੇ ਐਮ ਦਾ ਰਾਸ਼ਟਰੀ ਕੌਂਸਲ ਮੈਂਬਰ ਹੈ ਅਤੇ ਭਾਰਤੀ ਕਿਸਾਨ ਯੂਨੀਅਨ ਬੀਕੇਯੂ ਦਾ ਜਨਰਲ ਸਕੱਤਰ ਹੈ, ਨੂੰ 29 ਨਵੰਬਰ 2023 ਨੂੰ ਸਵੇਰੇ 2 ਵਜੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਇਹ ਦਾਅਵਾ ਕਰਦੇ ਹੋਏ ਗ੍ਰਿਫਤਾਰ ਕੀਤਾ ਗਿਆ ਸੀ ਕਿ ਉਹ ਸਬੰਧਤ ਕੇਸ ਵਿੱਚ ਦੋਸ਼ੀ ਹੈ। ਦਿੱਲੀ ਵਿੱਚ 2020 -21 ਦੇ ਇਤਿਹਾਸਿਕ ਕਿਸਾਨ ਸੰਘਰਸ਼ ਲਈ ਜ਼ਿੰਮੇਵਾਰ ਹੈ। ਇਸ ਕਾਰਵਾਈ ਕਾਰਨ ਉਹ ਇੱਕ ਅੰਤਰਰਾਸ਼ਟਰੀ ਕਿਸਾਨ ਕਾਨਫਰੰਸ ਵਿੱਚ ਸ਼ਾਮਿਲ ਹੋਣ ਲਈ ਕੋਲੰਬੀਆ ਜਾਣ ਲਈ ਆਪਣੀ ਫਲੈਟ ਖੁੰਝ ਗਿਆ। ਬਾਅਦ ਵਿੱਚ ਕਿਸਾਨ ਅੰਦੋਲਨ ਦੇ ਜੋਰਦਾਰ ਵਿਰੋਧ ਕਾਰਨ ਦਿੱਲੀ ਪੁਲਸ ਨੂੰ ਉਸ ਨੂੰ ਰਿਹਾਅ ਕਰਨ ਲਈ ਮਜਬੂਰ ਹੋਣਾ ਪਿਆ। ਰੋਹਤਕ ਹਰਿਆਣਾ ਦੇ ਇੱਕ ਬੀਕੇਯੂ ਆਗੂ ਵਰਿੰਦਰ ਸਿੰਘ ਹੁੱਡਾ ਨੂੰ ਦਿੱਲੀ ਪੁਲਸ ਸਿਵਲ ਲਾਈਨ, ਪੁਲਸ ਸਟੇਸ਼ਨ ਤੋਂ 22 ਨਵੰਬਰ 2020 ਨੂੰ ਇੱਕ ਨੋਟ ਪ੍ਰਾਪਤ ਹੋਇਆ ਸੀ। ਇਸੇ ਤਰ੍ਹਾਂ 7 ਦਸੰਬਰ 2020 ਨੂੰ ਬੀਕੇਯੂ ਦੇ ਇੰਚਾਰਜ ਅਰਜੁਨ ਬਾਲੀਅਨ ਨੂੰ ਨਵੀਂ ਦਿੱਲੀ ਹਵਾਈ ਅੱਡੇ ਤੇ ਨੇਪਾਲ ਦੀ ਯਾਤਰਾ ਕਰਨ ਤੋਂ ਰੋਕਿਆ ਗਿਆ। ਪੰਜਾਬ ਦੇ ਇਸ ਐਸ ਕੇ ਐਮ ਆਗੂ ਸਤਨਾਮ ਸਿੰਘ ਬਹੈੜੂ ਅਤੇ ਹਰਿੰਦਰ ਪਾਲ ਸਿੰਘ ਲੋਕੋਵਾਲ ਦਿੱਲੀ ਕਿਸਾਨ ਸੰਘਰਸ਼ ਨਾਲ ਸੰਬੰਧਿਤ ਦਿੱਲੀ ਦੀਆਂ ਤੀਸ ਹਜਾਰੀ ਅਤੇ ਪਟਿਆਲਾ ਹਾਊਸ ਅਦਾਲਤਾਂ ਵਿੱਚ ਅਦਾਲਤੀ ਕਾਰਵਾਈ ਦਾ ਸਾਹਮਣਾ ਕਰ ਰਹੇ। ਐਸ ਕੇ ਐਮ ਕਿਸਾਨ ਨੇਤਾਵਾਂ ਨੂੰ ਅਪਰਾਧਕ ਮਾਮਲਿਆਂ ਵਿੱਚ ਫਸਾਉਣ ਦੇ ਕਿਸੇ ਵੀ ਕਦਮ ਨੂੰ ਨਰਿੰਦਰ ਮੋਦੀ ਸਰਕਾਰ ਅਤੇ ਐਸਕੇਐਮ ਵਿਚਕਾਰ ਹੋਏ ਸਮਝੌਤੇ ਦੀ ਘੋਰ ਉਲੰਘਣਾ ਮੰਨਦੀ ਹੈ। ਇਸ ਤਰ੍ਹਾਂ ਕੇਂਦਰ ਸਰਕਾਰ ਅਤੇ ਇਸ ਦੇ ਲੋਕਾਂ ਵਿਚਕਾਰ ਵਿਸ਼ਵਾਸ ਨੂੰ ਤੋੜਨ ਦੇ ਬਰਾਬਰ ਹੈ। ਮੰਗ ਪੱਤਰ ਵਿੱਚ ਦੱਸਿਆ ਗਿਆ ਕਿ ਕਿਸਾਨ ਸੰਘਰਸ ਦੇਸੀ ਵਿਦੇਸੀ ਕਾਰਪੋਰੇਟ ਪੂੰਜੀ ਅਧੀਨ ਖੇਤੀ ਦੇ ਕਾਰਪੋਰੇਟ ਕਰਨ ਨੂੰ ਥੋਪਣ ਵਿਰੁੱਧ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਅਤੇ ਪੇਂਡੂ ਗਰੀਬਾਂ ਦੇ ਹਿੱਤ ਦੀ ਰਾਖੀ ਲਈ ਇੱਕ ਲੋਕ ਉਭਾਰ ਸੀ। ਇਹ ਬ੍ਰਿਟਿਸ਼ ਬਸਤੀਵਾਦੀ ਸਾਸਨ ਵਿਰੁੱਧ ਆਜਾਦੀ ਦੇ ਸੰਘਰਸ਼ ਵਾਂਗ ਦੇਸ਼ ਭਗਤੀ ਦੀ ਲਹਿਰ ਸੀ ਅਤੇ ਕੇਂਦਰ ਸਰਕਾਰ ਨੂੰ ਕਾਰਪੋਰੇਟ ਪੱਖੀ ਤਿੰਨ ਫਾਰਮ ਐਕਟ ਵਾਪਸ ਲਈ ਵਾਪਸ ਲੈਣ ਲਈ ਮਜਬੂਰ ਕਰਨ ਵਿੱਚ ਸਫਲ ਹੋਈ ਮੰਗ ਪੱਤਰ ਵਿੱਚ ਮੰਗ ਕੀਤੀ ਗਈ ਕਿ ਰਾਸ਼ਟਰਪਤੀ ਦੇ ਦਖਲ ਦੀ ਬੇਨਤੀ ਕਰਦੇ ਹਾਂ ਕਿ ਉਹ ਕੇਂਦਰ ਸਰਕਾਰ ਨੂੰ ਕਿਸੇ ਵੀ ਬਦਲੇ ਦੀ ਕਾਰਵਾਈ ਤੋਂ ਬਚਣ ਲਈ ਨਿਰਦੇਸ਼ ਦੇਣ। ਐਸ ਕੇ ਐਮ ਨਾਲ ਲਿਖਤੀ ਭਰੋਸੇ ਦੀ ਉਲੰਘਣਾ ਨਾ ਕਰਨ ਨੌਕਰ ਸ਼ਾਹ ਵਿਰੁੱਧ ਸਖਤ ਕਾਰਵਾਈਆਂ ਦੀ ਸਹੂਲਤ ਦੇਣ ਦੀ ਅਪੀਲ ਕਰਦੇ ਹਾਂ। ਇਸ ਮੌਕੇ 'ਤੇ ਮੰਗ ਪੱਤਰ ਸਥਾਨਕ ਉਪ ਮੰਡਲ ਮਜਿਸਟਰੇਟ ਮਨਦੀਪ ਸਿੰਘ ਢਿੱਲੋਂ ਰਾਹੀਂ ਰਾਸ਼ਟਰਪਤੀ ਨੂੰ ਭੇਜਿਆ ਗਿਆ। ਇਸ ਮੌਕੇ 'ਤੇ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਕਾਮਰੇਡ ਦਵਿੰਦਰ ਨੰਗਲੀ,ਇੰਦਰਜੀਤ ਸਿੰਘ ਫੌਜੀ,ਸੁਸ਼ੀਲ ਕੁਮਾਰ, ਅਮਰਜੀਤ ਸਿੰਘ ਹੋਲਗੜ੍ਹ, ਸੋਨੀ ਮਜਾਰਾ ਉਜਾਗਰ ਸਿੰਘ ਗਰਾ, ਕੇਸਰ ਸਿੰਘ ਕੰਗ ਸਮੇਤ ਹੋਰ ਆਗੂ ਵੀ ਹਾਜਰ ਸਨ। ਇਸ ਮੌਕੇ 'ਤੇ ਕਿਸਾਨ ਆਗੂਆਂ ਨੇ ਇਲਾਕੇ ਵਿੱਚ ਯੂਰੀਆ ਖਾਦ ਦੀ ਕਿੱਲਤ ਨੂੰ ਲੈ ਕੇ ਐਸਡੀਐਮ ਨਾਲ ਵਿਚਾਰ ਸਾਂਝੇ ਕੀਤੇ ਅਤੇ ਮੰਗ ਕੀਤੀ ਕਿ ਸਰਕਾਰ ਤੇ ਪ੍ਰਸ਼ਾਸਨ ਫੌ ਗੀ ਤੌਰ 'ਤੇ ਯੂਰੀਆ ਖਾਦ ਦੀ ਕਿੱਲਤ ਨੂੰ ਦੂਰ ਕਰਨ ਵਿੱਚ ਕਦਮ ਚੁੱਕੇ ਜਾਣ।

# ਪੋਲੀਓ ਰੋਕੂ ਬੂੰਦਾਂ ਪਿਲਾਈਆਂ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੋਬਾਈਲ ਟੀਮ ਵਲੋਂ ਕੁਲਵਿੰਦਰ ਕੁਮਾਰ, ਗੁਰਵਿੰਦਰ ਸਿੰਘ ਨੇ ਤੀਸਰੇ ਦਿਨ ਘਰ ਘਰ ਜ਼ੀਰੋ ਤੋਂ ਪੰਜ ਸਾਲ ਤੱਕ ਦੇ ਸਾਰੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ। ਉਨ੍ਹਾਂ ਨੇ ਕਿਹਾ ਕਿ ਕਿ ਭਾਵੇਂ ਬੱਚਾ ਬਿਮਾਰ ਹੋਵੇ, ਦਵਾਈ ਪਹਿਲਾਂ ਪੀਤੀ ਹੋਈ ਹੋਵੇ ਜਾਂ ਬੱਚਾ ਨਵ ਜੰਮਿਆਂ ਹੋਵੇ ਤਾਂ ਵੀ ਉਹ ਬੱਚੇ ਨੂੰ ਪੋਲੀਓ ਦਵਾਈ ਦੀਆਂ ਬੂੰਦਾਂ ਜਰੂਰ ਪਿਲਾਉਣ, ਕਿਉਂਕਿ ਪੋਲੀਓ ਵੈਕਸੀਨ ਬੱਚੇ ਨੂੰ ਜੀਵਨ ਭਰ ਸੁਰੱਖਿਆ ਪ੍ਰਦਾਨ ਕਰਦੀ ਹੈ। ਉਨ੍ਹਾਂ ਨੇ ਕਿਹਾ ਕਿ ਕੋਈ ਵੀ ਬੱਚਾ ਪੋਲੀਓ ਰੋਕੂ ਬੂੰਦਾਂ ਪੀਣ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਉਨ੍ਹਾਂ ਦੱਸਿਆ ਕਿ ਪਲਸ ਪੋਲੀਓ ਮੁਹਿੰਮ ਨੂੰ ਸਫਲਤਾ ਨਾਲ ਨੇਪਰੇ ਚਾੜ੍ਹਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਗਈ। ਉਨ੍ਹਾਂ ਕਿਹਾ ਕਿ ਪੋਲੀਓ ਦੀਆਂ ਦੋ ਬੂੰਦਾਂ ਪਿਲਾਉਣੀਆਂ ਬੱਚਿਆਂ ਦੀ ਸੁਨਹਿਰੀ ਜ਼ਿੰਦਗੀ ਲਈ ਬੇਹੱਦ ਜਰੂਰੀ ਹਨ।


## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਪੱਤਰ ਨੰ. 343 & 345-2023-24-BDGM-DRM-FZR & 344-2023-24-MCTM-DRM-FZR Date : 11.12.2023

ਸੀਨੀਅਰ ਮੰਡਲ ਇੰਜੀਨੀਅਰ-ਚੌਥਾ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 29.12.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜ਼ਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 07.12.2023<br>11.12.2023 | 15.12.2023<br>19.12.2023 | 29.12.2023 / 15.00 ਵਜੇ<br>02.01.2024 / 15.00 ਵਜੇ |

| ਲ.ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | | | |
|---|---|---|---|---|---|
| 1 | 343-2023-24-BDGM-DRM-FZR | ਸਹਾਇਕ ਮੰਡਲ ਇੰਜੀਨੀਅਰ/ਬਡਗਾਮ ਦੇ ਤਹਿਤ ਬਨਿਹਾਲ-ਬਾਰਾਮੂਲਾ ਸੇਕਸ਼ਨ ਤੇ ਸ਼੍ਰੀਨਗਰ, ਬਡਗਾਮ ਅਤੇ ਬਾਰਾਮੂਲਾ ਰੇਲਵੇ ਸਟੇਸ਼ਨਾਂ ਤੇ ਤੇਜ ਪਾਣੀ ਵਿਵਸਥਾ। | | | |
| | | ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 4,74,97,239.79/- | 3,87,500/- | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ- "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"ਥੱ।" | | | |
| 2 | 344-2023-24-MCTM-DRM-FZR | ਸਹਾਇਕ ਮੰਡਲ ਇੰਜੀਨੀਅਰ (ਉਧਮਪੁਰ) ਸ਼ਹੀਦ ਕੈਪਟਨ ਤੁਸ਼ਾਰ ਮਹਾਜਨ ਦੇ ਤਹਿਤ ਜੰਮੂ-ਸ਼੍ਰੀ ਵੈਸ਼ਨੋ ਦੇਵੀ ਕਟਰਾ ਸੈਕਸ਼ਨ ਵਿਚ ਸ਼ਹੀਦ ਕੈਪਟਨ ਤੁਸ਼ਾਰ ਮਹਾਜਨ (ਉਧਮਪੁਰ) ਰੇਲਵੇ ਸਟੈਸ਼ਨ ਤੇ ਰੇਲਵੇ ਕੰਕ੍ਰੀਟ ਸਲੀਪਰ ਵਿਛਾ ਕੇ ਜਿਪਸਮ ਸਾਈਡਿੰਗ ਤਕ ਪਹੁੰਚ ਮਾਰਗ ਦੀ ਮੁਰੰਮਤ। | | | |
| | | ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 3,96,91,261.87/- | 3,48,500/- | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ- "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"। | | | |
| 3 | 345-2023-24-BDGM-DRM-FZR | ਸਹਾਇਕ ਮੰਡਲ ਇੰਜੀਨੀਅਰ/ਬਡਗਾਮ ਦੇ ਤਹਿਤ ਬਨਿਹਾਲ-ਬਾਰਾਮੂਲਾ ਸੇਕਸ਼ਨ ਵਿਚ ਕਸ਼ਮੀਰ ਘਾਟੀ ਵਿਚ ਬਨਿਹਾਲ (ਬੀਏਐਚਐਲ), ਕਾਜੀਗੁੰਡ (ਕਯੂਜੀ), ਹਿਲਕਰ ਸ਼ਾਹਬਾਦ (ਐਚਆਰਐਸਬੀ) ਸਦੂਰਾ, (ਐਸਡੀਯੂਏ) ਅਤੇ ਅਨੰਤਨਾਗ (ਏਐਨਟੀ) ਰੇਲਵੇ ਸਟੇਸ਼ਨਾਂ ਦੇ ਮੌਜੂਦਾ ਬਨਿਆਦੀ ਢਾਂਚੇ ਦਾ ਰੈਗੂਲੇਸ਼ਨ ਅਤੇ ਸ਼੍ਰੀਨਗਰ (ਐਸਆਈਐਨਏ), ਮਝਹੋਮ, (ਐਮਜੇਡਐਮਏ) ਪਟੱਨ (ਪੀਟੀਟੀਐਨ) ਹਮਰੇ (ਐਚਐਮਈ) ਅਤੇ ਬਾਰਾਮੂਲਾ (ਬੀਆਰਐਮਐਲ) ਰੇਲਵੇ ਸਟੇਸ਼ਨਾਂ ਦਾ ਨਵੀਨੀਕਰਨ ਅਤੇ ਹੋਰ ਸਬੰਧਤ ਕੰਮ। | | | |
| | | ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 4,62,41,592.03/- | 3,81,200/- | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ- "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"। | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।

3882/23

ਗਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# 'ਸਰਕਾਰ ਤੁਹਾਡੇ ਦੁਆਰ' ਸਕੀਮ ਨਾਲ ਪੰਜਾਬੀਆਂ ਨੂੰ ਮਿਲੇਗੀ ਵੱਡੀ ਰਾਹਤ : ਛੀਨਾ



**ਲੁਧਿਆਣਾ (ਰਾਜ ਸਿੰਗਲਾ)**
ਵਿਧਾਨ ਸਭਾ ਹਲਕਾ ਦੱਖਣੀ ਦੀ ਆਮ ਆਦਮੀ ਪਾਰਟੀ ਦੀ ਐੱਮ ਐੱਲ ਏ ਬੀਬਾ ਰਜਿੰਦਰ ਪਾਲ ਕੌਰ ਛੀਨਾ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਮਾਨ ਤੇ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ 'ਚ ਸ਼ੁਰੂ ਕੀਤੇ ਹੈਲਪਲਾਈਨ ਨੰਬਰ 1076 ਤੇ ਸਰਕਾਰ ਤੁਹਾਡੇ ਦੁਆਰ ਸਕੀਮ ਦੀ ਸ਼ਲਾਘਾ ਕੀਤੀ। ਐੱਮ ਐੱਲ ਏ ਛੀਨਾ ਨੇ ਕਿਹਾ ਕਿ ਪੰਜਾਬ ਨੂੰ ਨਵੀਂਆਂ ਬੁਲੰਦੀਆਂ 'ਤੇ ਲਿਜਾਣ ਲਈ ਮੁੱਖ ਮੰਤਰੀ ਪੰਜਾਬ ਲਗਾਤਾਰ ਪੰਜਾਬੀਆਂ ਦੇ ਹਿੱਤ 'ਚ ਸਕੀਮਾਂ ਦੀ ਸ਼ੁਰੂਆਤ ਕਰ ਰਹੇ ਨੇ। ਉਨ੍ਹਾ ਕਿਹਾ ਕਿ ਬਾਕੀਆਂ ਪਾਰਟੀਆਂ ਵਾਂਗ ਚੋਣਾਂ ਤੋਂ 1 ਸਾਲ ਪਹਿਲਾਂ ਨਹੀਂ, ਸਗੋਂ ਬਿਨਾਂ ਕਿਸੇ ਸਿਆਸੀ ਲਾਹੇ ਦੇ ਸੀ ਐੱਮ ਪੰਜਾਬ ਲੋਕਾਂ ਨੂੰ ਸਹੂਲਤਾਂ ਦੇਣ ਲਈ ਵਚਨਬੱਧ ਹਨ। ਇਸੇ ਤਹਿਤ ਇੱਕ ਤੋਂ ਬਾਅਦ ਇੱਕ ਸਕੀਮਾਂ ਸੂਬੇ ਦੇ ਲੋਕਾਂ ਨੂੰ ਸਮਰਪਤ ਕਰ ਰਹੇ ਨੇ। ਐੱਮ ਐੱਲ ਏ ਰਜਿੰਦਰ ਪਾਲ ਕੌਰ ਛੀਨਾ ਇਸ ਵਿਸ਼ਾਲ ਰੈਲੀ 'ਚ 80 ਬੱਸਾਂ ਦੇ ਵੱਡੇ ਕਾਫਲੇ ਤੇ 50 ਦੇ ਕਰੀਬ ਗੱਡੀਆਂ ਨਾਲ ਸ਼ਾਮਲ ਹੋਏ। ਇਸ ਰੈਲੀ 'ਚ ਠਾਠਾਂ ਮਾਰਦਾ ਇਕੱਠ ਆਮ ਆਦਮੀ ਪਾਰਟੀ ਪ੍ਰਤੀ ਲੋਕਾਂ ਦੇ ਪਿਆਰ ਤੇ ਵਫਾਦਾਰੀ ਦੀ ਗਵਾਹੀ ਭਰਦਾ ਨਜ਼ਰ ਆਇਆ। ਐੱਮ ਐੱਲ ਏ ਛੀਨਾ ਨੇ ਕਿਹਾ ਕਿ ਇਹ ਸੂਬੇ ਦੀ ਪਹਿਲੀ ਸਰਕਾਰ ਹੈ, ਜਿਸ ਨੇ ਦਫਤਰੀ ਕੰਮ ਕਾਜ ਨੂੰ ਸੌਖਾ ਬਣਾਉਣ ਲਈ ਕਦਮ ਚੁੱਕੇ ਨੇ। ਉਨ੍ਹਾ ਕਿਹਾ ਕਿ ਇਨ੍ਹਾਂ 42 ਸਰਵਿਸ 'ਚ ਲੋਕਾਂ ਨੂੰ ਵੱਖ ਵੱਖ ਕੈਟਾਗਰੀ ਦੇ ਸਰਟੀਫਿਕੇਟ ਘਰ ਬੈਠੇ ਬਣਵਾਉਣ ਦੀ ਸੁਵਿਧਾ ਪ੍ਰਾਪਤ ਹੋਵੇਗੀ ਤੇ ਨਾਲ ਹੀ ਪੁਲਸ ਸਬੰਧੀ ਕਲੀਅਰੈਂਸ ਸਰਟੀਫਿਕੇਟ ਦੇ ਨਾਲ ਐੱਨ ਆਰ ਆਈਜ਼ ਨੂੰ ਦਫਤਰਾਂ ਵਿੱਚ ਚੱਕਰ ਕੱਟਣ ਦੀ ਲੋੜ ਨਹੀਂ ਪਵੇਗੀ, ਆਨਲਾਈਨ ਹੀ ਉਨ੍ਹਾਂ ਦੇ ਸਾਰੇ ਕੰਮ ਹੋਣਗੇ ਅਤੇ ਜੇਕਰ ਕੋਈ ਸ਼ਿਕਾਇਤ ਹੋਵੇਗੀ ਤਾਂ ਉਹ ਹੈਲਪਲਾਈਨ ਨੰਬਰ 'ਤੇ ਫੋਨ ਕਰ ਸਕਣਗੇ।

# ਪੰਜਾਬ ਪੈਨਸ਼ਨਰਜ਼ ਯੂਨੀਅਨ ਮੋਗਾ ਨੇ ਪੈਨਸ਼ਨਰਜ਼ ਡੇ ਮਨਾਇਆ

**ਸਰਕਾਰ ਕੋਲ ਮੁਲਾਜ਼ਮਾਂ ਨੂੰ ਦੇਣ ਲਈ ਕੁੱਝ ਨਹੀਂ, ਪਰ ਫੋਕੀ ਇਸ਼ਤਿਹਾਰਬਾਜ਼ੀ ਲਈ ਕਰੋੜਾਂ ਰੁਪਏ ਖਰਚੇ ਜਾ ਰਹੇ ਹਨ : ਚਾਹਲ**



**ਮੋਗਾ (ਅਮਰਜੀਤ ਬੱਬਰੀ)**-ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਪੰਜਾਬ ਪੈਨਸ਼ਨਰਜ਼ ਯੂਨੀਅਨ ਬ੍ਰਾਂਚ ਮੋਗਾ ਵੱਲੋਂ ਕਾਮਰੇਡ ਜਗਦੀਸ਼ ਸਿੰਘ ਚਾਹਲ ਦੀ ਅਗਵਾਈ ਵਿੱਚ ਪੈਨਸ਼ਨਰਜ਼ ਡੇ ਮਨਾਇਆ ਗਿਆ। ਇਸ ਮੌਕੇ ਬਲਬੀਰ ਸਿੰਘ ਰਾਮੂੰਵਾਲਾ ਨੇ ਬੋਲਦਿਆਂ ਦੱਸਿਆ ਕਿ 17 ਦਸੰਬਰ ਨੂੰ ਮਾਣਯੋਗ ਸੁਪਰੀਮ ਕੋਰਟ ਨੇ ਫੈਸਲਾ ਕੀਤਾ ਸੀ ਪੈਨਸ਼ਨ ਮੁਲਾਜ਼ਮ ਦਾ ਹੱਕ ਹੈ, ਇਹ ਕੋਈ ਭੀਖ ਨਹੀਂ।ਉਸੇ ਦਿਨ ਤੋਂ ਇਹ ਪੈਨਸ਼ਨਰਜ਼ ਡੇ ਮਨਾਇਆ ਜਾ ਰਿਹਾ ਹੈ।ਇਸ ਦਿਨ ਨੂੰ ਪੈਨਸ਼ਨਰਜ਼ ਬੜੀ ਖੁਸ਼ੀ ਨਾਲ ਮਨਾਉਂਦੇ ਹਨ।ਉਨ੍ਹਾ ਕਿਹਾ ਕਿ ਰਿਟਾਇਰੀ ਦੀ ਰਹਿੰਦੀ ਜ਼ਿੰਦਗੀ ਲਈ ਪੈਨਸ਼ਨ ਦਾ ਬਹੁਤ ਹੀ ਵੱਡਾ ਯੋਗਦਾਨ ਹੈ।ਰਿਟਾਇਰੀ ਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਹੋਰਨਾਂ ਦੇ ਹੱਥਾਂ ਵੱਲ ਨਹੀਂ ਦੇਖਣਾ ਪੈਂਦਾ।ਬੱਚਿਆਂ ਦੀਆਂ ਆਪਣੀਆਂ ਮਜਬੂਰੀਆਂ ਹੁੰਦੀਆਂ ਹਨ।ਇਸ ਮੌਕੇ ਬੂਟਾ ਸਿੰਘ ਭੱਟੀ ਨੇ ਦੱਸਿਆ ਕਿ ਇਹ ਸਰਕਾਰਾਂ ਮੁਲਾਜ਼ਮਾਂ ਦੀ ਪੈਨਸ਼ਨ ਨੂੰ ਤਾਂ ਬੋਝ ਸਮਝਦੀਆਂ ਹਨ ਤੇ ਸਿਰਫ਼ ਦਰਜਾ ਤਿੰਨ ਤੇ ਚਾਰ ਦੇ ਮੁਲਾਜ਼ਮਾਂ ਲਈ ਨਵੀਂ ਕੰਟਰੀਬਿਊਟਰੀ ਸਕੀਮ ਲਾਗੂ ਕਰ ਦਿੱਤੀ ਹੈ, ਜਦਕਿ ਆਈ ਏ ਐੱਸ ਤੇ ਹੋਰ ਉੱਚੇ ਅਫ਼ਸਰਾਂ, ਸਾਂਸਦਾਂ ਨੂੰ ਇਸ ਤੋਂ ਬਾਹਰ ਰੱਖਦੇ ਹੋਏ ਪੈਨਸ਼ਨਾਂ ਦੇ ਗੱਫੇ ਦਿੱਤੇ ਹੋਏ ਹਨ।ਇਸ ਮੌਕੇ ਭੁਪਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਸਾਰੇ ਹੀ ਮੁਲਾਜ਼ਮਾਂ ਤੇ ਪੈਨਸ਼ਨ ਦੇ ਇਕਸਾਰ ਨਿਯਮ ਲਾਗੂ ਹੋਣੇ ਚਾਹੀਦੇ ਹਨ।ਇਹ ਨਹੀਂ ਕਿ ਛੋਟੇ ਮੁਲਾਜ਼ਮਾਂ ਲਈ ਘੱਟ ਪੈਨਸ਼ਨ ਵਾਲੀ ਕੋਈ ਹੋਰ ਸਕੀਮ ਤੇ ਉੱਚ ਅਫ਼ਸਰਾਂ, ਜੱਜਾਂ ਲਈ ਵੱਡੇ ਲਾਭਾਂ ਵਾਲੀ ਹੋਰ ਸਕੀਮ ਲਾਗੂ ਹੋਵੇ।ਉਨ੍ਹਾ ਕਿਹਾ ਕਿ ਹਰ ਨਾਗਰਿਕ ਲਈ ਸਨਮਾਨਜਨਕ ਪੈਨਸ਼ਨ ਲਾਗੂ ਹੋਈ ਚਾਹੀਦੀ ਹੈ ਤੇ ਪੈਨਸ਼ਨਾਂ ਤੇ ਤਨਖਾਹਾਂ ਵਿੱਚ ਪਾੜਾ ਵੀ ਘੱਟ ਚਾਹੀਦਾ ਹੈ।ਫਿਰੋਜ਼ਪੁਰ ਤੋਂ ਵੀ ਸਾਥੀ ਓਮ ਪ੍ਰਕਾਸ਼ ਆਪਣੇ ਸਾਥੀਆਂ ਸਮੇਤ ਇਸ ਸਮਾਗਮ ਵਿੱਚ ਪਹੁੰਚੇ। ਉਨ੍ਹਾ ਨੇ ਵੀ ਬੋਲਦਿਆਂ ਕਿਹਾ ਕਿ ਪੈਨਸ਼ਨਰਾਂ ਦੀਆਂ ਸਮੱਸਿਆਵਾਂ ਪਹਿਲ ਦੇ ਅਧਾਰ 'ਤੇ ਹੱਲ ਹੋਣੀਆਂ ਚਾਹੀਦੀਆਂ ਹਨ। ਡੀ ਏ ਦੀਆਂ ਰਹਿੰਦੀਆਂ ਕਿਸ਼ਤਾਂ ਤੇ ਬਕਾਇਆ ਤੁਰੰਤ ਰਿਲੀਜ਼ ਕੀਤਾ ਜਾਵੇ।ਪੇ-ਕਮਿਸ਼ਨ ਵੱਲੋਂ ਪੈਨਸ਼ਨ ਸੋਧ ਲਈ 2.59 ਦਾ ਗੁਣਾਂਕ ਦਿੱਤਾ ਜਾਣਾ ਚਾਹੀਦਾ ਹੈ। ਗਰੇਡ ਰਵੀਜ਼ਨ ਦਾ ਬਕਾਇਆ ਵੀ ਤੁਰੰਤ ਦਿੱਤਾ ਜਾਵੇ। ਮੈਡੀਕਲ ਪ੍ਰਤੀਪੂਰਤੀ ਦੇ ਬਿੱਲਾਂ ਦਾ ਭੁਗਤਾਨ ਵੀ ਜਲਦੀ ਤੋਂ ਜਲਦੀ ਕੀਤਾ ਜਾਵੇ।ਇਸ ਮੌਕੇ ਕਾਮਰੇਡ ਜਗਦੀਸ਼ ਸਿੰਘ ਚਾਹਲ ਨੇ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਇਹ ਸਰਕਾਰ ਵੀ ਦੂਜੀਆਂ ਸਰਕਾਰਾਂ ਵਾਲੇ ਰਸਤੇ 'ਤੇ ਹੀ ਚੱਲ ਰਹੀ ਹੈ, ਸਗੋਂ ਉਸ ਤੋਂ ਵੀ ਨਖਿੱਧ ਸਾਬਿਤ ਹੋ ਰਹੀ ਹੈ।ਇਸ ਸਰਕਾਰ ਨੇ ਚੋਣਾਂ ਤੋਂ ਪਹਿਲਾਂ ਤਾਂ ਬੜੇ ਲਾਰੇ ਲਾਏ, ਪਰ ਹੁਣ ਮੁਲਾਜ਼ਮਾਂ ਨਾਲ ਗੱਲਬਾਤ ਕਰਨ ਤੋਂ ਵੀ ਭੱਜ ਰਹੀ ਹੈ।ਇਸ ਸਰਕਾਰ ਕੋਲ ਮੁਲਾਜ਼ਮਾਂ ਨੂੰ ਦੇਣ ਲਈ ਕੁੱਝ ਨਹੀਂ, ਪਰ ਫੋਕੀ ਇਸ਼ਤਿਹਾਰਬਾਜ਼ੀ ਕਰਨ ਲਈ ਕਰੋੜਾਂ ਰੁਪਏ ਖਰਚੇ ਜਾ ਰਹੇ ਹਨ।ਹੈਲੀਕਾਪਟਰਾਂ ਦੇ ਝੂਟਿਆਂ 'ਤੇ ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ।ਉਨ੍ਹਾ ਮੰਗ ਕੀਤੀ ਕਿ ਸਰਕਾਰ ਇਹ ਫਜ਼ੂਲ ਖਰਚੀਆਂ ਰੋਕ ਕੇ ਇਹ ਪੈਸਾ ਮੁਲਾਜ਼ਮਾਂ, ਪੈਨਸ਼ਨਰਾਂ ਤੇ ਲੋਕਾਂ 'ਤੇ ਖਰਚ ਕਰੇ।ਇਹ ਸਰਕਾਰ ਲੋਕਾਂ ਨੂੰ ਸਹੂਲਤਾਂ ਘੱਟ ਪਰ ਡਰਾਮੇ ਵੱਧ ਕਰ ਰਹੀ ਹੈ।ਇਸ ਮੌਕੇ ਮਲਕੀਤ ਚੰਦ ਪਾਸੀ ਫਿਰੋਜ਼ਪੁਰ, ਸੁਰਿੰਦਰ ਸਿੰਘ ਬਰਾੜ, ਗੁਰਜੰਟ ਸਿੰਘ ਕੋਕਰੀ ਆਦਿ ਨੇ ਵੀ ਆਪਣੇ ਵਿਚਾਰ ਰੱਖੇ ਤੇ ਜਥੇਬੰਦੀ ਦੀ ਲੋੜ ਤੋਂ ਜਾਣੂ ਕਰਵਾਇਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਚਿੱਤਰ ਸਿੰਘ ਧੋਥੜ, ਚਮਕੌਰ ਸਿੰਘ ਡਗਰੂ, ਨਿਰੰਜਣ ਸਿੰਘ ਮਾਛੀਕੇ, ਅਜਮੇਰ ਸਿੰਘ ਦੱਦਾਹੂਰ, ਕਰਨੈਲ ਸਿੰਘ ਭਲੂਰ, ਪੋਹਲਾ ਸਿੰਘ ਬਰਾੜ, ਨਛੱਤਰ ਸਿੰਘ ਜ਼ੀਰਾ ਆਦਿ ਹਾਜ਼ਰ ਸਨ।

# ਪੈਨਸ਼ਨਰਜ਼ ਡੇ 17 ਨੂੰ ਮਨਾਉਣ ਦਾ ਫੈਸਲਾ

**ਦੋਰਾਹਾ (ਹਰਮਿੰਦਰ ਸੇਠ)**
ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੋਰਾਹਾ ਦੀ ਮਹੀਨਾਵਾਰ ਮੀਟਿੰਗ ਪਵਨ ਕੁਮਾਰ ਕੌਸ਼ਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਮੁੱਖ ਮੰਤਰੀ ਵੱਲੋਂ ਪੈਨਸ਼ਨਰਜ਼ ਜਾਇੰਟ ਫਰੰਟ ਨਾਲ ਮਿਤੀ ਤਹਿ ਕਰਕੇ ਮੀਟਿੰਗ ਨਾ ਕਰਨਾ, ਪੈਨਸ਼ਨਰਜ਼ ਜਾਇੰਟ ਫਰੰਟ ਨੂੰ ਅਣਡਿੱਠ ਕਰਨਾ, ਬਜ਼ੁਰਗਾਂ ਦਾ ਅਪਮਾਨ ਕਰਨ ਬਰਾਬਰ ਹੈ, ਦੀ ਸਖਤ ਨਿਖੇਧੀ ਕੀਤੀ ਗਈ। ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਨੇ 17 ਦਸੰਬਰ ਨੂੰ ਪੈਨਸ਼ਨਰਜ਼-ਡੇ ਮਨਾਉਣ ਦਾ ਫੈਸਲਾ ਕੀਤਾ ਹੈ। ਇਸ ਦਿਨ ਸਰਵ-ਉੱਚ ਨਿਆਲਿਆ ਨੇ ਮੁਲਾਜ਼ਮਾਂ ਦੇ ਹੱਕ ਵਿੱਚ ਸਾਰੇ ਮੁਲਾਜ਼ਮਾਂ ਨੂੰ ਪੈਨਸ਼ਨ ਦੇਣ ਦੇ ਹੱਕ ਵਿੱਚ ਇਤਿਹਾਸਕ ਫੈਸਲਾ ਸੁਣਾਇਆ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਪੈਨਸ਼ਨ ਮੁਲਾਜ਼ਮਾਂ ਦਾ ਹੱਕ ਹੈ, ਇਹ ਕੋਈ ਭੀਖ ਨਹੀਂ। ਮੁਲਾਜ਼ਮਾਂ ਵੱਲੋਂ ਆਪਣੀ ਸਾਰੀ ਜਵਾਨੀ ਦੀ ਉਮਰ ਸੇਵਾ ਕਰਨ ਵਿੱਚ ਲਗਾ ਦਿੱਤੀ ਹੈ, ਇਸ ਲਈ ਬੁਢਾਪਾ ਗੁਜ਼ਰ ਕਰਨ ਲਈ ਪੈਨਸ਼ਨ ਉਨ੍ਹਾਂ ਦਾ ਹੱਕ ਹੈ।

# ਪਿਤਾ ਦੀ ਯਾਦ 'ਚ ਮਕਸੂਦੜਾ ਸਭਾ ਨੂੰ ਵਿੱਤੀ ਸਹਾਇਤਾ



**ਦੋਰਾਹਾ (ਹਰਮਿੰਦਰ ਸੇਠ)**-ਐੱਨ.ਆਰ.ਆਈ. ਕੁਲਦੀਪ ਸਿੰਘ ਗਿੱਲ ਵਾਸੀ ਕੈਨੇਡਾ ਵੱਲੋਂ ਆਪਣੇ ਪਿਤਾ ਸ. ਕੁਲਵੰਤ ਸਿੰਘ ਗਿੱਲ ਦੀ ਯਾਦ ਵਿੱਚ ਪੰਜਾਬੀ ਲਿਖਾਰੀ ਸਭਾ ਮਕਸੂਦੜਾ ਦੀ ਲਾਇਬ੍ਰੇਰੀ ਲਈ ਪੰਜੀ ਹਜ਼ਾਰ ਰੁਪਏ ਵਿੱਤੀ ਸਹਾਇਤਾ ਦਿੱਤੀ ਗਈ। ਸਭਾ ਦੇ ਪ੍ਰਧਾਨ ਗੁਰਮੀਤ ਸਿੰਘ ਗਿੱਲ, ਮੀਤ ਪ੍ਰਧਾਨ ਪੱਪੂ ਬਲਵੀਰ, ਜਨਰਲ ਸਕੱਤਰ ਪ੍ਰੀਤ ਸੰਦਲ, ਸਕੱਤਰ ਮਨਜੀਤ ਘਣਗਸ, ਖਜ਼ਾਨਚੀ ਰਾਮ ਸਿੰਘ ਭੀਖੀ, ਸਰਪ੍ਰਸਤ ਜਗਦੇਵ ਮਕਸੂਦੜਾ, ਹਰਜੀਤ ਸਿੰਘ ਘਲੋਟੀ, ਜੁਗਰਾਜ ਸਿੰਘ ਗਿੱਲ, ਭਗਵੰਤ ਸਿੰਘ ਗਿੱਲ, ਜਸਵੀਰ ਝੱਜ ਆਦਿ ਵੱਲੋਂ ਇਸ ਸ਼ੁੱਭ ਕਾਰਜ ਲਈ ਐੱਨ.ਆਰ.ਆਈ. ਕੁਲਦੀਪ ਸਿੰਘ ਗਿੱਲ ਵਾਸੀ ਕੈਨੇਡਾ ਦਾ ਧੰਨਵਾਦ ਕੀਤਾ ਗਿਆ।

# ਇੰਦਰਜੀਤ ਖਾਲਸਾ ਦਾ ਵਿਛੋੜਾ ਇਲਾਕੇ ਨੂੰ ਨਾ ਪੂਰਾ ਹੋਣ ਵਾਲਾ ਵੱਡਾ ਘਾਟਾ : ਸੰਧਵਾਂ





**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**
ਇਸ ਇਲਾਕੇ ਦੀ ਮੰਨੀ ਪ੍ਰਮੰਨੀ ਸ਼ਖ਼ਸੀਅਤ 96 ਸਾਲਾ ਸ. ਇੰਦਰਜੀਤ ਸਿੰਘ ਖਾਲਸਾ, ਜੋ ਲੰਮਾ ਸਮਾਂ ਵਕਾਲਤ ਦੇ ਕਿੱਤੇ ਨਾਲ ਜੁੜੇ ਰਹੇ ਤੇ ਕਈ ਸਾਲ ਬਤੌਰ ਮੁੱਖ ਸੇਵਾਦਾਰ ਗੁਰਦੁਆਰਾ ਗੋਦੜੀ ਸਾਹਿਬ, ਬਾਬਾ ਫਰੀਦ ਸੁਸਾਇਟੀ, ਟਿੱਲਾ ਬਾਬਾ ਫਰੀਦ ਰਿਲੀਜੀਅਸ ਐਂਡ ਚੈਰੀਟੇਬਲ ਸੁਸਾਇਟੀ ਫਰੀਦਕੋਟ, ਚੇਅਰਮੈਨ ਬਾਬਾ ਫਰੀਦ ਲਾਅ ਕਾਲਜ ਅਤੇ ਬਾਬਾ ਫਰੀਦ ਸਕੂਲ ਫਰੀਦਕੋਟ ਵਜੋਂ ਸੇਵਾਵਾਂ ਨਿਭਾਉਂਦੇ ਰਹੇ। ਬੀਤੀ ਸ਼ਾਮ ਆਪਣੇ ਸਵਾਸਾਂ ਦੀ ਪੂੰਜੀ ਭੋਗ ਕੇ ਆਪਣੇ ਸੰਸਾਰਕ ਯਾਤਰਾ ਪੂਰੀ ਕਰਨ ਉਪਰੰਤ ਉਨ੍ਹਾਂ ਦੇ ਅੰਤਿਮ ਸੰਸਕਾਰ ਮੌਕੇ ਵੱਡੀ ਗਿਣਤੀ ਵਿੱਚ ਇਲਾਕੇ ਦੀਆਂ ਨਾਮਵਰ ਸ਼ਖ਼ਸੀਅਤਾਂ ਸਮੇਤ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਨੇ ਨਮ ਅੱਖਾਂ ਨਾਲ ਵਿੱਛੜੀ ਰੂਹ ਨੂੰ ਅੰਤਿਮ ਵਿਦਾਇਗੀ ਦਿੱਤੀ। ਇਸ ਮੌਕੇ ਬੋਲਦਿਆਂ ਸ. ਸੰਧਵਾਂ ਨੇ ਕਿਹਾ ਕਿ ਇੰਦਰਜੀਤ ਸਿੰਘ ਖਾਲਸਾ ਦੁਨੀਆ ਦੇ ਨਕਸ਼ੇ 'ਤੇ ਫਰੀਦਕੋਟ ਦਾ ਨਾਮ ਚਮਕਾਉਣ ਵਾਲੇ ਨਿਹਸ਼ਵਾਰਥ ਜਰਨੈਲ ਸਨ। ਉਨ੍ਹਾਂ ਕਿਹਾ ਕਿ ਕੁਝ ਲੋਕ ਗੁਰਬਾਣੀ ਦੇ ਪਹਿਰੇਦਾਰ, ਸੱਚ ਦੇ ਅਲੰਬਰਦਾਰ ਤੇ ਵਾਅਦਿਆਂ ਦੇ ਵਫਾਦਾਰ ਹੋਇਆ ਕਰਦੇ ਨੇ, ਅਜਿਹੇ ਸਰਦਾਰ ਸੋਚ-ਸੂਝ ਹੀ ਕੌਮਾਂ ਦੇ ਸਰਦਾਰ ਹੋਇਆ ਕਰਦੇ ਨੇ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਇਲਾਕੇ ਨੂੰ ਨਾ ਪੂਰਾ ਹੋਣ ਵਾਲਾ ਵੱਡਾ ਘਾਟਾ ਪਿਆ ਹੈ। ਉਨ੍ਹਾ ਕਿਹਾ ਕਿ ਇੰਦਰਜੀਤ ਸਿੰਘ ਖਾਲਸਾ ਨੂੰ ਫਰੀਦਕੋਟ ਜ਼ਿਲ੍ਹੇ ਦੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਨ੍ਹਾਂ ਇਸ ਇਲਾਕੇ ਲਈ ਇਤਿਹਾਸਕ ਪ੍ਰਾਪਤੀਆਂ ਪ੍ਰਾਪਤ ਕੀਤੀਆਂ ਹਨ, ਜਿਨ੍ਹਾਂ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ। ਇਸ ਮੌਕੇ ਚੇਅਰਮੈਨ ਨਗਰ ਸੁਧਾਰ ਟਰੱਸਟ ਸ. ਗੁਰਤੇਜ ਸਿੰਘ ਖੋਸਾ, ਮਨਪ੍ਰੀਤ ਸਿੰਘ ਧਾਲੀਵਾਲ, ਨਵਦੀਪ ਸਿੰਘ ਬੱਬੂ, ਮੱਘਰ ਸਿੰਘ, ਹਰਵਿੰਦਰ ਸਿੰਘ, ਅਰਸ, ਲਵਪ੍ਰੀਤ ਸਿੰਘ ਤੇ ਸ਼ਹਿਰ ਦੀਆਂ ਨਾਮਵਰ ਸ਼ਖ਼ਸੀਅਤਾਂ ਤੋਂ ਇਲਾਵਾ ਵੱਖ-ਵੱਖ ਪਾਰਟੀਆਂ ਦੇ ਆਗੂ ਹਾਜ਼ਰ ਸਨ।

# ਕੈਬਨਿਟ ਮੰਤਰੀ ਅਮਨ ਅਰੋੜਾ ਨੇ ਚੀਮਾ 'ਚ ਬੱਸ ਅੱਡੇ ਦਾ ਰੱਖਿਆ ਨੀਂਹ ਪੱਥਰ



**ਚੀਮਾ (ਰਵਿੰਦਰ ਚੀਮਾ)**
ਕੈਬਨਿਟ ਮੰਤਰੀ ਤੇ ਹਲਕਾ ਸੁਨਾਮ ਤੋਂ ਵਿਧਾਇਕ ਅਮਨ ਅਰੋੜਾ ਨੇ ਚੀਮਾ ਕਸਬੇ ਵਿੱਚ 5 ਕਰੋੜ 6 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਨਵੇਂ ਬੱਸ ਅੱਡੇ ਦਾ ਨੀਂਹ ਪੱਥਰ ਰੱਖਿਆ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਨਵੇਂ ਬੱਸ ਅੱਡੇ ਦੇ ਨਾਲ ਹੀ ਚੀਮਾ ਵਾਸੀਆਂ ਨੂੰ ਇਸ ਦੇ ਉੱਪਰ ਹੀ ਇੱਕ ਆਧੁਨਿਕ ਸਟੇਡੀਅਮ ਵੀ ਤਿਆਰ ਕਰਕੇ ਤੋਹਫ਼ੇ ਵਜੋਂ ਦਿੱਤਾ ਜਾਵੇਗਾ, ਜਿਸ ਦੇ ਪੈਸੇ ਵੀ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਆਪਣੀ ਰਵਾਇਤ ਅਨੁਸਾਰ ਬੱਸ ਸਟੈਂਡ ਦੀ ਲਾਗਤ ਵਿੱਚੋਂ ਹੀ ਬਚਾਏ ਗਏ ਹਨ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਇਸ ਪਵਿੱਤਰ ਨਗਰੀ ਨੂੰ ਕਾਫੀ ਲੰਮੇ ਸਮੇਂ ਤੋਂ ਲਟਕਦਾ ਆ ਰਿਹਾ ਬਣਦਾ ਹੱਕ ਅੱਜ ਮਿਲਿਆ ਹੈ। ਉਨ੍ਹਾ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਬੱਸ ਸਟੈਂਡ ਏਨੀ ਦੂਰ ਲਿਜਾ ਕੇ ਪੈਸਾ ਬਰਬਾਦ ਕੀਤਾ ਤੇ ਉਹ ਵੀ ਕਿਸੇ ਕੰਮ ਨਹੀਂ ਆਇਆ, ਕਿਉਂਕਿ ਉਹ ਸਿਰਫ ਅਵਾਰਾ ਪਸ਼ੂਆਂ ਦਾ ਅੱਡਾ ਬਣ ਗਿਆ ਸੀ। ਉਨ੍ਹਾਂ ਕਿਹਾ ਕਿ ਜਦੋਂ ਵੀ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਬਣੀ, ਉਦੋਂ ਤੋਂ ਹੀ ਉਨ੍ਹਾਂ ਵੱਲੋਂ ਸਾਰੇ ਪ੍ਰਸ਼ਾਸਨ ਨੂੰ ਨਾਲ ਲੈ ਕੇ ਸੁਨਾਮ, ਚੀਮਾ ਤੇ ਲੌਂਗੋਵਾਲ ਦਾ ਦੌਰਾ ਕੀਤਾ ਗਿਆ ਸੀ ਤੇ ਸਾਰੇ ਅਟਕੇ ਕੰਮ ਜਲਦੀ ਕਰਵਾਉਣ ਲਈ ਕਿਹਾ ਗਿਆ ਸੀ।
ਇਸ ਮੌਕੇ ਵੱਡੀ ਗਿਣਤੀ ਵਿੱਚ ਚੀਮਾ ਵਾਸੀਆਂ ਨੇ ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਹਲਕੇ ਦੇ ਵਿਕਾਸ ਲਈ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਮੋਦ ਕੁਮਾਰ, ਈ. ਓ. ਬਾਲਕ੍ਰਿਸ਼ਨ, ਚੇਅਰਮੈਨ ਗੀਤੀ ਮਾਨ, ਚੇਅਰਮੈਨ ਮੁਕੇਸ਼ ਜੁਨੇਜਾ, ਰਵੀ ਕਮਲ ਗੋਇਲ, ਬੀਰਬਲ ਸਿੰਘ, ਬਹਾਦਰ ਸਿੰਘ, ਜਸਵੀਰ ਸਿੰਘ, ਰੂਪ ਸਿੰਘ, ਮਨਪ੍ਰੀਤ ਮਨੀ, ਨਿਰਭੈ ਮਾਨ, ਮਨਪ੍ਰੀਤ ਬਾਂਸਲ, ਰਾਜਿੰਦਰ ਲੀਲੂ, ਲਖਵਿੰਦਰ ਲੱਖੀ, ਲਾਭ ਸਿੰਘ ਨੀਲੋਵਾਲ, ਅਮਰੀਕ ਸਿੰਘ ਧਾਲੀਵਾਲ, ਜਗਸੀਰ ਸਿੰਘ ਜੱਗਾ ਝਾੜੋਂ ਤੇ ਵੱਡੀ ਗਿਣਤੀ 'ਚ ਪਤਵੰਤੇ ਸੱਜਣ ਹਾਜ਼ਰ ਸਨ।

# ਵਿਦਿਆਰਥੀਆਂ ਨੇ ਬੈਂਕਿੰਗ ਸਿਸਟਮ ਬਾਰੇ ਲਈ ਜਾਣਕਾਰੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪੰਜਗਰਾਈਆਂ ਦੇ 9ਵੀਂ ਤੇ 11ਵੀਂ ਦੇ ਵਿਦਿਆਰਥੀਆਂ ਨੂੰ ਐੱਨ.ਐੱਸ.ਕਿਉ.ਐੱਫ. ਸਕੀਮ ਤਹਿਤ ਪੰਜਾਬ ਨੈਸ਼ਨਲ ਬੈਂਕ ਝਾੜ ਸਾਹਿਬ ਦਾ ਦੌਰਾ ਕਰਵਾਇਆ ਗਿਆ। ਪ੍ਰਿੰਸੀਪਲ ਹਰਨੀਤ ਸਿੰਘ ਭਾਟੀਆ ਤੇ ਭੁਪਿੰਦਰ ਰਾਣਾ ਵੋਕੇਸ਼ਨਲ ਟ੍ਰੇਨਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਦੌਰੇ ਦਾ ਮਕਸਦ ਵਿਦਿਆਰਥੀਆਂ ਨੂੰ ਵਿਸ਼ੇ ਸਬੰਧੀ ਪ੍ਰੈਕਟੀਕਲ ਜਾਣਕਾਰੀ ਦੇਣਾ ਹੁੰਦਾ ਹੈ। ਇਸ ਲਈ ਬੈਂਕਿੰਗ ਫਾਇਨੈਂਸ ਸਰਵਿਸਿਜ਼ ਤੇ ਇੰਸ਼ੋਰੈਂਸ ਸਕੀਮ ਅਧੀਨ ਵਿਦਿਆਰਥੀਆਂ ਨੂੰ ਬੈਂਕਿੰਗ ਕਾਰਜ ਪ੍ਰਣਾਲੀ ਜਿਵੇਂ ਰਕਮਾਂ ਦਾ ਲੈਣ-ਦੇਣ, ਡੈਬਿਟ ਕਾਰਡ, ਰਿਣ ਸਕੀਮਾਂ ਤੇ ਹੋਰ ਬੈਂਕਿੰਗ ਦੇ ਰੋਜ਼ਾਨਾ ਕਾਰਜਾਂ ਬਾਰੇ ਜਾਣਕਾਰੀ ਦੇਣਾ ਸੀ। ਉਨ੍ਹਾ ਕਿਹਾ ਕਿ ਅਜੋਕੇ ਯੁੱਗ ਵਿੱਚ ਕਿੱਤਾ-ਮੁਖੀ ਕੋਰਸਾਂ ਰਾਹੀਂ ਵਿਦਿਆਰਥੀ ਆਪਣਾ ਵਧੀਆ ਕੈਰੀਅਰ ਬਣਾ ਸਕਦੇ ਹਨ ਤੇ ਆਪਣੇ ਜੀਵਨ ਦੇ ਟੀਚੇ ਹਾਸਲ ਕਰ ਸਕਦੇ ਹਨ। ਇਸ ਮੌਕੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਬੈਂਕਿੰਗ ਕਾਰਜਾਂ ਬਾਰੇ ਸਵਾਲ ਪੁੱਛੇ।
ਬਰਾਂਚ ਮੈਨੇਜਰ ਵੱਲੋਂ ਬੜੀ ਲਾਹੇਵੰਦ ਜਾਣਕਾਰੀ ਵਿਦਿਆਰਥੀਆਂ ਨੂੰ ਦਿੱਤੀ ਗਈ, ਜੋ ਉਨ੍ਹਾਂ ਦੇ ਕੈਰੀਅਰ ਉਸਾਰੀ ਵਿੱਚ ਬਹੁਤ ਉਪਯੋਗੀ ਸਿੱਧ ਹੋਵੇਗੀ। ਵਿਦਿਆਰਥੀਆਂ ਲਈ ਇਹ ਇੰਡਸਟਰੀ ਵਿਜ਼ਿਟ ਭਰਪੂਰ ਲਾਹੇਵੰਦ ਰਹੀ। ਇਹ ਵਿਜ਼ਿਟ ਦਲਜੀਤ ਕੌਰ ਲੈਕਚਰਾਰ ਹਿਸਟਰੀ ਤੇ ਭੁਪਿੰਦਰ ਰਾਣਾ ਵੋਕੇਸ਼ਨਲ ਟ੍ਰੇਨਰ ਦੀ ਅਗਵਾਈ ਅਧੀਨ ਕਰਵਾਈ ਗਈ। ਸਕੂਲ ਪ੍ਰਿੰਸੀਪਲ ਵੱਲੋਂ ਸਫ਼ਲ ਇੰਡਸਟਰੀ ਵਿਜ਼ਿਟ ਕਰਵਾਉਣ ਲਈ ਸਟਾਫ਼ ਦਾ ਧੰਨਵਾਦ ਕੀਤਾ ਗਿਆ ਤੇ ਵਿਦਿਆਰਥੀਆਂ ਨੂੰ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਸਰਕਾਰੀ ਸਕੂਲ ਆਫ ਐਮੀਨੈਂਸ ਦੇ ਵਿਦਿਆਰਥੀਆਂ ਦਾ ਵਿੱਦਿਅਕ ਦੌਰਾ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਫ ਐਮੀਨੈਂਸ ਭਾਦਸੋਂ ਦੇ ਤਕਰੀਬਨ 100 ਵਿਦਿਆਰਥੀਆਂ ਨੇ ਮਾਤਾ ਗੁਜਰੀ ਕਾਲਜ ਫਤਹਿਗੜ੍ਹ ਸਾਹਿਬ ਦਾ ਵਿੱਦਿਅਕ ਦੌਰਾ ਕੀਤਾ। ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਬੰਦਨਾ ਜਿੰਦਲ ਨੇ ਕਿਹਾ ਕਿ ਸਕੂਲਾਂ ਦੇ ਜ਼ਿਆਦਾਤਰ ਵਿਦਿਆਰਥੀ +2 ਪਾਸ ਕਰਨ ਉਪਰੰਤ ਉਚੇਰੀ ਵਿੱਦਿਆ ਹਾਸਲ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ, ਜਿਸ ਕਰਕੇ ਸਕੂਲ ਦੇ ਵਿਦਿਆਰਥੀਆਂ ਵਿੱਚ ਉਚੇਰੀ ਵਿੱਦਿਆ ਹਾਸਲ ਕਰਨ ਦੇ ਮਹੱਤਵ ਲਈ ਜਾਗਰੂਕਤਾ ਪੈਦਾ ਕਰਨ ਲਈ ਇਹ ਵਿੱਦਿਅਕ ਦੌਰਾ ਕੀਤਾ ਗਿਆ ਹੈ। ਸਕੂਲ ਦੇ ਅਧਿਆਪਕਾਂ ਮੈਡਮ ਸੰਦੀਪ ਕੌਰ ਤੇ ਮੈਡਮ ਸੁਖਜੀਤ ਕੌਰ ਨੇ ਕਾਲਜ ਵਿਖੇ ਵੱਖ-ਵੱਖ ਸਹੂਲਤਾਂ ਤੇ ਸੁਵਿਧਾਵਾਂ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਹ ਵਿੱਦਿਅਕ ਦੌਰਾ ਉਨ੍ਹਾਂ ਦੇ ਸਕੂਲ ਦੇ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਤੇ ਜਾਣਕਾਰੀ ਭਰਪੂਰ ਰਿਹਾ ਹੈ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਸਕੂਲ ਦੇ ਪ੍ਰਿੰਸੀਪਲ, ਅਧਿਆਪਕਾਂ ਤੇ ਵਿਦਿਆਰਥੀਆਂ ਦਾ ਸੁਆਗਤ ਕਰਦਿਆਂ ਮਾਤਾ ਗੁਜਰੀ ਕਾਲਜ ਵੱਲੋਂ ਸਕੂਲਾਂ ਦੇ ਵਿਦਿਆਰਥੀਆਂ ਦੇ ਵਿੱਦਿਅਕ ਦੌਰੇ ਲਾਹੇਵੰਦ ਬਣਾਉਣ ਲਈ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਕਰੀਅਰ ਕਾਊਂਸਲਿੰਗ 'ਤੇ ਜਾਣਕਾਰੀ ਭਰਪੂਰ ਲੈਕਚਰ ਦਿੱਤਾ। ਕੰਪਿਊਟਰ ਸਾਇੰਸ ਵਿਭਾਗ ਦੇ ਪ੍ਰੋਫੈਸਰ ਡਾ. ਜੋਗਾ ਸਿੰਘ ਨੇ ਵਿਦਿਆਰਥੀਆਂ ਨਾਲ ਆਰਟੀਫਿਸ਼ਲ ਇੰਟੈਲੀਜੈਂਸ ਸਬੰਧੀ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਡਾ. ਜਗਦੀਸ਼ ਸਿੰਘ, ਡਾ. ਕਮਲਪ੍ਰੀਤ ਕੌਰ, ਡਾ. ਹਰਜੀਤ ਕੌਰ ਤੇ ਕਾਲਜ ਦੇ ਹੋਰ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਮਹੱਤਵਪੂਰਨ ਵਿਸ਼ਿਆਂ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ।

# ਪਿਸਤੌਲ ਦਿਖਾ ਕੇ ਦੁਕਾਨਦਾਰ ਤੋਂ ਨਕਦੀ ਤੇ ਮੋਬਾਇਲ ਖੋਹੇ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਕੁਹਾੜਾ ਰੋਡ 'ਤੇ ਸਥਿਤ ਪਿੰਡ ਹਾੜੀਆਂ ਦੇ ਅੱਡੇ 'ਤੇ ਇੱਕ ਮਨੀ ਟਰਾਂਸਫਰ ਦਾ ਕੰਮ ਕਰਨ ਵਾਲੇ ਦੁਕਾਨਦਾਰ ਬਸੰਤ ਕੁਮਾਰ ਤੋਂ ਲੁਟੇਰਿਆਂ ਨੇ ਪਿਸਤੌਲ ਦਿਖਾ ਕੇ ਜਿੱਥੇ ਨਕਦੀ, ਮੋਬਾਇਲ ਤੇ ਕੁਝ ਹੋਰ ਸਾਮਾਨ ਲੁੱਟ ਲਿਆ, ਉੱਥੇ ਨੇੜੇ ਖੜੇ ਇੱਕ ਗਾਹਕ ਤੋਂ ਵੀ ਨਕਦੀ ਖੋਹ ਕੇ ਫ਼ਰਾਰ ਹੋ ਗਏ। ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਹਾੜੀਆਂ ਅੱਡੇ ਵਿੱਚ ਮਾਂ ਟੈਲੀਕਾਮ ਨਾਮ ਦੀ ਦੁਕਾਨ ਕਰਦੇ ਦੁਕਾਨਦਾਰ ਬਸੰਤ ਕੁਮਾਰ, ਜੋ ਕਿ ਨਾਲ ਮਨੀ ਟਰਾਂਸਫਰ ਦਾ ਕੰਮ ਵੀ ਕਰਦਾ ਹੈ, ਉਹ ਕਰੀਬ 8 ਵਜੇ ਆਪਣੀ ਦੁਕਾਨ 'ਤੇ ਗਾਹਕਾਂ ਨਾਲ ਲੈਣ-ਦੇਣ ਕਰ ਰਿਹਾ ਸੀ ਤਾਂ ਉੱਥੇ 4 ਲੁਟੇਰੇ ਆਏ, ਜਿਨ੍ਹਾਂ 'ਚੋਂ 2 ਦੇ ਹੱਥ ਵਿੱਚ ਪਿਸਤੌਲ ਫੜੇ ਹੋਏ ਤੇ ਮੂੰਹ ਬੰਨ੍ਹੇ ਹੋਏ ਸਨ। ਲੁਟੇਰਿਆਂ ਨੇ ਪਿਸਤੌਲ ਦੀ ਨੋਕ 'ਤੇ ਦੁਕਾਨਦਾਰ ਦੇ ਗੱਲੇ 'ਚੋਂ ਜਬਰੀ ਕਰੀਬ 45 ਹਜ਼ਾਰ ਰੁਪਏ ਲੁੱਟ ਲਏ ਤੇ ਉਸ ਕੋਲ ਜੋ 4 ਮੋਬਾਇਲ ਪਏ ਸਨ, ਉਹ ਵੀ ਖੋਹ ਲਏ। ਦੱਸਿਆ ਜਾ ਰਿਹਾ ਹੈ ਕਿ ਲੁਟੇਰਿਆਂ ਨੇ ਦੁਕਾਨ 'ਚ ਖੜੇ ਗਾਹਕ ਤੋਂ ਵੀ 10 ਹਜ਼ਾਰ ਨਕਦੀ ਖੋਹ ਲਈ। ਇਹ ਲੁਟੇਰੇ ਬੇਖੌਫ਼ ਹੋ ਆਏ, ਜਿਨ੍ਹਾਂ ਨੇ ਲੁੱਟ-ਖੋਹ ਦੌਰਾਨ ਦੁਕਾਨਦਾਰ ਦੀ ਕੁੱਟਮਾਰ ਵੀ ਕੀਤੀ ਤੇ ਫਿਰ ਮੋਟਰਸਾਈਕਲਾਂ 'ਤੇ ਫ਼ਰਾਰ ਹੋ ਗਏ। ਵਾਰਦਾਤ ਦੌਰਾਨ 3 ਲੁਟੇਰੇ ਦੁਕਾਨ 'ਚ ਆਏ, ਜਦਕਿ ਇੱਕ ਲੁਟੇਰਾ ਦੁਕਾਨ ਦੇ ਬਾਹਰ ਖੜ ਕੇ ਆਸ-ਪਾਸ ਨਿਗਰਾਨੀ ਕਰਦਾ ਰਿਹਾ। ਲੁੱਟ ਖੋਹ ਦੀ ਸਾਰੀ ਘਟਨਾ ਸੀਸੀਟੀਵੀ ਕੈਮਰੇ 'ਚ ਕੈਦ ਹੋ ਗਈ। ਕੂੰਮਕਲਾਂ ਪੁਲਸ ਵੱਲੋਂ ਮੌਕੇ 'ਤੇ ਪਹੁੰਚ ਕੇ ਸੀਸੀਟੀਵੀ ਕੈਮਰੇ ਦੀ ਕਲਿੱਪ ਆਪਣੇ ਕਬਜ਼ੇ 'ਚ ਲੈ ਲਏ ਤੇ ਲੁਟੇਰਿਆਂ ਨੂੰ ਕਾਬੂ ਕਰਨ ਲਈ ਭਾਲ ਕੀਤੀ ਜਾ ਰਹੀ ਹੈ।

# ਤਲਵੰਡੀ ਪਰਵਾਰ ਨਾਲ ਸੰਤ ਨਗਿੰਦਰ ਸਿੰਘ ਤੇ ਸੰਤ ਗੁਰਚਰਨ ਸਿੰਘ ਨੇ ਕੀਤਾ ਦੁੱਖ ਸਾਂਝਾ



**ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ)**-ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਲੋਹਪੁਰਸ਼ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਸਪੁੱਤਰ ਜਥੇਦਾਰ ਰਣਜੀਤ ਸਿੰਘ ਤਲਵੰਡੀ ਸਾਬਕਾ ਵਿਧਾਇਕ ਪਿਛਲੇ ਦਿਨੀਂ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਅੱਜ ਉਨ੍ਹਾਂ ਦੇ ਗ੍ਰਹਿ ਪਿੰਡ ਤਲਵੰਡੀ ਰਾਏ ਵਿਖੇ ਸੰਤ ਬਾਬਾ ਨਗਿੰਦਰ ਸਿੰਘ ਹਜ਼ੂਰ ਸਾਹਿਬ ਵਾਲੇ (ਲੰਗਰਾਂ ਵਾਲੇ) ਅਤੇ ਸੰਤ ਬਾਬਾ ਗੁਰਚਰਨ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਵੱਲੋਂ ਜਥੇਦਾਰ ਜਗਜੀਤ ਸਿੰਘ ਤਲਵੰਡੀ (ਮੈਂਬਰ ਐੱਸਜੀਪੀਸੀ), ਜਥੇਦਾਰ ਰਣਜੀਤ ਸਿੰਘ ਤਲਵੰਡੀ ਦੀ ਪਤਨੀ ਸਰਤਾਜ ਕੌਰ ਤਲਵੰਡੀ, ਧੀ ਅੰਜੁਮਨ ਕੌਰ, ਜਵਾਈ ਕਰਨਵੀਰ ਸਿੰਘ ਸੋਹੀ ਤੇ ਭੈਣ ਹਰਜੀਤ ਕੌਰ ਤਲਵੰਡੀ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਸੰਤ ਬਾਬਾ ਨਗਿੰਦਰ ਸਿੰਘ ਤੇ ਸੰਤ ਬਾਬਾ ਗੁਰਚਰਨ ਸਿੰਘ ਨੇ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਉਹ ਪਰਿਵਾਰ ਨਾਲ ਖੜੇ ਹਨ। ਉਨ੍ਹਾਂ ਕਿਹਾ ਕਿ ਜਥੇਦਾਰ ਰਣਜੀਤ ਸਿੰਘ ਤਲਵੰਡੀ ਪੰਥ ਨੂੰ ਸਮਰਪਤ ਸ਼ਖ਼ਸੀਅਤ ਸਨ, ਜਿਨ੍ਹਾਂ ਨੇ ਹਮੇਸ਼ਾ ਹੀ ਪੰਥਕ ਸਰੋਕਾਰਾਂ ਦੀ ਗੱਲ ਕੀਤੀ। ਜਥੇਦਾਰ ਤਲਵੰਡੀ ਦੀਆਂ ਪੰਥਕ ਤੇ ਪਾਰਟੀ ਪ੍ਰਤੀ ਸੇਵਾਵਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਚਲਾਣੇ ਨੂੰ ਵੱਡਾ ਘਾਟਾ ਕਰਾਰ ਦਿੱਤਾ। ਇਸ ਮੌਕੇ ਭਾਈ ਹਰਜੀਤ ਸਿੰਘ ਲੰਗਰਾਂ ਵਾਲੇ, ਭਾਈ ਗੁਰਸੇਵਕ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਮਨਮੋਹਨ ਸਿੰਘ, ਇਕਬਾਲ ਸਿੰਘ ਗੁਲਾਬ ਫੇਰੂਰਾਈਂ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਮਹੂਆ ਮੋਇਤਰਾ ਨਾਲ ਗੈਰ-ਕਾਨੂੰਨੀ ਤੇ ਗੈਰ-ਇਖਲਾਕੀ ਢੰਗ ਨਾਲ ਨਿੰਦਣਯੋਗ ਬੇਇਨਸਾਫੀ ਹੋਈ : ਟਿਵਾਣਾ

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
'ਪਹਿਲੀ ਗੱਲ ਤਾਂ ਇਹ ਹੈ ਕਿ ਇੰਡੀਅਨ ਪਾਰਲੀਮੈਂਟ ਦੇ ਚੁਣੇ ਹੋਏ 543 ਮੈਂਬਰਾਂ ਵਿੱਚ ਤਾਂ ਬਹੁਤੇ ਅਜਿਹੇ ਹਨ, ਜੋਕਿ ਪਾਰਲੀਮੈਂਟ ਦੇ ਅਸੂਲਾਂ, ਨਿਯਮਾਂ ਤੇ ਪਾਰਲੀਮੈਂਟੇਰੀਅਨ ਤਹਿਜੀਬ ਦੀ ਸਮਝ ਹੀ ਨਹੀਂ ਰੱਖਦੇ। ਜੇਕਰ ਯੋਗਤਾ ਪੱਖੋਂ ਕੁਝ ਕੁ ਪ੍ਰਤੀਸ਼ਤ ਗਿਣਤੀ ਪੜ੍ਹੇ-ਲਿਖੇ ਐੱਮ. ਪੀਜ਼ ਦੀ ਹੈ, ਤਾਂ ਉਨ੍ਹਾਂ ਵਿੱਚ ਬਹੁਤੇ ਮੁਲਕ ਨਿਵਾਸੀਆਂ ਦੇ ਜੀਵਨ, ਉਨ੍ਹਾਂ ਦੇ ਭਵਿੱਖ, ਇੱਥੋਂ ਦੇ ਅਮਨ-ਚੈਨ ਤੇ ਜਮਹੂਰੀਅਤ ਕਦਰਾਂ-ਕੀਮਤਾਂ ਉਤੇ ਬੋਲਣ ਦੀ ਬਜਾਏ ਜਾਂ ਤਾਂ ਚੁੱਪ ਰਹਿਣਾ ਹੀ ਬਿਹਤਰ ਸਮਝਦੇ ਹਨ ਜਾਂ ਫਿਰ ਗੈਰ-ਦਲੀਲ ਢੰਗ ਨਾਲ ਆਪੋ ਆਪਣੀਆਂ ਹਕੂਮਤ ਪਾਰਟੀਆਂ ਦੀ ਪਾਲਸੀ ਅਨੁਸਾਰ ਹਾਂ ਵਿੱਚ ਹਾਂ ਮਿਲਾਉਣ ਵਾਲੇ ਹੁੰਦੇ ਹਨ। ਇਨ੍ਹਾਂ ਐੱਮ ਪੀਜ਼ ਵਿੱਚ ਬਹੁਤੀ ਪ੍ਰਤੀਸ਼ਤਤਾ ਤਾਂ ਉਨ੍ਹਾਂ ਐੱਮ ਪੀਜ਼ ਦੀ ਹੈ, ਜਿਨ੍ਹਾਂ ਦੇ ਪਿਛੋਕੜ ਅਪਰਾਧੀ, ਸਮੱਗਲਰ, ਜ਼ਖੀਰੇਬਾਜ਼, ਕਾਤਲ ਤੇ ਬਦਮਾਸ਼ੀ ਪੇਸ਼ੇ ਨਾਲ ਸੰਬੰਧਤ ਹਨ, ਜੋ ਸਾਡੀਆਂ ਧੀਆਂ-ਭੈਣਾਂ ਬਾਰੇ ਦੁਰਵਿਹਾਰ ਕਰਕੇ ਹੀ ਸਮੁੱਚੇ ਇੰਡੀਆ ਵਿੱਚ ਇਖਲਾਕੀ ਵਿਰੋਧ ਹੋਣ ਦੇ ਬਾਵਜੂਦ ਢੀਠਤਾ ਨਾਲ ਆਪਣੇ ਅਹੁਦਿਆਂ ਉਤੇ ਬਿਰਾਜ਼ਮਾਨ ਰਹਿਣਾ ਆਪਣਾ ਜਨਮਸਿੱਧ ਅਧਿਕਾਰ ਸਮਝਦੇ ਹਨ। ਜੇਕਰ ਕੋਈ ਬੀਬੀ ਮਹੂਆ ਮੋਇਤਰਾ ਵਰਗਾ ਪੜ੍ਹਿਆ-ਲਿਖਿਆ ਤੇ ਪਾਰਲੀਮੈਂਟੇਰੀਅਨ ਤਹਿਜੀਬ, ਸਲੀਕੇ ਤੇ ਦਲੀਲ ਨਾਲ ਗੱਲਬਾਤ ਕਰਨ ਵਾਲਾ ਐੱਮ ਪੀ ਹੈ, ਤਾਂ ਉਸ ਨਾਲ ਹੁਕਮਰਾਨ ਪਾਰਟੀ ਤੇ ਸਪੀਕਰ ਇੰਝ ਪੇਸ਼ ਆਉਂਦੇ ਹਨ ਕਿ ਉਸ ਨੂੰ ਉੱਚੀ ਆਵਾਜ਼ ਵਿੱਚ ਆਪਣੇ ਗੋਦੀ ਮੀਡੀਏ ਤੇ ਹੋਰ ਸਾਧਨਾਂ ਰਾਹੀਂ ਦੋਸ਼ੀ ਠਹਿਰਾ ਕੇ ਪਾਰਲੀਮੈਂਟ ਵਿੱਚ ਤੇ ਬਾਹਰੀ ਤੌਰ 'ਤੇ ਬਦਨਾਮ ਕਰਨ ਦਾ ਮਾਹੌਲ ਤਿਆਰ ਕੀਤਾ ਜਾਂਦਾ ਹੈ ਤਾਂ ਕਿ ਹਕੂਮਤ ਜਮਾਤ ਭਾਵੇਂ ਉਹ ਬੀਜੇਪੀ-ਆਰ.ਐੱਸ.ਐੱਸ. ਦੀ ਹੋਵੇ ਜਾਂ ਕਾਂਗਰਸ ਦੀ, ਉਹ ਆਪਣੀਆਂ ਹਕੂਮਤ ਪਾਰਟੀ ਦੀਆਂ ਦਿਸ਼ਾਹੀਣ ਬੇਨਤੀਜਾ ਨੀਤੀਆਂ, ਅਮਲਾਂ ਵਿਰੁੱਧ ਕੁਝ ਸੁਣਨ ਨੂੰ ਤਿਆਰ ਨਹੀਂ ਹਨ। ਇਹੀ ਵਜ੍ਹਾ ਹੈ ਕਿ ਸਭ ਅਸੂਲਾਂ, ਨਿਯਮਾਂ ਤੇ ਇਖਲਾਕੀ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗ ਕੇ ਇੱਕ ਕਾਬਲ, ਤਹਿਜੀਬ ਸਲੀਕੇ ਦੀ ਮਾਲਕ ਬੁਲਾਰਣ ਤੇ ਵਿਸ਼ਵ ਪੱਧਰ ਦੀ ਜਾਣਕਾਰੀ ਰੱਖਣ ਵਾਲੀ ਬੀਬੀ ਐੱਮ ਪੀ ਨੂੰ ਲੋਕ ਸਭਾ ਤੋਂ ਜਬਰੀ ਬਰਖਾਸਤ ਕਰਕੇ ਜਮਹੂਰੀਅਤ ਦਾ ਗਲਾ ਘੁੱਟਣ ਦੀ ਨਿੰਦਣਯੋਗ ਕਾਰਵਾਈ ਕੀਤੀ ਗਈ ਹੈ।' ਇਹ ਵਿਚਾਰ ਸ. ਇਕਬਾਲ ਸਿੰਘ ਟਿਵਾਣਾ ਮੁੱਖ ਬੁਲਾਰਾ ਸਿਆਸੀ ਤੇ ਮੀਡੀਆ ਸਲਾਹਕਾਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਲੋਕ ਸਭਾ ਵਿੱਚ ਬੈਸਟ ਬੰਗਾਲ ਦੀ ਐੱਮ ਪੀ ਮਹੂਆ ਮੋਇਤਰਾ ਦੀ ਮੈਂਬਰੀ ਰੱਦ ਕਰਨ ਦੀ ਨਿਰਾਸ਼ਾਜਨਕ ਕਾਰਵਾਈ 'ਤੇ ਡੂੰਘਾ ਦੁੱਖ ਜ਼ਾਹਰ ਕਰਦੇ ਹੋਏ ਤੇ ਮੁਲਕ ਦੀ ਪਾਰਲੀਮੈਂਟ ਵਿੱਚ ਅਣਖ ਤੇ ਗੈਰਤ ਰੱਖਣ ਵਾਲੇ ਹਾਜ਼ਰੀਨ ਮੈਂਬਰਾਂ ਨੂੰ ਜ਼ਲੀਲ ਕਰਨ ਦੀ ਕਾਰਵਾਈ ਕਰਾਰ ਦਿੰਦੇ ਹੋਏ ਪ੍ਰਗਟ ਕੀਤੇ।
ਉਨ੍ਹਾ ਕਿਹਾ ਕਿ ਜਿਨ੍ਹਾਂ ਸੂਝਵਾਨ ਦ੍ਰਿੜ੍ਹ ਇਰਾਦੇ ਵਾਲੇ ਗਲੋਬਲ ਜਾਣਕਾਰੀ ਰੱਖਣ ਵਾਲੇ, ਹਰ ਪਹਿਲੂ 'ਤੇ ਦਲੀਲ ਨਾਲ ਗੱਲ ਕਰਨ ਵਾਲੇ ਐੱਮ ਪੀ ਸ਼ਖ਼ਸੀਅਤਾਂ ਦੀ ਅੱਜ ਪਾਰਲੀਮੈਂਟ ਵਿੱਚ ਬਹੁ-ਗਿਣਤੀ ਹੋਣ ਦੀ ਸਖਤ ਲੋੜ ਹੈ, ਇਸ ਪਾਰਲੀਮੈਂਟ ਵਿੱਚ ਅਜਿਹੇ ਮੈਂਬਰਾਂ ਦੀ ਘਾਟ ਹੋਣ ਤੇ ਉਨ੍ਹਾਂ ਨੂੰ ਗੈਰ-ਇਖਲਾਕੀ ਢੰਗ ਨਾਲ ਜ਼ਲੀਲ ਕਰਨ ਦੀਆਂ ਕਾਰਵਾਈਆਂ ਕਰਕੇ ਮੁਤੱਸਵੀ ਜਮਾਤਾਂ ਅਸਲੀਅਤ ਵਿੱਚ ਆਪਣੀਆਂ ਕੱਟੜਵਾਦੀ ਤਾਨਾਸ਼ਾਹੀ ਨੀਤੀਆਂ ਨੂੰ ਅੱਗੇ ਵਧਾ ਰਹੇ ਹਨ, ਜਿਸ ਨਾਲ ਇਸ ਮੁਲਕ ਦੀ ਪਾਰਲੀਮੈਂਟ ਤੇ ਇਸ ਮੁਲਕ 'ਚ ਜਮਹੂਰੀਅਤ ਕਦਰਾਂ ਕੀਮਤਾਂ ਤੇ ਉਸਾਰੂ ਸੋਚ ਵਾਲੇ ਅਮਲਾਂ ਦੀ ਮਜ਼ਬੂਤੀ ਹੋਣਾ ਸੋਚ ਤੋਂ ਪਰ੍ਹੇ ਹੈ। ਅਜਿਹਾ ਇਸ ਲਈ ਹੁਕਮਰਾਨਾਂ ਵੱਲੋਂ ਕੀਤਾ ਜਾਂਦਾ ਹੈ ਤਾਂ ਕਿ ਹੁਕਮਰਾਨ ਜਮਾਤ ਦੇ ਦੋਸ਼ਪੂਰਨ ਨਿਜਾਮੀ ਪ੍ਰਬੰਧ ਦੀ ਕਿਰਕਰੀ ਨਾ ਹੋ ਸਕੇ ਤੇ ਹੁਕਮਰਾਨ ਆਪਣੀ ਸੋਚ ਅਨੁਸਾਰ ਮਨਮਾਨੀਆਂ ਕਰਦਾ ਰਹੇ।

# ਯੁਵਕ ਮੇਲੇ 'ਚ ਡੀ ਏ ਵੀ ਪਬਲਿਕ ਸਕੂਲ ਨੇ ਕਾਲਜ ਦੇ ਵਿਦਿਆਰਥੀਆਂ ਨੂੰ ਦਿੱਤੀ ਟੱਕਰ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਜ਼ਿਲ੍ਹਾ ਪ੍ਰਸ਼ਾਸਨ ਤੇ ਯੁਵਕ ਸੇਵਾਵਾਂ ਵਿਭਾਗ ਸ੍ਰੀ ਮੁਕਤਸਰ ਸਾਹਿਬ ਵੱਲੋਂ ਦੋ ਦਿਨਾ ਜ਼ਿਲ੍ਹਾ ਪੱਧਰੀ ਯੁਵਕ ਮੇਲਾ ਸਥਾਨਕ ਬਾਵਾ ਨਿਹਾਲ ਸਿੰਘ ਕਾਲਜ ਵਿਖੇ ਕੀਤਾ ਗਿਆ। ਸਹਾਇਕ ਡਾਇਰੈਕਟਰ ਰਘਬੀਰ ਸਿੰਘ ਮਾਨ ਦੀ ਨਜ਼ਰਸਾਨੀ ਹੇਠ ਹੋਏ ਇਸ ਜ਼ਿਲ੍ਹਾ ਪੱਧਰੀ ਯੁਵਕ ਮੇਲੇ ਵਿੱਚ ਵੱਖ-ਵੱਖ ਤਰ੍ਹਾਂ ਦੀ ਮੁਕਾਬਲੇ ਕਰਵਾਏ ਗਏ। ਇਸ ਸਮਾਗਮ ਵਿੱਚ 200 ਤੋਂ ਉੱਪਰ ਯੁਵਕ ਲੜਕੇ ਤੇ ਲੜਕੀਆਂ ਨੇ ਭਾਗ ਲਿਆ।
ਡੀ. ਏ .ਵੀ. ਪਬਲਿਕ ਸਕੂਲ ਸ੍ਰੀ ਮੁਕਤਸਰ ਦੇ ਵਿਦਿਆਰਥੀਆਂ ਨੇ ਵੀ ਇਨ੍ਹਾਂ ਮੁਕਾਬਲਿਆਂ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ ਤੇ ਕਾਲਜ ਦੇ ਵਿਦਿਆਰਥੀਆਂ ਨੂੰ ਬਰਾਬਰ ਦੀ ਟੱਕਰ ਦਿੱਤੀ। ਸਕੂਲ ਦੇ ਵਿਦਿਆਰਥੀ ਅੰਮ੍ਰਿਤਪਾਲ ਸਿੰਘ ਤੇ ਜਸਕੀਰਤ ਭੰਡ ਮੁਕਾਬਲਿਆਂ ਵਿੱਚ ਵਧੀਆ ਪੇਸ਼ਕਾਰੀ ਦੇ ਕੇ ਪਹਿਲਾ ਸਥਾਨ ਲੈ ਕੇ ਰਾਜ ਪੱਧਰੀ ਮੁਕਾਬਲਿਆਂ ਲਈ ਚੁਣੇ ਗਏ। ਅਲੋਕੇਸ਼ਨ ਵਿੱਚ ਦਸਵੀਂ ਜਮਾਤ ਦੀ ਵਿਦਿਆਰਥਣ ਸੰਚੀਤਾ ਨੇ ਪਹਿਲਾ, ਦਸਵੀਂ ਦੀ ਵਿਦਿਆਰਥਣ ਭਵਿਆ ਨੇ ਦੂਜਾ ਤੇ ਅਰਸ਼ਵੀਰ ਕੌਰ ਜਮਾਤ ਗਿਆਰਵੀਂ ਨੇ ਤੀਜਾ ਸਥਾਨ ਹਾਸਲ ਕਰਕੇ ਸਕੂਲ ਨੂੰ ਮਾਣ ਦਿਵਾਇਆ। ਸਕੂਲ ਦੀ ਭੰਗੜੇ ਦੀ ਟੀਮ ਤੇ ਗਿੱਧਾ ਟੀਮ ਤੀਜੇ ਸਥਾਨ 'ਤੇ ਰਹੀ। ਪੁਰਾਤਨ ਪਹਿਰਾਵੇ ਤੇ ਮੋਨੋਐਕਟਿੰਗ ਵਿੱਚ ਵੀ ਸਕੂਲ ਦੇ ਵਿਦਿਆਰਥੀਆਂ ਅਨਮੋਲਪ੍ਰੀਤ ਤੇ ਸੰਚਿਤਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਬਤੌਰ ਮੁੱਖ ਮਹਿਮਾਨ ਵਜੋਂ ਪੁੱਜੇ ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ ਨੇ ਸਾਰੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਤੇ ਸਨਮਾਨਤ ਕੀਤਾ।
ਸਕੂਲ ਪ੍ਰਿੰਸੀਪਲ ਸ੍ਰੀਮਤੀ ਵਰਸਾ ਸਚਦੇਵਾ ਨੇ ਵਿਦਿਆਰਥੀਆਂ ਦੀ ਇਸ ਸ਼ਾਨਦਾਰ ਪ੍ਰਾਪਤੀ 'ਤੇ ਉਨ੍ਹਾਂ ਨੂੰ ਵਧਾਈ ਦਿੱਤੀ ਤੇ ਸਕੂਲ ਦੇ ਐੱਨ ਐੱਸ ਐੱਸ ਯੂਨਿਟ ਦੇ ਪ੍ਰੋਗਰਾਮ ਅਫਸਰ ਸ੍. ਸੁਖਵੀਰ ਸਿੰਘ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਉਮੀਦ ਜਤਾਈ ਕਿ ਭਵਿੱਖ ਵਿੱਚ ਵਿਦਿਆਰਥੀ ਇਸੇ ਤਰ੍ਹਾਂ ਪ੍ਰਾਪਤੀਆਂ ਕਰਕੇ ਸਕੂਲ ਦਾ ਨਾਮ ਰੌਸ਼ਨ ਕਰਦੇ ਰਹਿਣਗੇ।

# ਜੀ ਐੱਚ ਜੀ ਅਕੈਡਮੀ ਵਿਖੇ ਤਿੰਨ ਰੋਜ਼ਾ ਗੁਰਮਤਿ ਸਮਾਗਮ ਕਰਾਏ



**ਜਗਰਾਉਂ (ਅਮਿਤ ਖੰਨਾ)**
ਜੀ.ਐੱਚ.ਜੀ. ਅਕੈਡਮੀ ਜਗਰਾਉਂ ਵੱਲੋਂ ਚਾਰ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਦੀ ਸ਼ਹਾਦਤ ਨੂੰ ਸਮਰਪਤ ਨੂੰ ਤਿੰਨ ਰੋਜ਼ਾ ਗੁਰਮਤਿ ਸਮਾਗਮ ਕਰਵਾਏ ਗਏ, ਜਿਸ ਵਿੱਚ ਭਾਰੀ ਗਿਣਤੀ 'ਚ ਪਹੁੰਚੀਆਂ ਸੰਗਤਾਂ ਨੇ ਗੁਰੂ ਮਹਾਰਾਜ ਦੀਆਂ ਬਖਸ਼ਿਸ਼ਾਂ ਪ੍ਰਾਪਤ ਕੀਤੀਆਂ। ਇਸ ਮੌਕੇ ਪਹਿਲੇ ਦਿਨ ਭਾਈ ਅਮਰਜੀਤ ਸਿੰਘ ਗਾਲਬਵਾਲੀ ਬੀਬੀ ਦਲੇਰ ਕੌਰ ਦਾ ਢਾਡੀ ਜੱਥਾ ਤੇ ਭਾਈ ਸਰਬਜੀਤ ਸਿੰਘ ਪਟਨਾ ਵਾਲੇ ਜਥੇ ਅਤੇ ਭਾਈ ਰਵਿੰਦਰ ਸਿੰਘ ਜੋਨੀ ਨੇ ਸੰਗਤਾਂ ਨੂੰ ਨਿਹਾਲ ਕੀਤਾ। ਦੂਸਰੇ ਦਿਨ ਭਾਈ ਜਗਜੀਤ ਸਿੰਘ ਲੋਪੋ, ਭਾਈ ਸਰਬਜੀਤ ਸਿੰਘ ਨੂਰਪੁਰੀ ਤੇ ਭਾਈ ਕਾਰਜ ਸਿੰਘ ਮਹਿਤਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਤੇ ਭਾਈ ਕੇਵਲ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪਰਿਵਾਰ ਦੀ ਲਸਾਨੀ ਸ਼ਹਾਦਤ ਨੂੰ ਸਮਰਪਤ ਕਵੀਸ਼ਰੀਆਂ ਤੇ ਕੀਰਤਨ ਸੁਣਾ ਕੇ ਹਾਜ਼ਰੀਆਂ ਭਰੀਆਂ ਅਤੇ ਤੀਸਰੇ ਦਿਨ ਮੀਰੀ ਪੀਰੀ ਜੱਥਾ ਜਗਾਧਰੀ ਵਾਲਿਆਂ ਨੇ ਰਸਭਿੰਨਾ ਕੀਰਤਨ ਤੇ ਭਾਈ ਹਰਦੀਪ ਸਿੰਘ, ਭਾਈ ਜਰਨੈਲ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਗਿਆਨੀ ਹਰਪਾਲ ਸਿੰਘ ਹੈੱਡ ਗ੍ਰੰਥੀ ਸ੍ਰੀ ਫਤਿਹਗੜ੍ਹ ਸਾਹਿਬ ਗੁਰਬਾਣੀ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਦਮਦਮਾ ਮੇਰੀ ਸਿੱਖੀ ਮੇਰੀ ਪਹਿਚਾਣ ਤਹਿਤ ਗੁਰਮਤਿ ਮੁਕਾਬਲਿਆਂ 'ਚ ਜੇਤੂ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਐੱਸ.ਜੀ.ਪੀ.ਸੀ. ਦੇ ਜਨਰਲ ਸੈਕਟਰੀ ਗੁਰਚਰਨ ਸਿੰਘ ਗਰੇਵਾਲ ਨੇ ਵੀ ਸ਼ਿਰਕਤ ਕੀਤੀ ਤੇ ਉਨ੍ਹਾਂ ਨੇ ਇਸ ਗੁਰਮਤਿ ਸਮਾਗਮ ਦੀ ਸ਼ਲਾਘਾ ਕੀਤੀ। ਆਖਰ ਵਿੱਚ ਚੇਅਰਮੈਨ ਸ੍. ਗੁਰਮੇਲ ਸਿੰਘ ਮੱਲੀ ਤੇ ਡਾਇਰੈਕਟਰ ਸ੍. ਬਲਜੀਤ ਸਿੰਘ ਮੱਲੀ ਨੇ ਸੰਗਤਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਪ੍ਰੋਗਰਾਮ ਉਲੀਕੇ ਜਾਂਦੇ ਰਹਿਣਗੇ।

# ਛਾਜਲੀ 'ਚ ਸਕੂਲ ਦਾ 69ਵਾਂ ਸਥਾਪਨਾ ਦਿਵਸ ਮਨਾਇਆ



**ਦਿੜ੍ਹਬਾ (ਜਸਵੀਰ ਲਾਡੀ)**
ਇੱਥੋਂ ਨਾਲ ਦੇ ਪਿੰਡ ਛਾਜਲੀ ਵਿਖੇ ਸਕੂਲ ਆਫ ਐਮੀਨੈਂਸ ਛਾਜਲੀ ਵਿੱਚ ਓਲਡ ਸਟੂਡੈਂਟਸ ਐਸੋਸੀਏਸ਼ਨ ਵੱਲੋਂ ਸਕੂਲ ਦਾ 69ਵਾਂ ਸਥਾਪਨਾ ਦਿਵਸ ਮਨਾਇਆ ਗਿਆ। ਇਸ ਮੌਕੇ ਸਕੂਲ ਨੂੰ ਸਜਾਇਆ ਗਿਆ ਅਤੇ ਕਿਤਾਬਾਂ ਦੀ ਪ੍ਰਦਰਸ਼ਨੀ ਲਗਾਈ ਗਈ। ਸਮਾਗਮ ਵਿੱਚ ਇਸ ਸਕੂਲ ਚੋਂ ਮੁਢਲੀ ਵਿੱਦਿਆ ਦਾ ਅੱਖਰ ਗਿਆਨ ਲੈ ਕੇ ਉਚ ਵਿੱਦਿਆ ਹਾਸਲ ਕਰਕੇ ਉਚ ਪਦਵੀ ਤੱਕ ਦਾ ਸਫਰ ਕਰਨ ਵਾਲੀਆਂ ਸ਼ਖਸੀਅਤਾਂ, ਸਕੂਲ ਅਧਿਆਪਕ ਅਤੇ ਵਿਦਿਆਰਥੀ ਸ਼ਾਮਲ ਹੋਏ। ਇਸ ਉਪਰੰਤ ਲੋਕ ਸੰਗੀਤ ਮੰਡਲੀ ਛਾਜਲੀ ਵੱਲੋਂ ਪ੍ਰਿੰਸੀਪਲ ਦੇਸ ਰਾਜ ਛਾਜਲੀ ਦੀ ਅਗਵਾਈ ਹੇਠ ਸਥਾਪਨਾ ਦਿਵਸ ਨੂੰ ਸਮਰਪਤ ਪੁਰਾਤਨ ਸਾਜਾਂ ਨਾਲ ਸਕੂਲ ਸੰਬੰਧੀ ਗੀਤ ਪੇਸ਼ ਕੀਤੇ ਗਏ ਅਤੇ ਗੀਤਾਂ ਰਾਹੀਂ ਸਕੂਲ ਅਤੇ ਪਿੰਡ ਦਾ ਇਤਿਹਾਸ ਬਿਆਨ ਕੀਤਾ। ਸਕੂਲੀ ਵਿਦਿਆਰਥੀਆਂ ਨੇ ਬੁਰਾਈਆਂ ਖਿਲਾਫ ਪੇਸ਼ਕਾਰੀਆਂ ਕੀਤੀਆਂ। ਐਡਵੋਕੇਟ ਕਾਮਰੇਡ ਸੰਪੂਰਨ ਸਿੰਘ ਛਾਜਲੀ ਨੇ ਦੱਸਿਆ ਕਿ ਇਸ ਸਕੂਲ ਦਾ ਨੀਂਹ ਪੱਥਰ 9 ਦਸੰਬਰ 1954 ਨੂੰ ਰੱਖਿਆ ਗਿਆ ਸੀ। ਉਨ੍ਹਾਂ ਕਿਹਾ ਕਿ ਇਹ ਸਥਾਪਨਾ ਦਿਵਸ ਹਰ ਸਾਲ 9 ਦਸੰਬਰ ਨੂੰ ਮਨਾਇਆ ਜਾਵੇਗਾ। ਦੇਸ ਰਾਜ ਸਾਬਕਾ ਪ੍ਰਿੰਸੀਪਲ ਨੇ ਕਿਹਾ ਕਿ ਇਸ ਐਸੋਸੀਏਸ਼ਨ ਵੱਲੋਂ ਸਕੂਲ ਦੀ ਬੇਹਤਰੀ ਲਈ ਹਰ ਤਰ੍ਹਾਂ ਦੇ ਉਪਰਲੇ ਕੀਤੇ ਜਾਣਗੇ। ਉਨ੍ਹਾਂ ਸਕੂਲ ਦੀ ਹਾਕੀ ਟੀਮ ਦੇ ਵਿਦਿਆਰਥੀਆਂ ਨਾਲ ਵੀ ਆਪਣੇ ਵਿਚਾਰ ਸਾਂਝੇ ਕੀਤੇ। ਇਸ ਪ੍ਰੋਗਰਾਮ ਲਈ ਸਾਰਾ ਖਰਚਾ ਪਿਛਲੇ ਸਾਲ ਮਹੰਤ ਅੰਮ੍ਰਿਤ ਬਣ ਵੱਡਾ ਡੇਰਾ ਛਾਜਲੀ ਵਾਲਿਆਂ ਨੇ ਕੀਤਾ ਸੀ, ਇਸ ਸਾਲ ਹਰਪਾਲ ਸਿੰਘ ਚਾਹਲ ਅਮਰੀਕਾ ਵਾਲਿਆਂ ਨੇ ਚੁੱਕਿਆ ਹੈ। ਐਸੋਸੀਏਸਨ ਵੱਲੋਂ ਮਹੰਤ ਅੰਮ੍ਰਿਤ ਬਣ ਦਾ ਅਤੇ ਹਰਪਾਲ ਸਿੰਘ ਅਮਰੀਕਾ ਦੀ ਗੈਰ ਹਾਜ਼ਰੀ ਵਿੱਚ ਉਨ੍ਹਾਂ ਦੇ ਪਰਵਾਰਕ ਮੈਂਬਰ ਗੁਰਤੇਜ ਸਿੰਘ ਚਾਹਲ ਦਾ ਸਨਮਾਨ ਕੀਤਾ ਗਿਆ। ਮੰਚ ਦਾ ਸੰਚਾਲਨ ਮਾਸਟਰ ਪ੍ਰੇਮ ਸਰੂਪ ਅਤੇ ਮੈਡਮ ਹਰਦੀਪ ਕੌਰ ਨੇ ਕੀਤਾ। ਇਸ ਮੌਕੇ ਉਕਤ ਤੋਂ ਇਲਾਵਾ ਗ੍ਰਾਮ ਪੰਚਾਇਤ ਛਾਜਲੀ ਇੰਦਰਜੀਤ ਸਿੰਘ ਧਾਲੀਵਾਲ ਪਤੀ ਪਰਮਿੰਦਰ ਕੌਰ ਸਰਪੰਚ, ਛੱਜੂ ਸਿੰਘ ਸੂਚ, ਹਰਵਿੰਦਰ ਸਿੰਘ ਮੰਡੇਰ, ਮਾਸਟਰ ਜਸਵਿੰਦਰ ਸਿੰਘ ਵਿਰਦੀ, ਸੁਖਰਾਜ ਸਿੰਘ ਭੁਟਾਲ ਕਲਾਂ, ਪ੍ਰਿੰਸੀਪਲ ਗੁਰਵਿੰਦਰ ਸਿੰਘ, ਗੁਰਮੇਲ ਸਿੰਘ ਮੈਦੇਵਾਸ, ਦੇਵ ਸਿੰਘ ਧਾਲੀਵਾਲ ਕੋਚ, ਪਦਮ ਕੁਮਾਰ, ਜਨਕ ਰਾਜ, ਪਵਨ ਕੁਮਾਰ, ਦੇਵ ਸਿੰਘ, ਚੇਤ ਸਿੰਘ ਤਲਵੰਡੀ (ਮਾਨਸਾ), ਮਹਿੰਦਰ ਸਿੰਘ ਕਰਨਾਲ, ਮਹਿੰਦਰ ਸਿੰਘ, ਪਰਮਜੀਤ ਨੰਬਰਦਾਰ, ਕਰਮ ਸਿੰਘ ਸੱਤ, ਕਰਮਜੀਤ ਸਿੰਘ ਨਾਜਰ, ਡਾ. ਬਲਦੇਵ ਸਿੰਘ (ਸਪਤਰਿਸ਼ੀ ਪਬਲੀਕੇਸ਼ਨ ਵਾਲੇ), ਜਸਵਿੰਦਰ ਸਿੰਘ, ਜਸਵੀਰ ਲਾਡੀ, ਕਾਮਰੇਡ ਸ਼ੇਰ ਸਿੰਘ ਤਾਰਾ ਸਿੰਘ, ਪਵਨ ਕੁਮਾਰ ਛਾਜਲਾ, ਨੱਛਤਰ ਸਿੰਘ ਛਾਜਲਾ, ਗੁਰਤੇਜ ਸਿੰਘ ਤੇਜਾ ਛਾਜਲਾ ਅਤੇ ਛਿੰਦਰਪਾਲ ਕੌਰ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ।

# ਕਰਨ ਸਿੰਘ ਦੇ ਬੇਵਕਤ ਵਿਛੋੜੇ 'ਤੇ ਦੁੱਖ ਦਾ ਇਜ਼ਹਾਰ

**ਜਗਰਾਉਂ (ਅਮਿਤ ਖੰਨਾ)**
ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਜਗਰਾਓਂ ਤੇ ਰਾਏਕੋਟ ਬਲਾਕ ਦੀ ਸਾਂਝੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ ਦੀ ਪ੍ਰਧਾਨਗੀ ਹੇਠ ਭੰਮੀਪੁਰਾ ਪਿੰਡ ਵਿਖੇ ਹੋਈ। ਮੀਟਿੰਗ ਵਿੱਚ ਸਭ ਤੋਂ ਪਹਿਲਾਂ ਜਥੇਬੰਦੀ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਹਾਕਮ ਸਿੰਘ ਭੱਟੀਆਂ ਦੇ ਇਕਲੌਤੇ ਨੌਜਵਾਨ ਪੋਤਰੇ ਕਰਨ ਸਿੰਘ ਬਾਠ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸੋਗ ਮਤਾ ਪਾਸ ਕੀਤਾ ਗਿਆ ਤੇ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ। ਯਾਦ ਰਹੇ ਬੀਤੇ ਦਿਨੀਂ ਮੁੱਲਾਂਪੁਰ-ਹੰਬੜਾਂ ਸੜਕ 'ਤੇ ਅਣਪਛਾਤੇ ਵਾਹਨ ਵੱਲੋਂ ਟੱਕਰ ਮਾਰਨ 'ਤੇ ਮੋਟਰਸਾਈਕਲ ਉਪਰ ਪਿੰਡ ਪਰਤ ਰਹੇ ਨੌਜਵਾਨ ਦੀ ਮੌਤ ਨੇ ਪਿੰਡ ਭੱਟੀਆਂ ਢਾਹਾਂ ਸਮੇਤ ਸਮੁੱਚੇ ਇਲਾਕੇ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਇਸ ਸਮੇਂ ਮੀਟਿੰਗ ਵਿੱਚ ਜ਼ਿਲ੍ਹਾ ਲੁਧਿਆਣਾ ਦੇ ਕਿਸਾਨਾਂ ਵੱਲੋਂ ਬੁਢਲਾਡਾ ਡੀ ਐੱਸ ਪੀ ਅੱਗੇ ਕੁਲਰੀਆਂ ਪਿੰਡ ਦੇ ਇਨਸਾਫ ਲਈ ਅਣਮਿੱਥੇ ਸਮੇਂ ਦੇ ਧਰਨੇ 'ਚ ਸ਼ਾਮਲ ਹੋਣ ਲਈ ਸੂਬਾ ਕਮੇਟੀ ਦੀ ਸਲਾਹ ਮੁਤਾਬਕ 17 ਦਸੰਬਰ ਦੀ ਥਾਂ 18 ਦਸੰਬਰ ਕਰ ਦਿੱਤੀ ਗਈ ਹੈ। ਬਲਾਕ ਪ੍ਰਧਾਨ ਤਰਸੇਮ ਸਿੰਘ ਬੱਸੂਵਾਲ ਨੇ ਦੱਸਿਆ ਕਿ 17 ਦਸੰਬਰ ਨੂੰ ਜ਼ਿਲ੍ਹੇ ਭਰ ਦੇ ਕਿਸਾਨ ਵਿੱਛੜੇ ਨੌਜਵਾਨ ਕਰਨ ਸਿੰਘ ਦੀ ਅੰਤਮ ਰਸਮ 'ਚ ਸ਼ਾਮਲ ਹੋਣ ਲਈ ਪਿੰਡ ਭੱਟੀਆਂ ਢਾਹਾਂ ਨੇੜੇ ਮੁਲਾਂਪੁਰ ਪੰਹੁਚਣਗੇ। ਹੁਣ ਜ਼ਿਲ੍ਹਾ ਲੁਧਿਆਣਾ ਦੇ ਕਿਸਾਨ 18 ਤੇ 19 ਦਸੰਬਰ ਦੋ ਦਿਨ ਬੁਢਲਾਡਾ ਧਰਨੇ 'ਚ ਸ਼ਮੂਲੀਅਤ ਕਰਨਗੇ। ਮੀਟਿੰਗ ਵਿੱਚ ਤਾਰਾ ਸਿੰਘ ਅੱਚਰਵਾਲ, ਸਰਬਜੀਤ ਸਿੰਘ ਧੂੜਕੋਟ, ਦਰਸ਼ਨ ਸਿੰਘ ਤੁੰਗਾਹੇੜੀ, ਚਮਕੌਰ ਸਿੰਘ ਚਚਰਾੜੀ, ਮਨਦੀਪ ਸਿੰਘ ਭੰਮੀਪੁਰਾ ਸਮੇਤ ਦੋਹਾਂ ਬਲਾਕਾਂ ਦੀਆਂ ਪਿੰਡ ਇਕਾਈਆਂ ਦੇ ਅਹੁਦੇਦਾਰ ਸ਼ਾਮਲ ਸਨ।

# ਅਕਾਲੀ ਦਲ ਨੇ 103ਵੇਂ ਸਥਾਪਨਾ ਦਿਵਸ 'ਤੇ ਅਖੰਡ ਪਾਠ ਸਾਹਿਬ ਆਰੰਭ ਕਰਵਾਏ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)

ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਨੇ ਅੱਜ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਪਾਰਟੀ ਦੇ 14 ਦਸੰਬਰ ਨੂੰ ਆ ਰਹੇ 103ਵੇਂ ਸਥਾਪਨਾ ਦਿਵਸ ਨੂੰ ਪੰਥਕ ਮਰਿਆਦਾ ਅਨੁਸਾਰ ਮਨਾਉਣ ਲਈ ਇਥੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਗੁਰਦੁਆਰਾ ਸ਼ਹੀਦ ਬਾਬਾ ਗੁਰਬਖਸ਼ ਸਿੰਘ ਜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕਰਵਾਏ। ਅਕਾਲੀ ਦਲ ਦੇ ਪ੍ਰਧਾਨ ਨੇ ਸੀਨੀਅਰ ਲੀਡਰਸ਼ਿਪ ਦੇ ਨਾਲ ਰਲ ਕੇ ਜੋੜੇ ਸਾਫ ਕਰਨ ਦੀ ਸੇਵਾ ਕੀਤੀ ਤੇ ਲੰਗਰ ਹਾਲ ਵਿਚ ਭਾਂਡੇ ਮਾਂਜਣ ਦੀ ਸੇਵਾ ਕੀਤੀ। ਪਾਰਟੀ ਆਗੂਆਂ ਨੇ ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਦੀ ਸਫਾਈ ਵੀ ਕੀਤੀ ਤੇ ਸ਼ਾਮ ਨੂੰ ਕੀਰਤਨ ਵੀ ਸਰਵਣ ਕੀਤਾ। ਸਰਦਾਰ ਸੁਖਬੀਰ ਸਿੰਘ ਬਾਦਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਅਗਲੇ ਦੋ ਦਿਨਾਂ ਤੱਕ ਅਕਾਲੀ ਦਲ ਦੇ 103ਵੇਂ ਸਥਾਪਨਾ ਦਿਵਸ ਮੌਕੇ ਸੇਵਾ ਕਰੇਗੀ ਤੇ 14 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਵੇਗਾ ਜਿਸ ਉਪਰੰਤ ਕੀਰਤਨ ਤੇ ਅਰਦਾਸ ਹੋਵੇਗੀ। ਸ੍ਰ. ਬਾਦਲ ਨੇ ਜ਼ੋਰ ਦੇ ਕੇ ਕਿਹਾ ਕਿ ਪ੍ਰੋਗਰਾਮ ਨੂੰ ਪਾਰਟੀ ਆਗੂਆਂ ਤੇ ਵਰਕਰਾਂ ਵਿਚ ਪੂਰਾ ਉਤਸ਼ਾਹ ਹੈ। ਅਕਾਲੀ ਦਲ ਖਾਲਸਾ ਪੰਥ ਦੀ ਫੌਜ ਹੋਣ ਦੇ ਨਾਤੇ ਆਪਣੇ 'ਤੇ ਫਖ਼ਰ ਮਹਿਸੂਸ ਕਰਦੀ ਹੈ ਕਿਉਂਕਿ ਇਸਨੂੰ ਪੰਥ ਦੇ ਹਿੱਤਾਂ ਦੀ ਰਾਖੀ ਵਾਸਤੇ ਹੀ ਸਥਾਪਿਤ ਕੀਤਾ ਗਿਆ ਸੀ। ਉਨਾਂ ਕਿਹਾ ਕਿ ਪਾਰਟੀ ਨੇ ਪਿਛਲੇ 103 ਸਾਲਾਂ ਤੋਂ ਡਟ ਕੇ ਆਪਣਾ ਫਰਜ਼ ਨਿਭਾਇਆ ਹੈ ਤੇ ਭਵਿੱਖ ਵਿਚ ਵੀ ਨਿਭਾਉਂਦੀ ਰਹੇਗੀ। ਉਨ੍ਹਾਂ ਕਿਹਾ ਕਿ ਅਸੀਂ ਕੌਮ, ਪੰਜਾਬ ਤੇ ਪੰਜਾਬੀਆਂ ਦੀ ਸੇਵਾ ਕਰਦੇ ਰਹਾਂਗੇ ਤੇ ਹਰ ਕਿਸਮ ਦੀ ਧੱਕੇਸ਼ਾਹੀ ਦੇ ਖਿਲਾਫ ਡਟਾਂਗੇ।

# ਯੂਨੀਵਰਸਿਟੀ ਆਫ਼ਿਸਰਜ਼ ਐਸੋਸੀਏਸ਼ਨ ਦੀਆਂ ਚੋਣਾਂ ਲਈ ਪ੍ਰਚਾਰ ਖਤਮ

## ਅਫਸਰਾਂ ਨੇ ਚੋਣ ਨਿਸ਼ਾਨ 'ਗੁਲਾਬ ਦਾ ਫੁੱਲ' ਨੂੰ ਫਤਵਾ ਦੇਣ ਦਾ ਬਣਾਇਆ ਮਨ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)

ਗੁਰੂ ਨਾਨਕ ਦੇਵ ਯੂਨੀਵਰਸਿਟੀ ਆਫ਼ਿਸਰਜ਼ ਐਸੋਸੀਏਸ਼ਨ ਦੀ 13 ਦਸੰਬਰ ਨੂੰ ਹੋਣ ਜਾ ਰਹੀ ਚੋਣ ਲਈ ਯੂਨੀਵਰਸਿਟੀ ਦੇ ਸਮੂਹ ਅਫ਼ਸਰਾਂ ਨੇ ਡੈਮੋਕਰੇਟਿਕ ਆਫ਼ਿਸਰਜ਼ ਫਰੰਟ, ਜਿਸ ਦਾ ਚੋਣ ਨਿਸ਼ਾਨ 'ਗੁਲਾਬ ਦਾ ਫੁੱਲ' ਹੈ, ਦੀ ਸਮੁੱਚੀ ਟੀਮ ਨੂੰ ਇੱਕ ਮੌਕਾ ਹੋਰ ਦੇਣ ਦਾ ਮਨ ਬਣਾ ਲਿਆ ਹੈ। ਪਿਛਲੇ ਸਾਲ ਦੀ ਐਸੋਸੀਏਸ਼ਨ ਦੀ ਕਾਰਗੁਜ਼ਾਰੀ ਤੋਂ ਯੂਨੀਵਰਸਿਟੀ ਦੇ ਅਫ਼ਸਰ ਸੰਤੁਸ਼ਟ ਹਨ। ਜਿੱਥੇ ਸਾਲ ਦੇ ਕਾਰਜਕਾਲ ਦੌਰਾਨ ਪ੍ਰਧਾਨ ਰਜਨੀਸ਼ ਭਾਰਦਵਾਜ ਯੂਨੀਵਰਸਿਟੀ ਦੇ ਦੁਆਰਾ ਪ੍ਰਬੰਧਕੀ ਬਲਾਕ ਵਿਚ ਐਸੋਸੀਏਸ਼ਨ ਲਈ ਵਧੀਆ ਦਫਤਰ, ਪ੍ਰਬੰਧਕੀ ਬਲਾਕ ਦੀ ਦਿੱਖ ਨੂੰ ਬਦਲਣ ਲਈ 6.50 ਕਰੋੜ ਰੁਪਏ, ਸਰਕਾਰ ਤੋਂ ਪ੍ਰਮੋਸ਼ਨਾਂ ਦੀ ਚਿੱਠੀ ਲਿਆਉਣ ਉਪਰੰਤ ਉਸ ਤੇ ਅਮਲ ਕਰਵਾਉਣ ਵਿਚ ਵੀ ਕਾਮਯਾਬ ਰਹੇ ਹਨ, ਉਥੇ ਹੀ ਉਨ੍ਹਾਂ ਦੁਆਰਾ ਨਾਨ-ਟੀਚਿੰਗ ਐਸੋਸੀਏਸ਼ਨ ਵਿਚ ਲੰਬੇ ਸਮੇਂ ਦੌਰਾਨ ਕੀਤੇ ਕੰਮਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਉਨ੍ਹਾਂ ਦੁਆਰਾ ਜਿੱਥੇ ਸ਼ਠਯ ਦੀਆਂ ਖ਼ੁਸ਼ੀਆਂ ਪ੍ਰਮੋਸ਼ਨਾਂ ਕਰਵਾਈਆਂ ਗਈਆਂ ਹਨ। ਯੂਨੀਵਰਸਿਟੀ ਦੇ ਅਧਿਕਾਰੀਆਂ/ਕਰਮਚਾਰੀਆਂ ਲਈ ਕਮਿਊਨਿਟੀ ਹਾਲ ਬਣ ਰਿਹਾ ਹੈ, ਕੈਂਪਸ ਵਿਖੇ ਘਰਾਂ ਦੀ ਅਲਾਟਮੈਂਟ ਲਈ ਸ਼ਰਤਾਂ ਨੂੰ ਖਤਮ ਕਰਵਾ ਦਿੱਤਾ ਗਿਆ ਹੈ, ਕਾਰ ਲੋਨ, ਪਲਾਟ ਲੋਨ ਅਤੇ ਹਾਊਸਿੰਗ ਲੋਨ ਦੀ ਰਕਮ ਨੂੰ ਦੁੱਗਣਾ ਕਰਵਾਇਆ ਗਿਆ ਅਤੇ ਪੈਂਡਿੰਗ ਕਿਸ਼ਤਾਂ ਦਿਵਾਉਣ ਲਈ ਕਾਰਵਾਈ ਚੱਲ ਰਹੀ ਹੈ, ਯੂਨੀਵਰਸਿਟੀ ਕੁਆਟਰਾਂ ਦੇ ਬਿਜਲੀ ਰੇਟਾਂ ਨੂੰ ਘੱਟ ਕਰਵਾਉਣ ਲਈ ਉਨ੍ਹਾਂ ਵੱਲੋਂ ਮਾਨਯੋਗ ਬਿਜਲੀ ਮੰਤਰੀ ਸਾਹਿਬ ਤੱਕ ਪਹੁੰਚ ਕੀਤੀ ਗਈ ਹੈ, ਪੁਰਾਣੀ ਪੈਨਸ਼ਨ ਦੀ ਬਹਾਲੀ ਲਈ ਵੀ ਉਹ ਸੰਘਰਸ਼ਸ਼ੀਲ ਹਨ। ਉਨਾਂ ਦੁਆਰਾ ਇਸ ਸਾਲ ਐਫਡੀਓ/ਕੰਟਰੋਲਰ/ਡਾਇਰੈਕਟਰ ਆਦਿ ਉਪਰ ਸਿਰਫ ਨਾਨ ਟੀਚਿੰਗ ਅਧਿਕਾਰੀਆਂ ਦੀ ਹੀ ਤਾਇਨਾਤੀ ਕਰਵਾਈ ਜਾਵੇਗੀ। ਉਹ ਅਹਿਦ ਕਰਦੇ ਹਨ ਕਿ ਡਿਪਟੀ ਰਜਿਸਟਰਾਰਾਂ ਲਈ ਅੰਦਰੂਨੀ ਪ੍ਰਮੋਸ਼ਨ ਬਹਾਲੀ, ਡਿਪਟੀ ਰਜਿਸਟਰਾਰਾਂ ਨੂੰ ਉਪਰਲੀ ਸ਼੍ਰੇਣੀ ਦੇ ਗਰੇਡ, ਸਹਾਇਕ ਰਜਿਸਟਰਾਰਾਂ ਨੂੰ 6600 ਰੁਪਏ ਦਾ ਗਰੇਡ, ਚਿਰਾਂ ਤੋਂ ਲਮਕਦੀਆਂ ਸਹਾਇਕ ਰਜਿਸਟਰਾਰਾਂ, ਸਿਸਟਮ ਐਡਮਨਿਸਟਰ, ਸਿਸਟਮ ਮੈਨੇਜ਼ਰ, ਸੀਨੀਅਰ ਸਕੇਲ ਪ੍ਰੋਗਰਾਮਰ, ਪੀ. ਏ. ਕਾਡਰ ਵਿੱਚੋਂ ਸਹਾਇਕ ਰਜਿਸਟਰਾਰ, ਨਿਗਰਾਨਾਂ, ਟੈਕਨੀਕਲ ਕੇਡਰ, ਸੀਨੀਅਰ ਟੈਕਨੀਕਲ ਅਸਿਸਟੈਂਟ ਦੀਆਂ ਰਹਿੰਦੀਆਂ ਪ੍ਰੋਮੋਸ਼ਨਾਂ ਵੀ ਯੂਨੀਵਰਸਿਟੀ ਕੈਲੰਡਰ ਅਨੁਸਾਰ ਕਰਵਾਉਣਗੇ। ਕਰਮਚਾਰੀਆਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਐਜੂਕੇਸ਼ਨਲ ਲੋਨ/ਲੈਪਟੋਪ ਲੋਨ ਆਦਿ ਹੋਰ ਕਰਜ਼ੇ ਦਿਵਾਉਣ ਲਈ ਉਨ੍ਹਾਂ ਦੁਆਰਾ ਵਿਵਸਥਾ ਕਰਵਾਉਣ ਦਾ ਪ੍ਰਸਤਾਵ ਵੀ ਹੈ, ਉਨਾਂ ਦੇ ਕਹਿਣ ਅਨੁਸਾਰ ਲਾਇਬ੍ਰੇਰੀ ਦੇ ਸਹਾਇਕ ਲਾਇਬ੍ਰੇਰੀਅਨਾਂ ਦੀਆਂ ਉਚੇਰੀ ਗਰੇਡ ਵਿਚ ਪਲੇਸਮੈਂਟ ਪੁਰਾਣੇ ਨਿਯਮਾਂ ਅਨੁਸਾਰ ਹੀ ਕਰਵਾਈ ਜਾਵੇਗੀ, ਉਪ ਰਜਿਸਟਰਾਰ, ਸਹਾਇਕ ਰਜਿਸਟਰਾਰਾਂ ਅਤੇ ਸਹਾਇਕ ਲਾਇਬ੍ਰੇਰੀਅਨਾਂ ਦੇ ਕਮਰਿਆਂ ਵਿਚ ਏਅਰ ਕੰਡੀਸ਼ਨਰ ਲਗਵਾਏ ਜਾਣਗੇ, ਉਸਾਰੀ ਵਿਭਾਗ ਦੇ ਐਸਡੀਓ/ਐਕਸੀਅਨ ਦੀ ਪੱਕੀ ਪ੍ਰਮੋਸ਼ਨ ਕਰਵਾਉਣਾ ਵੀ ਉਨ੍ਹਾਂ ਦੇ ਏਜੰਡੇ ਵਿਚ ਹੈ। ਯੂਨੀਵਰਸਿਟੀ ਅਫਸਰਾਂ ਨਾਲ ਗੱਲ ਕਰਨ ਤੇ ਪਤਾ ਲੱਗਾ ਹੈ ਕਿ ਉਹ ਡੈਮੋਕਰੇਟਿਕ ਆਫ਼ਿਸਰਜ਼ ਫਰੰਟ ਦੀ ਟੀਮ ਨੂੰ ਇਸ ਸਾਲ ਦੁਬਾਰਾ ਜਿੱਤ ਜ਼ਰੂਰ ਦਿਵਾਉਣਗੇ। ਸਾਰੇ ਅਫ਼ਸਰਾਂ ਵਿਚ ਭਾਰੀ ਉੱਤਸ਼ਾਹ ਪਾਇਆ ਜਾ ਰਿਹਾ ਹੈ। ਰਜ਼ਨੀਸ਼ ਭਾਰਦਵਾਜ ਵੱਲੋਂ ਅਫ਼ਸਰਾਂ ਨੂੰ ਅਪੀਲ ਕੀਤੀ ਗਈ ਕਿ ਕੱਲ ਵੋਟਾਂ ਯੂਨੀਵਰਸਿਟੀ ਦੇ ਲੈਕਚਰ ਥਿਏਟਰ ਦੇ ਲ਼-1 ਹਾਲ ਵਿਚ ਸਵੇਰੇ 10:00 ਵਜੇ ਤੋਂ 4:00 ਵਜੇ ਤੱਕ ਪੈਣਗੀਆਂ। ਉਪਰੰਤ ਨਤੀਜਾ ਵੀ ਉਸੇ ਦਿਨ ਐਲਾਨਿਆ ਜਾਵੇਗਾ। ਇਸ ਮੌਕੇ ਰਜਨੀਸ਼ ਭਾਰਦਵਾਜ ਪ੍ਰਧਾਨ ਅਫ਼ਸਰ ਐਸੋਸੀਏਸ਼ਨ ਨੇ ਰਿਟਰਨਿੰਗ ਅਫ਼ਸਰ ਪ੍ਰੋ. (ਡਾ.) ਰਵਿੰਦਰ ਕੁਮਾਰ, ਮੁੱਖੀ ਇਲੈਕਟਰੋਨਿਕਸ ਵਿਭਾਗ 'ਤੇ ਭਰੋਸਾ ਜਤਾਇਆ ਕਿ ਉਹ ਨਿਰਪੱਖ ਚੋਣਾਂ ਕਰਵਾਉਣਗੇ। ਇਸ ਮੌਕੇ ਡਾ. ਰਾਜੇਸ਼ ਕਾਲੀਆ, ਇੰਜੀ. ਹਰਬਿੰਦਰ ਸਿੰਘ ਭਿੰਡਰ, ਜਗੀਰ ਸਿੰਘ, ਅਮਨ ਕੁਮਾਰ, ਮਨਵਿੰਦਰ ਸਿੰਘ, ਰਜੇਸ਼ ਕੁਮਾਰ, ਸ਼ਤੀਸ਼ ਕੁਮਾਰ, ਵਿਪਨ ਕੁਮਾਰ, ਗੁਰਮੀਤ ਥਾਪਾ, ਸੁਖਵਿੰਦਰ ਸਿੰਘ, ਗੁਰਮੀਤ ਸਿੰਘ, ਰਕੇਸ਼ ਕੁਮਾਰ ਸ਼ਰਮਾ, ਕੁਲਜਿੰਦਰ ਸਿੰਘ ਬੱਲ, ਹਰਵਿੰਦਰ ਕੌਰ, ਅਵਤਾਰ ਸਿੰਘ, ਨਰੇਸ਼ ਕੁਮਾਰ, ਰਚਨਾ ਵਿਆਸ, ਰਜਨੀ, ਮਨਜੀਤ ਕੌਰ, ਰੁਪਿੰਦਰ ਕੌਰ, ਸਰਬਜੀਤ ਕੌਰ, ਗੁਰਮੀਤ ਕੌਰ ਸਮੇਤ ਵੱਡੀ ਗਿਣਤੀ ਵਿਚ ਯੂਨੀਵਰਸਿਟੀ ਅਫ਼ਸਰ ਅਤੇ ਕਰਮਚਾਰੀ ਹਾਜ਼ਰ ਸਨ।

# ਡੱਡੂਆਣਾ ਤੋਂ ਕੱਥੂਨੰਗਲ ਸੜਕ 22 ਫੁੱਟ ਚੌੜੀ ਬਣਾਈ ਜਾਵੇ : ਸੁਖਨੰਦਨ ਮੈਹਣੀਆਂ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)



ਜਦੋਂ ਚੋਣਾਂ ਹੁੰਦੀਆਂ ਹਨ ਤਾਂ ਸਿਆਸੀ ਪਾਰਟੀਆਂ ਲੋਕਾਂ ਨੂੰ ਸਭ ਸੁੱਖ ਸਹੂਲਤਾਂ ਦੇਣ ਦੇ ਵਾਅਦ ਕਰਦੀਆਂ ਨਹੀਂ ਥੱਕਦੀਆਂ ਪਰ ਚੋਣਾਂ ਤੋਂ ਬਾਅਦ ਲੋਕ ਮਸਲਿਆਂ ਨੂੰ ਠੰਢੇ ਬਸਤੇ ਵਿੱਚ ਪਾ ਦਿੱਤਾ ਜਾਂਦਾ ਹੈ ਚਾਹੇ ਲੋਕ ਦੁੱਖ ਤਕਲੀਫਾਂ ਨਾਲ ਜੂਝਦੇ ਰਹਿਣ। ਸਿਆਸੀ ਲੋਕਾਂ ਦੇ ਕੰਨਾਂ 'ਤੇ ਜੂੰ ਨਹੀਂ ਸਰਕਦੀ। ਅਜਿਹੀ ਹੀ ਮਿਸਾਲ ਮਿਲਦੀ ਹੈ ਹਲਕਾ ਜੰਡਿਆਲਾ ਦੇ ਕਸਬਾ ਡੱਡੂਆਣਾ ਤੇ ਕੱਥੂਨੰਗਲ ਨੂੰ ਨਿਕਲਦੀ ਸੜਕ ਤੋਂ ਜੋ ਬਹੁਤ ਛੋਟੀ ਹੋਣ ਕਰਕੇ ਅਕਸਰ ਹਾਦਸਿਆਂ ਦਾ ਸਬੱਬ ਬਣਦੀ ਰਹਿੰਦੀ ਹੈ ਅਤੇ ਇਸਨੂੰ ਚੌੜਿਆਂ ਕਰਕੇ ਬਣਾਉਣ ਦੀ ਮੰਗ ਜਿਥੇ ਪਿਛਲੇ 12 ਸਾਲਾਂ ਤੋਂ ਹੋ ਰਹੀ ਹੈ ਉਥੇ ਹਰ ਚੋਣ ਵਿੱਚ ਇਸਨੂੰ ਚੌੜੀ ਕਰਕੇ ਬਣਾਉਣ ਦਾ ਵਾਅਦਾ ਵੀ ਸਿਆਸੀ ਆਗੂਆਂ ਵੱਲੋਂ ਕੀਤਾ ਜਾਂਦਾ ਹੈ ਪਰ ਅਜੇ ਤੱਕ ਇਲਾਕੇ ਦੇ ਲੋਕਾਂ ਦੀ ਇਹ ਮੰਗ ਪੂਰੀ ਨਾ ਹੋਣ ਕਰਕੇ ਲੋਕਾਂ ਦਾ ਵਿਸ਼ਵਾਸ ਸਰਕਾਰਾਂ ਤੋਂ ਉੱਠ ਚੁੱਕਾ ਹੈ। ਇਹ ਪ੍ਰਗਟਾਵਾ ਉੱਘੇ ਸਮਾਜ ਸੇਵਕ ਸੁਖਨੰਦਨ ਸਿੰਘ ਮੈਹਣੀਆਂ ਨੇ ਕੀਤਾ। ਮੈਹਣੀਆਂ ਨੇ ਕਿਹਾ ਕਿ ਇਹ ਸੜਕ ਅੱਧੀ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਅਤੇ ਅੱਧੀ ਮਜੀਠਾ ਵਿੱਚ ਪੈਂਦੀ ਹੈ ਅਤੇ ਕੱਥੂਨੰਗਲ ਰਾਹੀਂ ਅੰਮ੍ਰਿਤਸਰ ਪਠਾਨਕੋਟ ਨਾਲ ਜੋੜਦੀ ਹੈ ਤੇ ਜਿਸ ਰਾਹੀਂ ਇਲਾਕੇ ਦੇ ਕਿਸਾਨ ਆਪਣੀ ਫਸਲ ਅਤੇ ਸਬਜ਼ੀਆਂ ਇਸੇ ਸੜਕ ਰਾਹੀਂ ਹੀ ਮੰਡੀਆਂ ਵਿੱਚ ਲੈ ਕੇ ਜਾਂਦੇ ਹਨ ਜਿਸ ਤੋਂ ਕਿਸਾਨਾਂ ਨੂੰ ਅਨੇਕਾਂ ਹੀ ਮੁਸ਼ਕਲਾਂ ਨਾਲ ਜੂਝਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਲੰਘੀਆਂ ਚੋਣਾ ਵੇਲੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਇਲਾਕੇ ਨਾਲ ਵਾਅਦਾ ਕੀਤਾ ਗਿਆ ਸੀ ਕਿ ਇਸ ਸੜਕ ਨੂੰ ਪਹਿਲ ਦੇ ਆਧਾਰ 'ਤੇ ਚੌੜਾ ਕਰਕੇ ਬਣਾਇਆ ਜਾਵੇਗਾ ਪਰ ਅਜੇ ਤੱਕ ਇਸ ਸੜਕ ਸਬੰਧੀ ਕੋਈ ਪਹਿਲਕਦਮੀ ਨਹੀਂ ਕੀਤੀ। ਨਾਲ ਹੀ ਉਨ੍ਹਾਂ ਨੇ ਪਿਛਲੀ ਸਰਕਾਰ ਦੇ ਕੈਬਨਿਟ ਮੰਤਰੀ ਰਹੇ ਬਿਕਰਮ ਸਿੰਘ ਮਜੀਠੀਆ ਦੀ ਵੀ ਆਲੋਚਨਾ ਕੀਤੀ ਕਿ ਜਿਥੇ ਮਜੀਠੀਆ ਨੇ ਹਲਕੇ ਦੀਆਂ ਬਾਕੀ ਸੜਕਾਂ ਬਣਾਈਆਂ ਹਨ ਉਥੇ ਉਨ੍ਹਾਂ ਨੇ ਜੰਡਿਆਲਾ ਅਤੇ ਮਜੀਠਾ ਹਲਕੇ ਦੀ ਇਸ ਸਾਂਝੀ ਸੜਕ ਨੂੰ ਬਣਾਉਣ ਵੱਲ ਕੋਈ ਧਿਆਨ ਨਹੀਂ ਦਿੱਤਾ ਸੀ। ਉਨ੍ਹਾਂ ਕਿਹਾ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਵੱਲੋਂ ਵਿਧਾਇਕ ਬਣੇ ਸੁਖਵਿੰਦਰ ਸਿੰਘ ਡੈਨੀ ਨੇ ਇਹ ਵਾਅਦਾ ਕੀਤਾ ਸੀ ਕਿ ਕਾਂਗਰਸ ਦੀ ਸਰਕਾਰ ਅਤੇ ਵਿਧਾਇਕ ਬਣਨ ਤੋਂ ਬਾਅਦ ਸਭ ਤੋਂ ਪਹਿਲਾਂ ਉਹ ਇਸੇ ਸੜਕ ਦਾ ਕੰਮ ਸ਼ੁਰੂ ਕਰਾਉਣਗੇ ਪਰ ਦੁੱਖ ਦੀ ਗੱਲ ਹੈ ਕਿ ਵਿਧਾਇਕ ਡੈਨੀ ਨੂੰ ਤਾਂ 5 ਸਾਲ ਇਹ ਹੀ ਪਤਾ ਨਹੀ ਲੱਗਾ ਸੀ ਕਿ ਇਹ ਸੜਕ ਉਸਦੇ ਹਲਕੇ ਵਿੱਚ ਕਿਥੋਂ ਤੱਕ ਪੈਂਦੀ ਹੈ। ਮੈਹਣੀਆਂ ਨੇ ਇੱਕ ਵਾਰ ਫਿਰ ਹਲਕਾ ਜੰਡਿਆਲਾ ਦੇ ਵਿਧਾਇਕ ਅਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਤੋਂ ਮੰਗ ਕੀਤੀ ਹੈ ਕਿ ਡੱਡੂਆਣਾ ਤੋਂ ਕੱਥੂਨੰਗਲ ਸੜਕ ਨੂੰ ਪਹਿਲ ਦੇ ਆਧਾਰ 'ਤੇ ਚੌੜੀ ਕਰਕੇ ਜਲਦ ਬਣਾਇਆ ਜਾਵੇ।

# ਭਲਕੇ ਨਵਾਂ ਪਿੰਡ ਸਰਦਾਰਾਂ ਵਿਖੇ ਲੱਗੇਗਾ ਮਿਸ਼ਨ ਆਬਾਦ ਤਹਿਤ ਵਿਸ਼ੇਸ਼ ਕੈਂਪ

ਗੁਰਦਾਸਪੁਰ, (ਜਨਕ ਮਹਾਜਨ)-ਪੰਜਾਬ ਸਰਕਾਰ ਵੱਲੋਂ ਅਧਿਕਾਰੀਆਂ ਨੂੰ ਲੋਕਾਂ ਵਿੱਚ ਜਾ ਕੇ ਉਨਾਂ ਦੀਆਂ ਸਮੱਸਿਆਵਾਂ ਸੁਣਨ ਅਤੇ ਹੱਲ ਕਰਨ ਦੀਆਂ ਦਿੱਤੀਆਂ ਹਦਾਇਤਾਂ ਤਹਿਤ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਜ਼ਿਲਾ ਪ੍ਰਸ਼ਾਸਨ ਵੱਲੋਂ 14 ਦਸੰਬਰ ਨੂੰ ਬਲਾਕ ਗੁਰਦਾਸਪੁਰ ਦੇ ਪਿੰਡ ਨਵਾਂ ਪਿੰਡ ਸਰਦਾਰਾਂ ਵਿਖੇ ਮਿਸ਼ਨ ਆਬਾਦ ਤਹਿਤ ਵਿਸ਼ੇਸ਼ ਕੈਂਪ ਲਗਾਇਆ ਜਾਵੇਗਾ। ਇਸ ਕੈਂਪ ਦਾ ਸਮਾਂ ਦੁਪਹਿਰ 1:00 ਵਜੇ ਤੋਂ ਸ਼ਾਮ 5:00 ਵਜੇ ਤੱਕ ਹੋਵੇਗਾ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸ ਕੈਂਪ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ 14 ਦਸੰਬਰ 2023 ਨੂੰ ਨਵਾਂ ਪਿੰਡ ਸਰਦਾਰਾਂ ਵਿਖੇ ਲੱਗਣ ਵਾਲੇ ਇਸ ਅਬਾਦ ਕੈਂਪ ਵਿੱਚ ਪਿੰਡ ਨਵਾਂ ਪਿੰਡ ਸਰਦਾਰਾਂ ਤੋਂ ਇਲਾਵਾ ਨਵਾਂ ਪਿੰਡ ਹੁੰਦਲ ਅਤੇ ਤਿੱਬੜੀ ਦੇ ਵਸਨੀਕ ਭਾਗ ਲੈਣਗੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕੈਂਪ ਦੌਰਾਨ ਵੱਖ-ਵੱਖ ਵਿਭਾਗਾਂ ਵੱਲੋਂ ਵਿਸ਼ੇਸ਼ ਸਟਾਲ ਲਗਾ ਕੇ ਪੰਜਾਬ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਦਿੱਤਾ ਜਾਵੇਗਾ। ਇਸਦੇ ਨਾਲ ਹੀ ਜਾਤੀ ਸਰਟੀਫਿਕੇਟ, ਰਿਹਾਇਸ਼ ਸਰਟੀਫਿਕੇਟ, ਰੂਰਲ ਏਰੀਆ ਅਤੇ ਬਾਰਡਰ ਏਰੀਆ ਸਰਟੀਫਿਕੇਟ, ਪੈਨਸ਼ਨ ਨਾਲ ਸਬੰਧਤ ਸੁਵਿਧਾਵਾਂ, ਸਿਹਤ ਵਿਭਾਗ ਨਾਲ ਸਬੰਧਤ ਸੁਵਿਧਾਵਾਂ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨਾਲ ਸਬੰਧਤ ਕੰਮ, ਮਨਰੇਗਾ ਨਾਲ ਸਬੰਧਤ ਕੰਮ, ਵਾਟਰ ਸਪਲਾਈ ਅਤੇ ਜਲ ਸਪਲਾਈ ਵਿਭਾਗ ਨਾਲ ਸਬੰਧਤ ਕੰਮ, ਅਧਾਰ ਕਾਰਡ ਸੁਵਿਧਾ ਦਾ ਮੌਕੇ 'ਤੇ ਲਾਭ ਦਿੱਤਾ ਜਾਵੇਗਾ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਪਿੰਡ ਨਵਾਂ ਪਿੰਡ ਸਰਦਾਰਾਂ, ਨਵਾਂ ਪਿੰਡ ਹੁੰਦਲ ਅਤੇ ਤਿੱਬੜੀ ਦੇ ਵਸਨੀਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਕੈਂਪ ਦਾ ਵੱਧ ਤੋਂ ਵੱਧ ਲਾਭ ਉਠਾਉਣ।

# ਡਿਪਟੀ ਕਮਿਸ਼ਨਰ-ਕਮ-ਕਮਿਸ਼ਨਰ ਨੇ ਏ ਪੀ ਕੇ ਰੋਡ 'ਤੇ ਲਿਆ ਸਫ਼ਾਈ ਦਾ ਜਾਇਜ਼ਾ





ਪਠਾਨਕੋਟ, (ਦਵਿੰਦਰ ਸਿੰਘ)

ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ-ਕਮ- ਕਮਿਸ਼ਨਰ ਨਗਰ ਨਿਗਮ ਪਠਾਨਕੋਟ ਵੱਲੋਂ ਮੰਗਲਵਾਰ ਸਵੇਰ ਨੂੰ ਏ. ਪੀ. ਕੇ. ਰੋਡ ਤੇ ਪੈਦਲ ਚੱਲ ਕੇ ਸਾਫ਼ ਸਫ਼ਾਈ ਦਾ ਜਾਇਜ਼ਾ ਲੈਣ ਲਈ ਨਿਰੀਖਣ ਕੀਤਾ ।ਉਨ੍ਹਾਂ ਦੇ ਨਾਲ ਇਸ ਮੌਕੇ ਨਗਰ ਨਿਗਮ ਤੋਂ ਰਾਹੁਲ ਕੁਮਾਰ ਸਹਾਇਕ ਕਮਿਸ਼ਨਰ ਨਗਰ ਨਿਗਮ ਪਠਾਨਕੋਟ, ਡਾ. ਐਨ. ਕੇ. ਸਿੰਘ ਅਤੇ ਹੋਰ ਵੱਖ-ਵੱਖ ਨਗਰ ਨਿਗਮ ਦੇ ਅਧਿਕਾਰੀ ਵੀ ਹਾਜ਼ਰ ਸਨ ।ਇਸ ਮੌਕੇ ਜਾਣਕਾਰੀ ਦਿੰਦਿਆਂ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਖਤ ਹਦਾਇਤਾਂ ਹਨ ਕਿ ਸਹਿਰ ਨੂੰ ਸਾਫ਼ ਸੁਥਰਾ ਰੱਖਣ ਦੇ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣ ਅਤੇ ਪਿਛਲੇ ਦਿਨ੍ਹਾਂ ਤੋਂ ਉਨ੍ਹਾਂ ਵੱਲੋਂ ਵਿਸ਼ੇਸ਼ ਤੋਰ ਤੇ ਹਰੇਕ ਵਾਰਡਾਂ ਦਾ ਦੌਰਾ ਕੀਤਾ ਜਾ ਰਿਹਾ ਹੈ ਅਤੇ ਸਾਫ਼ ਸਫ਼ਾਈ ਦੀ ਵਿਵਸਥਾ ਦੀ ਜਾਂਚ ਕੀਤੀ ਜਾ ਰਹੀ ਹੈ ।ਇਸ ਤੋਂ ਇਲਾਵਾ ਖੇਤਰ ਅੰਦਰ ਜੋ ਵੀ ਕੋਈ ਸਮੱਸਿਆ ਹੈ ਉਸ ਨੂੰ ਵੀ ਨੋਟ ਕਰਕੇ ਸਬੰਧਤ ਅਧਿਕਾਰੀ ਨੂੰ ਭੇਜੀ ਜਾਂਦੀ ਹੈ ਅਤੇ ਹਦਾਇਤ ਕੀਤੀ ਜਾਂਦੀ ਹੈ ਕਿ ਨਿਰਧਾਰਤ ਸਮੇਂ ਅੰਦਰ ਸਮੱਸਿਆ ਦਾ ਹੱਲ ਕਰਕੇ ਲੋਕਾਂ ਨੂੰ ਪ੍ਰੇਸ਼ਾਨੀਆਂ ਤੋਂ ਨਿਜਾਤ ਦਿਲਾਈ ਜਾਵੇ ।ਇਸ ਮੌਕੇ ਉਨ੍ਹਾਂ ਨਗਰ ਨਿਗਮ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਨ੍ਹਾਂ ਸਾਰੀ ਜਾਂਚ ਦੌਰਾਨ ਪਾਇਆ ਹੈ ਕਿ ਸੜਕਾਂ ਤੇ ਮਿੱਟੀ ਜ਼ਿਆਦਾ ਹੋਣ ਕਰਕੇ ਸਾਫ਼ ਸਫ਼ਾਈ ਪੂਰੀ ਤਰ੍ਹਾਂ ਨਾਲ ਨਜ਼ਰ ਨਹੀਂ ਆਉਂਦੀ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਕੂੜੇ ਦੇ ਨਾਲ ਨਾਲ ਇੱਕ ਵਾਰ ਸੜਕਾਂ ਦੇ ਡਿਵਾਈਡਰਾਂ ਦੇ ਨਾਲ ਲਗਦੇ ਮਿੱਟੀ ਦੇ ਢੇਰ ਅਤੇ ਸੜਕਾਂ ਤੇ ਵਿਖਰੀ ਪਈ ਰੇਤਾ, ਬਜਰੀ ਆਦਿ ਨੂੰ ਵੀ ਚੁੱਕਿਆ ਜਾਵੇ ਤਾਂ ਜੋ ਸ਼ਹਿਰ ਪੂਰੀ ਤਰ੍ਹਾਂ ਸਾਫ਼ ਨਜ਼ਰ ਆਏ ।ਉਨ੍ਹਾਂ ਇਸ ਮੌਕੇ ਤੇ ਕੁਝ ਰੇਹੜੀ ਚਾਲਕ, ਜਿਨ੍ਹਾਂ ਨੇ ਦੁਕਾਨਾ ਹੋਣ ਦੇ ਬਾਵਜੂਦ ਬਾਹਰ ਰੋਡ ਤੇ ਰੇਹੜੀਆਂ ਲਗਾਈਆਂ ਹੋਈਆਂ ਹਨ ਉਨ੍ਹਾਂ ਨੂੰ ਚੇਤਾਵਨੀ ਦਿੱਤੀ ।ਉਨ੍ਹਾਂ ਇਸ ਮੌਕੇ ਕਿਹਾ ਕਿ ਸ਼ਹਿਰ ਨੂੰ ਸਾਫ਼ ਸੁਥਰਾ ਰੱਖਣਾ ਸਾਡਾ ਫਰਜ਼ ਬਣਦਾ ਹੈ ਪਰ ਵੇਖਣ ਵਿੱਚ ਇਹ ਆਇਆ ਹੈ ਕਿ ਜਿਵੇਂ ਹੀ ਸਫ਼ਾਈ ਕਰਮਚਾਰੀ ਸਫ਼ਾਈ ਕਰਕੇ ਜਾਂਦੇ ਹਨ ਅਤੇ ਦੁਕਾਨਦਾਰਾਂ ਵੱਲੋਂ ਫਿਰ ਤੋਂ ਦੁਕਾਨਾਂ ਦੀ ਸਫਾਈ ਕਰਕੇ ਕੂੜੇ ਦੇ ਢੇਰ ਸੜਕ ਦੇ ਵਿੱਚ ਲਗਾ ਦਿੱਤੇ ਜਾਂਦੇ ਹਨ ।ਉਨ੍ਹਾਂ ਦੁਕਾਨਦਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਹਰੇਕ ਦੁਕਾਨਦਾਰ ਅਪਣੀ ਦੁਕਾਨ ਅੰਦਰ ਡਸਟਬੀਨ ਰੱਖਣ ਤਾਂ ਜੋ ਸਹਿਰ ਵਿੱਚ ਲੱਗੇ ਕੂੜਿਆਂ ਦੇ ਢੇਰਾਂ ਤੋਂ ਲੋਕਾਂ ਨੂੰ ਰਾਹਤ ਮਿਲੇ। ਇਸ ਮੌਕੇ ਤੇ ਉਨ੍ਹਾਂ ਕਿਹਾ ਕਿ ਸ਼ਹਿਰ ਸਾਡਾ ਹੈ ਅਤੇ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਦੁਕਾਨਾਂ ਤੋਂ ਬਾਹਰ ਸਾਮਾਨ ਨਾ ਲਗਾਈਏ ਅਤੇ ਨਗਰ ਨਿਗਮ ਪਠਾਨਕੋਟ ਦਾ ਸਹਿਯੋਗ ਕੀਤਾ ਜਾਵੈ। ਉਨ੍ਹਾਂ ਕਿਹਾ ਕਿ ਸਹਿਰ ਨੂੰ ਸਾਫ ਰੱਖਣ ਦੇ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ।

# ਸੈਲੀ ਰੋਡ ਤੇ ਭਦਰੋਏ ਨੂੰ ਜਾਣ ਵਾਲੀ ਸੜਕ ਦੇ ਪੁਆਇੰਟ ਸਾਹਮਣੇ ਨਵਾਂ ਕੱਟ ਬਣਾਉਣ ਦੀ ਮੰਗ

ਪਠਾਨਕੋਟ (ਦਵਿੰਦਰ)

ਸੈਲੀ ਰੋਡ (ਜਥੇਦਾਰ ਕੇਸਰ ਸਿੰਘ ਮਾਰਗ) ਉਤੇ ਜੋ ਕੱਟ ਭਦਰੋਏ ਜਾਣ ਵਾਲੀ ਸੜਕ ਲਈ ਦਿੱਤਾ ਗਿਆ ਸੀ ਉਹ ਪੁਲਸ ਵੱਲੋਂ ਬੰਦ ਕਰ ਦਿੱਤਾ ਗਿਆ ਹੈ ਜਿਸ ਕਾਰਨ ਟ੍ਰੈਫਿਕ ਸਬੰਧੀ ਕਈ ਸਮੱਸਿਆਵਾਂ ਪੈਦਾ ਹੋ ਗਈਆਂ ਹਨ ।ਇਸ ਕੱਟ ਦੇ ਬੰਦ ਹੋਣ ਕਾਰਨ ਕਈ ਗੱਡੀਆਂ ਗਲਤ ਦਿਸ਼ਾ ਤੋਂ ਆਉਂਦੀਆਂ ਹਨ ਅਤੇ ਦੁਰਘਟਨਾ ਹੋਣ ਦਾ ਖਦਸ਼ਾ ਵਧ ਗਿਆ ਹੈ ।ਭਦਰੋਆ ਅਤੇ ਪਾਵਰ ਜਿਮ ਵੱਲੋਂ ਆ ਅਤੇ ਜਾ ਰਹੀ ਜਾਰੀ ਟ੍ਰੈਫਿਕ ਮੁਹੱਲਾ ਆਨੰਦ ਵਿਹਾਰ ਦੀਆਂ ਗਲੀਆਂ ਵਿੱਚੋਂ ਲੰਘਣ ਕਾਰਨ ਮੁਹੱਲਾ ਨਿਵਾਸੀਆਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ।ਆਨੰਦ ਵਿਹਾਰ ਵਿੱਚੋਂ ਲੰਘਣ ਵਾਲੀਆਂ ਗੱਡੀਆਂ ਤੇਜ਼ ਰਫਤਾਰ ਨਾਲ ਉੱਚੀ-ਉੱਚੀ ਆਵਾਜ਼ 'ਚ ਹਾਰਨਾਂ ਦਾ ਉਪਯੋਗ ਕਰਦੀਆਂ ਜਾਂਦੀਆ ਹਨ ਜੋ ਬੱਚਿਆਂ ਅਤੇ ਬਜ਼ੁਰਗਾਂ ਲਈ ਵੱਡੀ ਪ੍ਰੇਸ਼ਾਨੀ ਦਾ ਕਾਰਨ ਬਣ ਰਹੀਆਂ ਹਨ ।ਬੱਚਿਆਂ ਦੀ ਪੜ੍ਹਾਈ ਵਿੱਚ ਵੀ ਵਿਘਨ ਪੈ ਰਿਹਾ ਹੈ ।ਅਨੰਦ ਵਿਹਾਰ ਮੁਹੱਲੇ ਦੀ ਟ੍ਰੈਫਿਕ ਕਾਰਨ ਪਾਣੀ ਵਾਲੀ ਪਾਇਪ ਵੀ ਲੀਕ ਹੋਣ ਲੱਗ ਪਈ ਹੈ।ਮੁਹੱਲਾ ਨਿਵਾਸੀਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਜਾਂ ਤਾਂ ਬੰਦ ਕੀਤੇ ਗਏ ਕੱਟ ਨੂੰ ਖੋਲ੍ਹਿਆ ਜਾਵੇ ਜਾਂ ਸੈਲੀ ਰੋਡ ਤੇ ਭਦਰੋਏ ਨੂੰ ਜਾਣ ਵਾਲੀ ਸੜਕ ਦੇ ਪੁਆਇੰਟ ਦੇ ਸਾਹਮਣੇ ਨਵਾਂ ਕੱਟ ਬਣਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ।



# ਸਰਬੱਤ ਦਾ ਭਲਾ ਸਾਂਝਾ ਮੰਚ ਵੱਲੋਂ ਨਵੇਂ ਅਹੁਦੇਦਾਰਾਂ ਦਾ ਨਿਯੁਕਤੀ ਪੱਤਰ ਦੇ ਕੇ ਸਨਮਾਨ



ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)- ਸਥਾਨਿਕ ਸ਼ਹਿਰ ਅਜਨਾਲਾ ਵਿਖੇ ਸਰਬੱਤ ਦਾ ਭਲਾ ਸਾਂਝਾ ਮੰਚ ਦੇ ਆਗੂਆਂ ਤੇ ਕਾਰਕੁੰਨਾਂ ਵੱਲੋਂ ਦਫਤਰ ਸਕੱਤਰ ਹਰਦੀਪ ਸਿੰਘ ਪੁਰਬਾ, ਜ਼ਿਲ੍ਹਾ ਜਨਰਲ ਸਕੱਤਰ ਮਾਸਟਰ ਹਰਪ੍ਰੀਤ ਸਿੰਘ, ਤਹਿਸੀਲ ਪ੍ਰਧਾਨ ਬਾਬਾ ਕੁਲਵਿੰਦਰਜੀਤ ਸਿੰਘ ਤੇ ਜ਼ਿਲ੍ਹਾ ਮੀਤ ਪ੍ਰਧਾਨ ਕਸ਼ਮੀਰ ਸਿੰਘ ਲਾਡੀ ਦੇ ਸਾਂਝੇ ਉੱਦਮਾਂ ਅਤੇ ਜ਼ਿਲ੍ਹਾ ਅੰਮ੍ਰਿਤਸਰ ਦੇ ਚੇਅਰਮੈਨ ਕੰਵਲਜੀਤ ਸਿੰਘ ਸਰਾਂ ਦੀ ਪ੍ਰਧਾਨਗੀ 'ਚ ਸੰਖੇਪ ਤੇ ਪ੍ਰਭਾਵਸ਼ਾਲੀ ਸਨਮਾਨ ਸਮਾਗਮ ਕਰਵਾਇਆ ਗਿਆ ।ਇਸ ਮੌਕੇ ਮੰਚ ਦੇ ਜਥੇਬੰਦਕ ਢਾਂਚੇ ਦੇ ਕੀਤੇ ਜਾ ਰਹੇ ਵਿਸਥਾਰ ਦੀ ਲੜੀ ਤਹਿਤ ਅਸ਼ੋਕ ਕੁਮਾਰ ਰਾਣਾ ਨੂੰ ਜ਼ਿਲ੍ਹਾ ਮੀਤ ਚੇਅਰਮੈਨ, ਮਲਕੀਤ ਸਿੰਘ ਇੱਬਣ ਕਲਾਂ ਨੂੰ ਜ਼ਿਲ੍ਹਾ ਸਕੱਤਰ, ਸੰਨੀ ਅਰੋੜਾ ਨੂੰ ਜ਼ਿਲ੍ਹਾ ਸਕੱਤਰ ਜਦੋਂਕਿ ਜਰਨੈਲ ਸਿੰਘ ਬਾਠ ਨੂੰ ਤਹਿਸੀਲ ਅਜਨਾਲਾ ਦੇ ਮੀਤ ਪ੍ਰਧਾਨ, ਮਾਲਕ ਸਿੰਘ, ਕੁਲਵੰਤ ਸਿੰਘ, ਕਪਿਲ ਦੇਵ, ਅਨਿਲ ਕੁਮਾਰ ਕ੍ਰਮਵਾਰ ਚੌਹਾਂ ਨੂੰ ਤਹਿਸੀਲ ਅਜਨਾਲਾ ਦੇ ਸਕੱਤਰ ਚੁਣਨ ਉਪਰੰਤ ਉਨ੍ਹਾਂ ਨੂੰ ਨਿਯੁਕਤੀ ਪੱਤਰ ਜਾਰੀ ਕਰਨ ਤੋਂ ਬਾਅਦ ਸਿਰੋਪਾਓ ਦੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਚੇਅਰਮੈਨ ਕੰਵਲਜੀਤ ਸਿੰਘ ਸਰਾਂ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਉਨ੍ਹਾਂ ਦੇ ਮੰਚ ਵੱਲੋਂ ਸਰਹੱਦੀ ਇਲਾਕਿਆਂ 'ਚ ਨਸ਼ੇ, ਭ੍ਰਿਸ਼ਟਾਚਾਰ ਆਦਿ ਸਮਾਜ ਵਿਰੋਧੀ ਅਲਾਮਤਾਂ ਵਿਰੁੱਧ ਨਕੇਲ ਕੱਸਣ ਦੇ ਨਾਲ-ਨਾਲ ਲੋਕ ਭਲਾਈ ਲਈ ਕੀਤੇ ਜਾ ਸਾਰਥਿਕ ਯਤਨਾਂ ਸਦਕਾ ਲੋਕ ਸਮਾਜ ਸੇਵੀ ਕਾਰਜਾਂ ਲਈ ਧੜਾਧੜ ਮੰਚ ਨਾਲ ਜੁੜ ਰਹੇ ਹਨ ।ਇਸ ਮੌਕੇ ਜ਼ਿਲ੍ਹਾ ਸਕੱਤਰ ਅਜੀਤ ਸਿੰਘ, ਮਨਜੀਤ ਸਿੰਘ ਪੁਰਬਾ, ਰੋਹਿਤ ਅਜਨਾਲਾ ਬਲਕਾਰ ਸਿੰਘ, ਅਨਿਲ ਸ਼ਰਮਾ, ਸੋਨੂੰ ਅਰੋੜਾ ਆਦਿ ਹਾਜ਼ਰ ਸਨ ।

# ਮਹਿਕ ਸ਼ਰਮਾ ਦੇ ਪਰਵਾਰ ਨੂੰ ਦਿੱਤੀ ਜਾਵੇਗੀ ਆਰਥਿਕ ਮਦਦ : ਪ੍ਰਤਾਪ ਬਾਜਵਾ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਇੱਥੋਂ ਦੇ ਨੇੜਲੇ ਪਿੰਡ ਜੋਗੀ ਚੀਮਾ ਦੀ ਰਹਿਣ ਵਾਲੀ ਮਹਿਕ ਸ਼ਰਮਾ (19) ਲੰਦਨ ਜਿਸ ਨੂੰ ਉਸ ਦੇ ਪਤੀ ਸਾਹਿਲ ਸ਼ਰਮਾ ਵੱਲੋਂ ਲੰਦਨ ਵਿੱਚ 29 ਅਕਤੂਬਰ ਨੂੰ ਕਤਲ ਕਰ ਦਿੱਤਾ ਸੀ ਅਤੇ 8 ਦਸੰਬਰ 2023 ਨੂੰ ਉਸ ਦੀ ਮਿਰਤਕ ਦੇਹ ਨੂੰ ਪਿੰਡ ਵਿੱਚ ਲਿਆ ਕੇ ਸੰਸਕਾਰ ਕੀਤਾ ਗਿਆ ਸੀ । ਮਹਿਕ ਸ਼ਰਮਾ ਦੀ ਮਿਰਤਕ ਦੇਹ ਨੂੰ ਭਾਰਤ ਲਿਆਉਣ ਵਿੱਚ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦਾ ਕਾਫ਼ੀ ਅਹਿਮ ਯੋਗਦਾਨ ਰਿਹਾ ।ਉਨ੍ਹਾਂ ਪੱਤਰਕਾਰਾਂ ਨੂੰ ਦੱਸਿਆ ਕਿ ਮਹਿਕ ਸ਼ਰਮਾ ਦਾ ਸਬੰਧ ਇੱਕ ਗ਼ਰੀਬ ਪਰਵਾਰ ਤੋਂ ਸੀ। ਉਸ ਦੇ ਸਿਰ ਤੇ ਬਾਪ ਦਾ ਵੀ ਸਾਇਆ ਨਹੀਂ ਸੀ ।ਇਸ ਲਈ ਉਹ ਮਹਿਕ ਸ਼ਰਮਾ ਦੇ ਪਰਿਵਾਰ ਦੀ ਮਾਲੀ ਮਦਦ ਕਰਨਗੇ । ਉਣਾਂ ਕਿਹਾ ਕਿ ਮਹਿਕ ਸ਼ਰਮਾ ਦੀ ਮਿਰਤਕ ਦੇਹ ਲਿਆਉਣ ਲਈ ਪੰਜਾਬ ਸਰਕਾਰ ਦਾ ਫ਼ਰਜ਼ ਬਣਦਾ ਸੀ ਪਰ ਸਰਕਾਰ ਨੇ ਕੁੱਝ ਨਹੀਂ ਕੀਤਾ।ਉਨ੍ਹਾਂ ਯੂਨਾਈਟਿਡ ਸਿੱਖ ਦੀ ਨਰਪਿੰਦਰ ਕੌਰ ਦਾ ਧੰਨਵਾਦ ਕਰਦੀਆਂ ਕਿਹਾ ਕਿ ਉਹ ਵਿਦੇਸ਼ ਵਿੱਚ ਰਹਿ ਕੇ ਇਨਸਾਨੀਅਤ ਦੀ ਸੇਵਾ ਕਰ ਰਹੇ ਹਨ ।



# ਮੰਢਾਲੀ ਦਾ ਸਾਲਾਨਾ ਜੋੜ ਮੇਲਾ ਝੰਡੇ ਦੀ ਰਸਮ ਨਾਲ ਸ਼ੁਰੂ

ਮੇਹਲੀ (ਗੁਰਨਾਮ)

ਸਾਬਰ ਦਾਤਾ ਅਲੀ ਅਹਿਮਦ ਸ਼ਾਹ ਕਾਦਰੀ ਦਾ ਸਲਾਨਾ ਜੋੜ ਮੇਲਾ ਗੱਦੀਨਸ਼ੀਨ ਸਾਈਂ ਉਮਰੇ ਸ਼ਾਹ ਕਾਦਰੀ ਦੀ ਰਹਿਨੁਮਾਈ ਹੇਠ ਰੋਜ਼ਾ ਸ਼ਰੀਫ ਮੰਢਾਲੀ ਵਿਖੇ ਸ਼ੁਰੂ ਹੋਇਆ। ਇਸ ਮੌਕੇ ਸਾਈਂ ਉਮਰੇ ਸ਼ਾਹ ਕਾਦਰੀ ਗੱਦੀਨਸ਼ੀਨ ਰੋਜ਼ਾ ਸ਼ਰੀਫ ਮੰਢਾਲੀ ਅਤੇ ਸੰਗਤਾਂ ਵਲੋਂ ਝੰਡੇ ਅਤੇ ਚਿਰਾਗਾਂ ਦੀ ਰਸਮ ਅਦਾ ਕੀਤੀ ਗਈ। ਮੇਲੇ ਵਿੱਚ ਵੱਖ-ਵੱਖ ਦਰਬਾਰਾਂ ਤੋਂ ਫੱਕਰ ਰੂਹਾਂ, ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਉਪਰੰਤ ਕਵਾਲ ਪਾਰਟੀਆਂ ਵਲੋਂ ਮਹਿਫਲ ਸਜਾਈ ਗਈ। ਇਸ ਮੌਕੇ ਡਾ. ਸਤਨਾਮ ਪਰਸੋਵਾਲ, ਚਰਨਜੀਤ ਰਾਏ, ਮੁਹੰਮਦ ਆਸ਼ਿਕ ਨੀਲਾ, ਹਰਬੰਸ ਹੀਰਾ, ਸਰਪੰਚ ਬਲਜੀਤ ਸਿੰਘ ਜੀਤਾ ਕੁਲਥਮ, ਰਜਿੰਦਰ ਸ਼ਰਮਾ ਕੁਲਥਮ, ਸਰਪੰਚ ਮੀਰਾ ਸ਼ਰਮਾ ਮੰਢਾਲੀ, ਧਰਮਿੰਦਰ ਸਿੰਘ ਨੰਬਰਦਾਰ ਮੰਢਾਲੀ, ਸਾਬਕਾ ਸਰਪੰਚ ਕਮਲਜੀਤ ਕੌਰ ਮੰਢਾਲੀ, ਡਾ. ਮੋਹਣ ਲਾਲ ਬੱਧਨ, ਨੂਰ ਮੁਹੰਮਦ, ਨੀਲਮ ਸ਼ਰਮਾ, ਹਨੀ, ਮਨੀ, ਸੋਨੂੰ ਬਾਵਾ, ਰਾਜਕਰਨ ਸ਼ਰਮਾ ਕੁਲਥਮ, ਸੋਨੀ ਮੰਢਾਲੀ, ਗੋਰਾ ਚੱਕਪ੍ਰੇਮਾ, ਪੱਪੀ ਅਨੀਰ, ਸੋਨੂੰ ਜੱਸੋ-ਮਜਾਰਾ, ਬੱਬੀ ਮੰਢਾਲੀ, ਡਾ.ਜਗਦੀਸ਼ ਜੰਡਿਆਲੀ ਆਦਿ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।



# 'ਕਾਰਪੋਰੇਟ ਭਜਾਓ, ਭਾਜਪਾ ਹਰਾਓ, ਦੇਸ਼ ਬਚਾਓ' ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇਗਾ: ਆਰ ਐਮ ਪੀ ਆਈ

ਜਲੰਧਰ (ਕੇਸਰ)

ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਦੀ ਪੰਜਾਬ ਰਾਜ ਕਮੇਟੀ ਦੇ ਸਕੱਤਰੇਤ ਦੀ ਮੀਟਿੰਗ ਸਾਥੀ ਰਤਨ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਹੋਈ। ਮੌਜੂਦਾ ਕੌਮਾਂਤਰੀ ਤੇ ਕੌਮੀ ਰਾਜਨੀਤਕ ਸਥਿਤੀ ਵਿਚ ਪਾਰਟੀ ਦੀ ਸਮਝਦਾਰੀ ਮੁਤਾਬਕ ਸੇਧ ਦੇਣ ਲਈ ਕੌਮੀ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਉਚੇਚੇ ਹਾਜ਼ਰ ਹੋਏ। ਮੀਟਿੰਗ ਦੇ ਫੈਸਲੇ ਜਾਰੀ ਕਰਦਿਆਂ ਰਾਜ ਕਮੇਟੀ ਦੇ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ ਨੇ ਦੱਸਿਆ ਕਿ ਪਾਰਟੀ ਵਲੋਂ ਆਰੰਭੀ 'ਕਾਰਪੋਰੇਟ ਭਜਾਓ, ਭਾਜਪਾ ਹਰਾਓ, ਦੇਸ਼ ਬਚਾਓ' ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇਗਾ ਅਤੇ ਨਵੇਂ ਵਰੇ, 2024 'ਚ ਜਲੰਧਰ, ਸੰਗਰੂਰ ਅਤੇ ਬਠਿੰਡਾ ਵਿਖੇ ਵਿਸ਼ਾਲ ਜਨਤਕ ਰੈਲੀਆਂ ਕੀਤੀਆਂ ਜਾਣਗੀਆਂ। ਸਕੱਤਰੇਤ ਨੇ ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐਸ.ਐਸ.) ਦੇ ਹੁਕਮਾਂ ਤਹਿਤ ਭਾਰਤ ਨੂੰ ਮਨੂੰ ਸਿਮਰਤੀ ਦੇ ਧਰਮ ਆਧਾਰਤ ਕੱਟੜ ਰਾਸ਼ਟਰ 'ਚ ਤਬਦੀਲ ਕਰਨ ਲਈ ਦੇਸ਼ ਦੇ ਜਮਹੂਰੀ, ਧਰਮ ਨਿਰਪੱਖ ਤੇ ਫੈਡਰਲ ਢਾਂਚੇ ਨੂੰ ਤਬਾਹ ਕਰਨ 'ਤੇ ਤੁਲੀ ਮੋਦੀ-ਸ਼ਾਹ ਸਰਕਾਰ ਦੀਆਂ ਵੰਡਵਾਦੀ ਕੁਚਾਲਾਂ ਨੂੰ ਭਾਂਜ ਦੇਣ ਲਈ ਵਿਸ਼ਾਲ ਲੋਕ ਲਾਮਬੰਦੀ 'ਤੇ ਆਧਾਰਤ ਸੰਘਰਸ਼ ਛੇੜਨ ਦਾ ਫੈਸਲਾ ਲਿਆ ਹੈ। ਸਕੱਤਰੇਤ ਨੇ ਨੋਟ ਕੀਤਾ ਹੈ ਕਿ ਸੰਘ ਪਰਵਾਰ ਦੇ ਖਰੂਦੀ ਗ੍ਰੋਹ ਕੇਂਦਰ 'ਚ ਲਗਾਤਾਰ ਤੀਜੀ ਵਾਰੀ ਭਾਜਪਾ ਸਰਕਾਰ ਦੀ ਕਾਇਮੀ ਲਈ ਫਿਰਕੂ ਵੰਡ ਤਿੱਖੀ ਕਰਕੇ ਭਰਾ ਮਾਰੂ ਦੰਗੇ ਭੜਕਾਉਣ ਖਾਤਰ ਮੁਸਲਮਾਨਾਂ ਤੇ ਈਸਾਈਆਂ 'ਤੇ ਕਾਤਲਾਨਾ ਹਮਲੇ ਕਰ ਰਹੇ ਹਨ। ਇਸੇ ਮਕਸਦ ਲਈ ਹੀ ਆਰ.ਐਸ.ਐਸ. ਦੇ ਵਿਰੋਧੀਆਂ ਤੇ ਮੋਦੀ ਸਰਕਾਰ ਦੇ ਨੀਤੀ ਚੌਖਟੇ ਦੇ ਆਲੋਚਕ ਪ੍ਰਗਤੀਸ਼ੀਲ ਸੰਗਠਨਾਂ ਤੇ ਬੁੱਧੀਜੀਵੀਆਂ ਨੂੰ ਹਕੂਮਤੀ ਜਬਰ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਸੰਘੀ ਬੁਰਛਾਗਰਦ ਦਲਿਤਾਂ ਅਤੇ ਇਸਤਰੀਆਂ ਨੂੰ ਜ਼ੁਲਮਾਂ ਦਾ ਸ਼ਿਕਾਰ ਬਣਾ ਰਹੇ ਹਨ। 'ਧਰਮ ਅਧਾਰਤ ਰਾਜ' ਅੰਦਰ ਦੇਸ਼ ਦਾ ਬਹੁ ਗਿਣਤੀ ਹਿੰਦੂ ਭਾਈਚਾਰਾ ਵੀ ਵੱਡੀਆਂ ਆਰਥਿਕ ਮੁਸ਼ਕਿਲਾਂ 'ਚ ਹੀ ਨਹੀਂ ਘਿਰੇਗਾ, ਬਲਕਿ ਅਸਹਿਣਸ਼ੀਲਤਾ ਹਿੰਸਾ ਤੇ ਅਰਾਜਕਤਾਵਾਦੀ ਮਹੌਲ ਦਾ ਸ਼ਿਕਾਰ ਹੋ ਕੇ ਬੇਚੈਨ ਜੀਵਨ ਜਿਊਣ ਲਈ ਮਜਬੂਰ ਹੋਵੇਗਾ। ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਦੀ ਡੂੰਘਾਈ ਨਾਲ ਪੁਣਛਾਣ ਕਰਦਿਆਂ ਸਕੱਤਰੇਤ ਨੇ ਕਿਹਾ ਹੈ ਕਿ ਸੰਘ-ਭਾਜਪਾ ਦੀ ਜ਼ਹਿਰੀਲੀ, ਵੰਡਵਾਦੀ ਵਿਚਾਰਧਾਰਾ, ਫਿਰਕੂ-ਫਾਸ਼ੀ ਏਜੰਡੇ ਅਤੇ ਵੱਖ ਵੱਖ ਨਾਵਾਂ 'ਤੇ ਆਰ.ਐਸ.ਐਸ. ਦੇ ਵੱਖ ਵੱਖ ਸੰਗਠਨਾਂ ਦੇ ਮੱਕੜ ਜਾਲ ਨੂੰ ਮਾਤ ਦੇਣ ਲਈ ਭਾਜਪਾ ਵਿਰੋਧੀ ਰਾਜਸੀ ਦਲਾਂ ਦੇ ਗੱਠਜੋੜ 'ਇੰਡੀਆ' ਦੇ ਆਗੂਆਂ ਨੂੰ ਗੰਭੀਰ ਆਤਮ ਮੰਥਨ ਕਰਨਾ ਚਾਹੀਦਾ ਹੈ। ਸਕੱਤਰੇਤ ਦੀ ਰਾਇ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਨੂੰ ਕੇਂਦਰੀ ਸੱਤਾ ਤੋਂ ਚਲਦਾ ਕਰਨ ਲਈ ਭਾਜਪਾ ਵਿਰੋਧੀ ਦਲਾਂ ਨੂੰ ਹਰ ਕਿਸਮ ਦੇ ਸੌੜੇ ਸਿਆਸੀ ਹਿਤਾਂ ਅਤੇ ਹਉਮੈ ਦਾ ਤਿਆਗ ਕਰਦਿਆਂ ਫੌਲਾਦੀ ਏਕਤਾ ਕਾਇਮ ਕਰਨੀ ਹੋਵੇਗੀ। ਸਕੱਤਰੇਤ ਨੇ ਕਾਰਪੋਰੇਟ ਤੇ ਸਾਮਰਾਜੀ ਲੋਟੂਆਂ ਅਤੇ ਬਹੁਕੌਮੀ ਕਾਰਪੋਰੇਸ਼ਨਾਂ ਦੇ ਹਿਤ ਪੂਰਨ ਲਈ ਘੜੀਆਂ ਗਈਆਂ ਨਵ ਉਦਾਰਵਾਦੀ ਨੀਤੀਆਂ ਨੂੰ ਰੱਦ ਕਰਵਾਉਣ ਲਈ ਜਨਤਕ ਘੋਲ ਵਿੱਢਣ ਦਾ ਵੀ ਨਿਰਣਾ ਲਿਆ ਹੈ। ਸਕੱਤਰੇਤ ਨੇ ਸੂਬੇ ਦੀ ਮਾਨ ਸਰਕਾਰ ਦੀ ਘੋਰ ਪ੍ਰਸ਼ਾਸਨਿਕ ਅਸਫਲਤਾ ਦੇ ਨਤੀਜੇ ਵਜੋਂ ਦਿਨੋ-ਦਿਨ ਨਿੱਘਰਦੀ ਜਾ ਰਹੀ ਅਮਨ-ਕਾਨੂੰਨ ਦੀ ਅਵਸਥਾ, ਹਾਕਮ ਦਲ ਦੀ ਮਿਲੀਭੁਗਤ ਨਾਲ ਮਜ਼ਬੂਤ ਹੁੰਦੇ ਜਾ ਰਹੇ ਨਸ਼ਾ ਤਸਕਰੀ ਦੇ ਜਾਨਲੇਵਾ ਤੰਦੂਆ ਜਾਲ, ਰੇਤ-ਬਜਰੀ ਮਾਫੀਆ ਦੀ ਹੱਦਾਂ-ਬੰਨੇ ਟੱਪ ਚੁੱਕੀ ਲੁੱਟ-ਖਸੁੱਟ, ਅਪਰਾਧੀ ਗ੍ਰੋਹਾਂ ਵਲੋਂ ਬੇਖ਼ੌਫ ਕੀਤੀਆਂ ਜਾ ਰਹੀਆਂ ਕਤਲੋਗ਼ਾਰਤ ਤੇ ਲੁੱਟ-ਖੋਹ ਦੀਆਂ ਹੌਲਨਾਕ ਵਾਰਦਾਤਾਂ, ਮਿਹਨਤੀ ਵਰਗਾਂ ਦੇ ਵੱਖੋ-ਵੱਖ ਸੰਗਠਨਾਂ ਦੇ ਹੱਕੀ ਘੋਲਾਂ ਪ੍ਰਤੀ ਧਾਰੀ ਬੇਰੁਖੀ ਤੇ ਜਾਬਰ ਹੱਥਕੰਡਿਆਂ, ਮਹਿੰਗੀ ਇਸ਼ਤਿਹਾਰਬਾਜ਼ੀ ਰਾਹੀਂ ਅਤੇ ਦੂਜਿਆਂ ਸੂਬਿਆਂ 'ਚ ਚੋਣ ਲਾਭ ਹਾਸਲ ਕਰਨ ਲਈ ਬੇਕਿਰਕੀ ਨਾਲ ਕੀਤੀ ਜਾ ਰਹੀ ਸੂਬੇ ਦੇ ਖਜ਼ਾਨੇ ਦੀ ਦੁਰਵਰਤੋਂ ਅਤੇ ਇਸ ਵਲੋਂ ਲਾਗੂ ਕੀਤੀਆਂ ਜਾ ਰਹੀਆਂ ਮੋਦੀ ਵਾਲੀਆਂ ਹੀ ਨੀਤੀਆਂ ਵਿਰੁੱਧ ਘੋਲ ਪ੍ਰਚੰਡ ਕਰਨ ਦਾ ਨਿਰਣਾ ਲਿਆ ਹੈ। ਆਰੰਭ ਵਿਚ ਇਜ਼ਰਾਇਲੀ ਹਮਲੇ ਵਿਚ ਮਾਰੇ ਗਏ ਨਿਰਦੋਸ਼ ਫਲਸਤੀਨੀ ਨਾਗਰਿਕਾਂ ਅਤੇ ਸਦੀਵੀ ਵਿਛੋੜਾ ਦੇ ਗਏ ਮਿਸਾਲੀ ਯੁੱਧ ਸਾਥੀਆਂ ਟੀ.ਆਰ. ਗੌਤਮ ਤੇ ਸ਼ਿੰਗਾਰਾ ਸਿੰਘ ਦੁਸਾਂਝ ਕਲਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

# ਇੰਜ. ਜਤਿੰਦਰ ਸ਼ਰਮਾ ਨੇ ਬਤੌਰ ਐੱਸ ਡੀ ਓ ਅਹੁਦਾ ਸੰਭਾਲਿਆ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਪਾਵਰਕਾਮ ਦਫਤਰ ਗੁਰਦਾਸਪੁਰ ਤੋਂ ਬਦਲ ਕੇ ਆਏ ਇੰਜ. ਜਤਿੰਦਰ ਸ਼ਰਮਾ ਨੇ ਪਾਵਰਕਾਮ ਉਪ ਮੰਡਲ ਦਫਤਰ ਧਾਰੀਵਾਲ ਦਾ ਬਤੌਰ ਐੱਸਡੀਓ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਗੱਲਬਾਤ ਕਰਦਿਆਂ ਐੱਸਡੀਓ ਇੰਜ.ਜਤਿੰਦਰ ਸ਼ਰਮਾ ਨੇ ਕਿਹਾ ਕਿ ਸਬ ਡਿਵੀਜ਼ਨ ਧਾਰੀਵਾਲ ਨਾਲ ਸਬੰਧਿਤ ਬਿਜਲੀ ਖਪਤਕਾਰਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਦੇਣ ਨੂੰ ਪਹਿਲ ਦੇਣਗੇ ਅਤੇ ਖਪਤਕਾਰਾਂ ਨੂੰ ਕਿਸੇ ਕਿਸਮ ਦੀ ਕੋਈ ਮੁਸ਼ਕਲ ਨਹੀ ਆਉਣ ਦੇਣਗੇ। ਉਨ੍ਹਾਂ ਕਿਹਾ ਜੇ ਕਿਸੇ ਖਪਤਕਾਰ ਨੂੰ ਪਾਵਰਕਾਮ ਉਪ ਮੰਡਲ ਦਫਤਰ ਨਾਲ ਸਬੰਧਿਤ ਕੰਮ ਕਰਵਾਉਣ ਵਿਚ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਉਹ ਸਿੱਧੇ ਤੌਰ 'ਤੇ ਦਫਤਰ ਵਿੱਚ ਡਿਊਟੀ ਦੌਰਾਨ ਉਨ੍ਹਾਂ ਨੂੰ ਮਿਲ ਸਕਦੇ ਹਨ। ਉਨ੍ਹਾਂ ਨੇ ਦਫਤਰ ਸਟਾਫ ਨੂੰ ਹਦਾਇਤ ਕੀਤੀ ਕਿ ਉਹ ਸਮੇਂ ਸਿਰ ਡਿਊਟੀ ਤੇ ਹਾਜ਼ਰ ਹੋਣ ਅਤੇ ਦਫਤਰ ਆਉਂਦੇ ਖਪਤਕਾਰਾਂ ਦਾ ਕੰਮ ਪਹਿਲ ਦੇ ਅਧਾਰ 'ਤੇ ਕੀਤਾ ਜਾਵੇ।



# ਬੱਚਿਆਂ ਨੂੰ ਘਰ-ਘਰ ਜਾ ਕੇ ਪਿਲਾਈਆਂ ਪੋਲੀਓ ਰੋਕੂ ਬੂੰਦਾਂ

ਚੋਹਲਾ ਸਾਹਿਬ (ਰਮਨ ਚੱਢਾ)

ਡਿਪਟੀ ਕਮਿਸ਼ਨਰ ਤਰਨ ਤਾਰਨ ਸੰਦੀਪ ਕੁਮਾਰ, ਸਿਵਲ ਸਰਜਨ ਡਾਕਟਰ ਗੁਰਪ੍ਰੀਤ ਰਾਏ, ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਵਰਿੰਦਰਪਾਲ ਕੌਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਅੱਜ ਸੀਐੱਚਸੀ ਸਰਹਾਲੀ ਅਧੀਨ ਆਉਂਦੇ 53 ਪਿੰਡਾਂ ਵਿੱਚ ਅੱਜ ਤੀਸਰੇ ਦਿਨ ਪਲਸ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਗਈਆਂ। ਸੀਨੀਅਰ ਮੈਡੀਕਲ ਅਫਸਰ ਡਾਕਟਰ ਜਤਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਸੀਐੱਚਸੀ ਸਰਹਾਲੀ ਅਧੀਨ ਆਉਂਦੇ ਪਿੰਡਾ ਵਿੱਚ 12 ਦਸੰਬਰ ਤਕ 0 ਤੋਂ 5 ਸਾਲ ਦੇ 10,398 ਬੱਚਿਆਂ ਨੂੰ ਪੋਲੀਓ ਬੂੰਦਾਂ ਪਿਆਈਆਂ ਜਾ ਚੁੱਕੀਆਂ ਹਨ। ਉਨ੍ਹਾਂ ਦੱਸਿਆ ਕਿ ਸੀਐੱਚਸੀ ਸਰਹਾਲੀ ਵੱਲੋਂ 0 ਤੋਂ 5 ਸਾਲ ਦੇ ਬੱਚਿਆਂ ਨੂੰ ਪੋਲੀਓ ਬੂੰਦਾਂ ਰੋਕੂ ਪਿਆਉਣ ਲਈ 62 ਟੀਮਾਂ ਦਾ ਗਠਨ ਕੀਤਾ ਗਿਆ ਹੈ ਜਦਕਿ ਝੁੱਗੀ ਝੌਂਪੜੀ, ਭੱਠਿਆਂ ਵਿੱਚ 6 ਮੋਬਾਈਲ ਟੀਮਾਂ ਵੱਲੋਂ ਪੋਲੀਓ ਬੂੰਦਾਂ ਪਿਆਈਆਂ ਗਈਆਂ ਹਨ। ਇਸ ਮੌਕੇ ਹਰਦੀਪ ਸਿੰਘ ਬੀਈਈ ਨੇ ਦੱਸਿਆ ਕਿ ਅੱਜ ਤੀਸਰੇ ਦਿਨ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਝੁੱਗੀਆਂ, ਭੱਠਿਆਂ ਤੇ ਜਾ ਕੇ 1600 ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਆਈਆਂ ਗਈਆਂ ਹਨ ਅਤੇ ਟੀਮਾਂ ਵੱਲੋਂ ਘਰ ਘਰ ਜਾ ਕੇ ਪੋਲੀਓ ਬੂੰਦਾਂ ਪਿਆਈਆਂ ਗਈਆਂ ਹਨ। ਇਸ ਮੌਕੇ ਕਵਲਜੀਤ ਕੌਰ ਸਟਾਫ ਨਰਸ, ਅਮਨਦੀਪ ਕੌਰ ਸਟਾਫ ਨਰਸ, ਵਿਸ਼ਾਲ ਕੁਮਾਰ ਬੀਐੱਸਏ, ਮਨਦੀਪ ਸਿੰਘ ਆਈਏ, ਸੀਨੀਅਰ ਸਹਾਇਕ ਨਰਿੰਦਰ ਸਿੰਘ, ਕਰਨਜੀਤ ਸਿੰਘ ਪੰਨੂ ਕਲਰਕ, ਫਾਰਮੇਸੀ ਅਫਸਰ ਜਸਕੀਰਤ ਸਿੰਘ, ਐੱਸਆਈ ਸਤਨਾਮ ਸਿੰਘ ਮੁੰਡਾ ਪਿੰਡ, ਹੈਲਥ ਇੰਸਪੈਕਟਰ ਬਿਹਾਰੀ ਲਾਲ ਅਤੇ ਸੀਐੱਚਸੀ ਸਰਹਾਲੀ ਦਾ ਸਮੂਹ ਸਟਾਫ ਹਾਜ਼ਰ ਸੀ।



# ਸਿੰਥੈਟਿਕ/ਪਲਾਸਟਿਕ ਦੀ ਡੋਰ ਨੂੰ ਵੇਚਣ, ਸਟੋਰ ਤੇ ਵਰਤੋਂ ਕਰਨ 'ਤੇ ਮੁਕੰਮਲ ਪਾਬੰਦੀ

ਗੁਰਦਾਸਪੁਰ, (ਜਨਕ ਮਹਾਜਨ)-ਸੁਭਾਸ਼ ਚੰਦਰ ਪੀਸੀਐੱਸ ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਨੇ ਫ਼ੌਜਦਾਰੀ ਜ਼ਾਬਤਾ 1973 ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਗੁਰਦਾਸਪੁਰ ਵਿੱਚ ਪਤੰਗ/ਗੁੱਡੀਆਂ ਉਡਾਉਣ ਲਈ ਸਿੰਥੈਟਿਕ/ਪਲਾਸਟਿਕ ਦੀ ਡੋਰ ਨੂੰ ਵੇਚਣ, ਸਟੋਰ ਕਰਨ ਅਤੇ ਇਸ ਦੀ ਵਰਤੋਂ ਕਰਨ 'ਤੇ ਮੁਕੰਮਲ ਤੌਰ 'ਤੇ ਪਾਬੰਦੀ ਲਗਾ ਦਿੱਤੀ ਹੈ। ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਸੁਭਾਸ਼ ਚੰਦਰ ਨੇ ਇਹ ਪਾਬੰਦੀ ਲਗਾਉਣ ਮੌਕੇ ਕਿਹਾ ਕਿ ਸਿੰਥੈਟਿਕ/ਪਲਾਸਟਿਕ ਦੀ ਡੋਰ ਬਹੁਤ ਮਜ਼ਬੂਤ, ਨਾ ਗਲਣਯੋਗ ਅਤੇ ਨਾ ਹੀ ਟੁੱਟਣਯੋਗ ਹੈ। ਇਸ ਨਾਲ ਸਾਈਕਲ, ਸਕੂਟਰ ਅਤੇ ਮੋਟਰਸਾਈਕਲ, ਸਕੂਟਰ ਚਾਲਕਾਂ ਦੇ ਗਲੇ ਅਤੇ ਕੰਨ ਕੱਟੇ ਜਾਂਦੇ ਹਨ, ਉੱਡਦੇ ਪੰਛੀ ਫਸ ਜਾਣ 'ਤੇ ਉਨ੍ਹਾਂ ਦੇ ਮਰਨ ਬਾਰੇ ਵੀ ਕਾਫੀ ਘਟਨਾਵਾਂ ਵਾਪਰਦੀਆਂ ਹਨ। ਇਸ ਤਰ੍ਹਾਂ ਇਹ ਡੋਰ ਜਦੋਂ ਪਤੰਗ ਉਡਾਉਣ ਲਈ ਵਰਤੀ ਜਾਂਦੀ ਹੈ ਤਾਂ ਇਹ ਰਾਹਗੀਰਾਂ ਅਤੇ ਪੰਛੀਆਂ ਲਈ ਘਾਤਕ ਸਿੱਧ ਹੁੰਦੀ ਹੈ। ਇਸ ਲਈ ਇਸ ਡੋਰ 'ਤੇ ਪਾਬੰਦੀ ਲਗਾਉਣੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਪਾਬੰਦੀ ਦਾ ਇਹ ਹੁਕਮ ਜ਼ਿਲ੍ਹਾ ਗੁਰਦਾਸਪੁਰ ਵਿੱਚ 17 ਨਵੰਬਰ 2023 ਤੋਂ 15 ਜਨਵਰੀ 2024 ਤੱਕ ਲਾਗੂ ਰਹੇਗਾ। ਇਨ੍ਹਾਂ ਮਨਾਹੀ ਦੇ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਭਾਈ ਗੁਰਦਾਸ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਲੱਖਣ ਕਲਾਂ ਦਾ ਸਾਲਾਨਾ ਇਨਾਮ ਵੰਡ ਤੇ ਸੱਭਿਆਚਾਰਕ ਪ੍ਰੋਗਰਾਮ

ਕਲਾਨੌਰ (ਮਨਦੀਪ ਕੋਹਲੀ)-ਕਲਾਨੌਰ ਇਲਾਕੇ ਵਿੱਚ ਵਿੱਦਿਆ ਦੇ ਖੇਤਰ ਵਿੱਚ ਚਾਨਣ ਮੁਨਾਰਾ ਬਣੇ ਭਾਈ ਗੁਰਦਾਸ ਸੀਨੀਅਰ ਸੈਕੰਡਰੀ ਸਕੂਲ ਲੱਖਣ ਕਲਾਂ ਵਿੱਚ ਐੱਮਡੀ ਬਲਬੀਰ ਸਿੰਘ ਕਾਹਲੋਂ ਅਤੇ ਪ੍ਰਿੰਸੀਪਲ ਮੈਡਮ ਬਲਜਿੰਦਰ ਕੌਰ ਕਾਹਲੋਂ ਦੀ ਅਗਵਾਈ ਵਿੱਚ ਸਾਲਾਨਾ ਇਨਾਮ ਵੰਡ ਅਤੇ ਸੱਭਿਆਚਾਰਕ ਪ੍ਰੋਗਰਾਮ ਬੜੀ ਧੂਮਧਾਮ ਨਾਲ ਕਰਵਾਇਆ ਗਿਆ ।

ਸਮਾਗਮ ਵਿੱਚ ਪ੍ਰਿੰਸੀਪਲ ਮੈਡਲ ਦੇ ਗੁਰੂ ਪਿਤਾ ਅਤੇ ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲ ਦੇ ਡਾਇਰੈਕਟਰ ਸਵਰਨ ਸਿੰਘ ਵਿਰਕ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਸਮਾਗਮ ਦੀ ਸ਼ੁਰੂਆਤ ਸਕੂਲ ਦੇ ਵਿਦਿਆਰਥੀਆਂ ਵੱਲੋਂ ਧੰਨ ਧੰਨ ਰਾਮਦਾਸ ਜੀ ਚੌਥੀ ਪਾਤਸ਼ਾਹੀ ਅਤੇ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲੀ ਪਾਤਸ਼ਾਹੀ ਬਾਰੇ ਵੱਡਮੁੱਲੀ ਜਾਣਕਾਰੀ ਦੇ ਕੇ ਕੀਤੀ ਗਈ ।ਸਮਾਗਮ ਦੌਰਾਨ ਨਰਸਰੀ ਅਤੇ ਐੱਲ. ਕੇ. ਜੀ. ਦੇ ਵਿਦਿਆਰਥੀਆਂ ਵੱਲੋਂ ਨੰਨੇ ਫਰਿਸ਼ਤੇ ਗਰੁੱਪ ਡਾਂਸ ਪੇਸ਼ ਕੀਤਾ ਗਿਆ ।ਤੀਜੀ ਜਮਾਤ ਦੀਆਂ ਵਿਦਿਆਰਥਣਾਂ ਦਾ ਸੋਲੋ ਡਾਂਸ ਖਿੱਚ ਦਾ ਕੇਂਦਰ ਬਣਿਆ ।ਸਕੂਲ ਦੀ ਹਰਮਨ ਵੱਲੋਂ ਆਪਣੇ ਸਾਥੀਆਂ ਸਮੇਤ ਸਮੂਹ ਡਾਂਸ ਪੇਸ਼ ਕੀਤਾ ਗਿਆ ।ਸਮਾਗਮ ਦੌਰਾਨ ਹੈੱਡ ਗਰਲਜ਼ ਹਰਪ੍ਰੀਤ, ਹੈਰੀ, ਹਰਨੂਰ ਅਤੇ ਹਰਦੀਪ ਵੱਲੋਂ ਪੇਸ਼ ਕੀਤੇ ਦੋਗਾਣੇ ਪ੍ਰੋਗਰਾਮ ਨੇ ਸਾਰਿਆਂ ਦਾ ਮਨ ਮੋਹ ਲਿਆ ।ਇਸ ਤੋਂ ਬਾਅਦ ਸ਼ਹਿਨਾਜ਼ ਕਾਹਲੋਂ ਨੇ ਮਹਿਮਾਨ ਡਾਂਸ ਪੇਸ਼ ਕਰਕੇ ਸਾਰਿਆਂ ਦਾ ਮਨ ਮੋਹ ਲਿਆ।ਸਮਾਗਮ ਦੌਰਾਨ ਪ੍ਰਿੰਸੀਪਲ ਬਲਜਿੰਦਰ ਕੌਰ ਕਾਹਲੋਂ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਜਿੱਥੇ ਮਾਪੇ ਆਪਣੇ ਧੀਆਂ-ਪੁੱਤਰਾਂ ਦੀ ਸਿੱਖਿਆ ਅਤੇ ਕਾਮਯਾਬੀ 'ਚ ਯੋਗਦਾਨ ਪਾਉਂਦੇ ਹਨ, ਉਥੇ ਹੀ ਬੱਚਿਆਂ ਦਾ ਵੀ ਇਹ ਫਰਜ਼ ਬਣਦਾ ਹੈ ਕਿ ਉਹ ਵੱਡੇ ਹੋ ਕੇ ਆਪਣੇ ਮਾਤਾ-ਪਿਤਾ ਦਾ ਆਦਰ-ਸਤਿਕਾਰ ਕਰਨ 'ਚ ਸਹਾਰਾ ਬਣਨ। ਬੁਢਾਪਾ. ਸਮਾਗਮ ਦੌਰਾਨ ਸਕੂਲ ਵਿੱਚ ਗਤੀਵਿਧੀਆਂ ਕਰਵਾਉਣ ਲਈ ਪ੍ਰਿੰਸੀਪਲ ਵੱਲੋਂ ਬਣਾਏ ਗਏ ਚਾਰ ਹਾਊਸਾਂ ਵਿੱਚੋਂ ਪਹਿਲੇ ਸਥਾਨ 'ਤੇ ਰਹੇ ਗ੍ਰੀਨ ਹਾਊਸ ਨੂੰ 25 ਹਜ਼ਾਰ ਰੁਪਏ ਅਤੇ ਟਰਾਫੀ, ਦੂਜੇ ਸਥਾਨ 'ਤੇ ਰਹੇ ਯੈਲੋ ਹਾਊਸ ਨੂੰ 23 ਹਜ਼ਾਰ ਰੁਪਏ ਅਤੇ ਬਲੂ ਹਾਊਸ ਨੂੰ ਟਰਾਫੀ ਦਿੱਤੀ ਗਈ ।ਤੀਜੇ ਸਥਾਨ 'ਤੇ ਰਹਿਣ ਵਾਲੇ ਰੈੱਡ ਹਾਊਸ ਨੂੰ 21,000 ਰੁਪਏ ਦੀ ਇਨਾਮੀ ਰਾਸ਼ੀ ਦਿੱਤੀ ਗਈ ।



ਪ੍ਰਿੰਸੀਪਲ ਨੇ ਦੱਸਿਆ ਕਿ ਇਨ੍ਹਾਂ ਚਾਰਾਂ ਹਾਊਸਾਂ ਨੇ ਸਕੂਲ ਵਿਚ ਗਤੀਵਿਧੀਆਂ ਦੌਰਾਨ ਆਪਣੀਆਂ ਪੇਸ਼ਕਾਰੀਆਂ ਦੇ ਕੇ ਅੰਕ ਪ੍ਰਾਪਤ ਕੀਤੇ ਸਨ ਅਤੇ ਇਨ੍ਹਾਂ ਘਰਾਂ ਦੇ ਅੰਕਾਂ ਅਨੁਸਾਰ ਹੀ ਇਨ੍ਹਾਂ ਦੀ ਚੋਣ ਕੀਤੀ ਗਈ। ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਅਤੇ ਐੱਮ. ਡੀ. ਨੇ ਮੁੱਖ ਮਹਿਮਾਨ ਸਵਰਨ ਸਿੰਘ ਵਿਰਕ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ, ਜਦਕਿ ਮੁੱਖ ਮਹਿਮਾਨ ਨੇ ਪ੍ਰਿੰਸੀਪਲ ਮੈਡਮ ਦਾ ਜੈਵਿਕ ਖੇਤੀ ਤੋਂ ਤਿਆਰ ਗੁੜ, ਕਣਕ ਅਤੇ ਚੌਲ ਦੇ ਕੇ ਧੰਨਵਾਦ ਕੀਤਾ ਅਤੇ ਸਭ ਨੂੰ ਇਸ ਬਾਰੇ ਜਾਗਰੂਕ ਕੀਤਾ ।ਮੁੱਖ ਮਹਿਮਾਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਹਰ ਬੱਚੇ ਦੀ ਸਹੀ ਪਰਵਰਿਸ਼ ਕਰਕੇ ਉਸ ਦੀ ਤਕਦੀਰ ਬਦਲੀ ਜਾ ਸਕਦੀ ਹੈ ।ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ, ਪੜ੍ਹੋ, ਵਿਚਾਰੋ ।ਜੋ ਪੜ੍ਹਦੇ, ਸੋਚਦੇ ਅਤੇ ਸਿਮਰਦੇ ਹਨ ਉਹ ਸਫਲ ਹੋ ਜਾਂਦੇ ਹਨ ।

ਇਸ ਮੌਕੇ ਮੈਡਮ ਸੁਖਜੀਤ ਕੌਰ, ਮੈਡਮ ਪ੍ਰੀਆ, ਰਜਿੰਦਰ ਸਿੰਘ, ਐੱਸ. ਪੀ. ਸਿੰਘ, ਮਨਜਿੰਦਰ ਪਾਲ ਸਿੰਘ, ਗਗਨਦੀਪ, ਸਤਨਾਮ ਸਿੰਘ, ਜਗਬੀਤ ਕੌਰ, ਰੁਪਿੰਦਰ ਕੌਰ, ਰਣਜੀਤ ਕੌਰ, ਕੁਲਬੀਰ ਕੌਰ, ਪ੍ਰਭਜੋਤ ਕੌਰ, ਸੁਖਵਿੰਦਰ ਕੌਰ, ਜਗਰੂਪ ਕੌਰ, ਪਰਮਜੀਤ ਕੌਰ, ਰਣਜੀਤ ਕੌਰ, ਰਮਨ. ਕੌਰ, ਪ੍ਰੀਤ, ਹਰਜੀਤ ਕੌਰ, ਗੁਰਜੀਤ ਸਿੰਘ, ਨਵਦੀਪ ਕੌਰ, ਸ਼ਰਨਦੀਪ ਕੌਰ, ਕਿਰਨਬੀਰ ਕੌਰ, ਕਿਰਨਦੀਪ ਕੌਰ, ਸਕੂਲ ਦੇ ਅਧਿਆਪਕਾਂ ਤੋਂ ਇਲਾਵਾ ਵਿਦਿਆਰਥੀਆਂ ਦੇ ਮਾਪੇ ਅਤੇ ਇਲਾਕੇ ਦੇ ਪਤਵੰਤੇ ਵੀ ਹਾਜ਼ਰ ਸਨ ।

# ਸਰਹਾਲ ਨੇ ਧਾਰਮਿਕ ਸਥਾਨਾਂ ਦੀ ਯਾਤਰਾ ਲਈ ਬੱਸ ਨੂੰ ਹਰੀ ਝੰਡੀ ਦੇ ਕੇ ਕੀਤਾ ਰਵਾਨਾ

ਨਵਾਂਸ਼ਹਿਰ, ਬਹਿਰਾਮ (ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆ, ਅਵਤਾਰ ਕਲੇਰ)-ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਬੰਗਾ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਤਲਬੰਡੀ ਸਾਬੋ ਲਈ 43 ਸ਼ਰਧਾਲੂਆਂ ਦੀ ਇਕ ਵਾਲਬੋ ਬੱਸ ਨੂੰ ਪੰਜਾਬ ਵਾਟਰ ਰਿਸੋਰਸਿਜ਼ ਮੈਨੇਜਮੈਂਟ ਅਤੇ ਡਿਵੈਲਪਮੈਂਟ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ ਅਤੇ ਹਲਕਾ ਇੰਚਾਰਜ ਬੰਗਾ ਕੁਲਜੀਤ ਸਿੰਘ ਸਰਹਾਲ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ।ਇਸ ਦੌਰਾਨ ਹਲਕਾ ਇੰਚਾਰਜ ਬੰਗਾ ਕੁਲਜੀਤ ਸਿੰਘ ਸਰਹਾਲ ਨੇ ਕਿਹਾ ਕਿ ਸੂਬਾ ਸਰਕਾਰ ਵਲੋਂ ਮੁੱਖ ਮੰਤਰੀ ਤੀਰਥ ਯਾਤਰਾ ਸ਼ੁਰੂ ਕੀਤੀ ਗਈ ਹੈ ਜਿਸ ਤਹਿਤ ਵੱਖ-ਵੱਖ ਤੀਰਥ ਸਥਾਨਾਂ ਦੀ ਯਾਤਰਾ ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਇਕ ਵਾਲਬੋ ਬੱਸ ਜਿਸ ਵਿੱਚ 43 ਸ਼ਰਧਾਲੂ ਹਨ ਸ੍ਰੀ ਅੰਮ੍ਰਿਤਸਰ ਅਤੇ ਤਲਵੰਡੀ ਸਾਬੋ ਭੇਜੀ ਗਈ ਹੈ।ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਬੰਗਾ ਬਲਵੀਰ ਕਰਨਾਣਾ, ਅਮਰਦੀਪ ਬੰਗਾ, ਸਾਗਰ ਅਰੋੜਾ, ਨਰਿੰਦਰ ਰੱਤੂ, ਸੁਰਿੰਦਰ ਘਈ, ਬਲਿਹਾਰ ਮਾਨ, ਪਲਵਿੰਦਰ ਮਾਨ, ਕੁਲਵੀਰ ਪਾਬਲਾ, ਬਲਵੀਰ ਪਾਬਲਾ, ਨਰਿੰਦਰ ਭਰੋਮਜਾਰਾ, ਰਜਿੰਦਰ ਕਟਾਰੀਆਂ, ਇੰਦਰਜੀਤ, ਸਤਨਾਮ ਝਿੱਕਾ, ਸੁਰਿੰਦਰ ਢੀਂਡਸਾ, ਜਗਜੀਤ ਬਲਾਕੀਪੁਰ, ਗੁਰਚੇਤਨ ਸਿੰਘ ਗੜ੍ਹੀ, ਗੁਰਨਾਮ ਸਕੋਹਪੁਰ, ਲਸ਼ਮਣ ਗੜ੍ਹੁੱਪੜ, ਹਰਬੰਸ ਸਿੰਘ ਨਾਮਧਾਰੀ, ਲਖਵੀਰ ਸਿੰਘ ਨੰਬਰਦਾਰ, ਦਲਜੀਤ ਖਟਕੜ, ਰਣਜੀਤ ਖਟਕੜ, ਸੋਮਨਾਥ ਬੰਗੜ, ਗੌਰਵ ਕੁਮਾਰ, ਲਖਵੀਰ ਸਿੰਘ ਨੰਬਰਦਾਰ, ਜੀ. ਐਮ. ਰੋਡਵੇਜ਼ ਜਸ਼ਨਪ੍ਰੀਤ ਸਿੱਧੂ,ਐਸ.ਡੀ ਓ. ਕ੍ਰਿਸ਼ਨ ਦੁੱਗਲ, ਸੁਪਰਡੈਂਟ ਐਸ.ਡੀ.ਐਮ. ਬਲਦੇਵ ਸਿੰਘ ਭਾਰੀ ਗਿਣਤੀ ਵਿੱਚ ਸ਼ਰਧਾਲੂ ਮੌਜੂਦ ਸਨ।



# ਕੇਂਦਰ ਸਰਕਾਰ ਦੀਆਂ ਸਕੀਮਾਂ ਸੰਬੰਧੀ ਜਾਗਰੂਕਤਾ ਵੈਨ ਪਿੰਡਾਂ 'ਚ ਪੁੱਜੀ



**ਭਲਾਣ (ਹਰਜਨ ਢਿੱਲੋਂ)** ਹਮਾਰਾ ਸੰਕਲਪ, ਵਿਕਸਿਤ ਭਾਰਤ ਤਹਿਤ ਲੋਕਾਂ ਨੂੰ ਕੇਂਦਰ ਸਰਕਾਰ ਦੀਆਂ ਸਕੀਮਾਂ ਨਾਲ ਜੋੜਨ ਅਤੇ ਜਾਗਰੂਕ ਕਰਨ ਲਈ ਵੈਨ ਛੋਟੋਵਾਲ, ਗੋਹਲਣੀ ਅਤੇ ਕੁਲਗਰਾਂ ਆਦਿ ਪਿੰਡਾਂ ਵਿਖੇ ਪਹੁੰਚੀ। ਇਸ ਦੀ ਜਾਣਕਾਰੀ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅਜੀਵ ਸਿੰਘ ਲਾਲਪੁਰਾ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਵੈਨ ਰਾਹੀਂ ਕੇਂਦਰ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਨਾਲ ਪਿੰਡਾਂ ਦੇ ਲੋਕਾਂ ਨੂੰ ਜੋੜਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਭ ਤੋਂ ਮਹੱਤਵਪੂਰਨ ਸਕੀਮਾਂ ਵਿਚ ਆਯੁਸ਼ਮਾਨ ਭਾਰਤ ਸਕੀਮ ਜੋ ਕਿ ਦੁਨੀਆ ਦੀ ਸਭ ਤੋਂ ਵੱਡੀ ਸਿਹਤ ਬੀਮਾ ਸਕੀਮ ਹੈ, ਜਿਸ ਤਹਿਤ 12 ਕਰੋੜ ਤੋਂ ਵੱਧ ਪਰਵਾਰਾਂ (ਤਕਰੀਬਨ 55 ਕਰੋੜ ਲਾਭਪਾਤਰੀਆਂ) ਨੂੰ ਸੈਕੰਡਰੀ ਅਤੇ ਤੀਜੇ ਦਰਜੇ ਦੀ ਦੇਖਭਾਲ ਲਈ ਹਸਪਤਾਲ ਵਿੱਚ ਭਰਤੀ ਹੋਣ ਲਈ ਪ੍ਰਤੀ ਪਰਵਾਰ ਪ੍ਰਤੀ ਸਾਲ 5 ਲੱਖ ਰੁਪਏ ਦਾ ਮੁਫ਼ਤ ਸਿਹਤ ਕਵਰ ਪ੍ਰਦਾਨ ਕੀਤਾ ਜਾਂਦਾ ਹੈ, ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ (ਪੀ ਐਮ-ਜੀ ਕੇ ਏ ਵਾਈ) ਪ੍ਰਵਾਸੀਆਂ ਅਤੇ ਗਰੀਬਾਂ ਨੂੰ ਮੁਫਤ ਅਨਾਜ ਦੀ ਸਪਲਾਈ ਕਰਨ ਲਈ ਆਤਮਨਿਰਭਰ ਭਾਰਤ ਦੇ ਹਿੱਸੇ ਵਜੋਂ ਇੱਕ ਯੋਜਨਾ ਹੈ, ਇਸ ਤੋਂ ਇਲਾਵਾ ਦੀਨਦਿਆਲ ਅੰਤੋਦਿਆ ਯੋਜਨਾ, ਪ੍ਰਧਾਨ ਮੰਤਰੀ ਆਵਾਸ ਯੋਜਨਾ, ਪ੍ਰਧਾਨ ਮੰਤਰੀ ਉਜਵਲਾ ਯੋਜਨਾ ਤਹਿਤ ਗਰੀਬ ਪਰਵਾਰਾਂ ਦੀਆਂ ਬਾਲਗ ਔਰਤਾਂ ਨੂੰ ਮੁਫਤ ਐਲਪੀਜੀ (ਤਰਲ ਪੈਟਰੋਲੀਅਮ ਗੈਸ) ਕੁਨੈਕਸ਼ਨ, ਪ੍ਰਧਾਨ ਮੰਤਰੀ ਵਿਸ਼ਵਕਰਮਾ, ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਸੈਂਕੜੇ ਸਕੀਮਾਂ ਨਾਲ ਲੋਕਾਂ ਨੂੰ ਜੋੜਿਆ ਜਾਵੇਗਾ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਇਨ੍ਹਾਂ ਵੈਨਾਂ ਰਾਹੀਂ ਕੇਂਦਰ ਸਰਕਾਰ ਦੀਆਂ ਸਕੀਮਾਂ ਦਾ ਲਾਭ ਜ਼ਰੂਰ ਲੈਣ। ਇਸ ਮੌਕੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ ਅਤੇ ਮੈਡੀਕਲ ਜਾਂਚ ਵੀ ਕੀਤਾ ਗਿਆ। ਇਸ ਮੌਕੇ ਡਾਕਟਰ ਅਨੁਪ੍ਰੀਤ ਸੀ ਐਚ ਓ, ਏ ਐਨ ਐਮ ਸੁਰਤੀ ਸ਼ਰਮਾ, ਇਨਸਪੈਕਟਰ ਰਘੁਵੀਰ ਸਿੰਘ, ਸੋਨੀ, ਸਰਪੰਚ ਹਰਪਾਲ ਕੌਰ, ਪੰਚ ਸੁਮਨ ਦੇਵੀ, ਸੁਰਿੰਦਰ ਕੌਰ, ਸੁਮਨ ਕੁਮਾਰੀ, ਪ੍ਰਦੀਪ ਕੁਮਾਰ, ਪੰਚ ਹਰਭਜਨ ਸਿੰਘ, ਸੂਬੇ ਕ੍ਰਿਸ਼ਨ ਸਿੰਘ, ਰਾਮ ਸਰੂਪ ਅਤੇ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਸ਼ਰਧਾਲੂਆਂ ਦਾ ਪਹਿਲਾ ਜਥਾ ਮੁਹਾਲੀ ਤੋਂ ਅੰਮ੍ਰਿਤਸਰ-ਤਲਵੰਡੀ ਸਾਬੋ ਲਈ ਰਵਾਨਾ



**ਮੋਹਾਲੀ, (ਗੁਰਜੀਤ ਬਿੱਲਾ)** ਐਸ ਏ ਐਸ ਨਗਰ ਜ਼ਿਲ੍ਹੇ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਮੋਹਾਲੀ ਹਲਕੇ ਦੇ 43 ਸ਼ਰਧਾਲੂਆਂ ਦਾ ਪਹਿਲਾ ਜਥਾ ਮੰਗਲਵਾਰ ਨੂੰ ਅੰਮ੍ਰਿਤਸਰ-ਤਲਵੰਡੀ ਸਾਬੋ ਧਾਰਮਿਕ ਸਫ਼ਰ ਦੇ ਦਰਸ਼ਨਾਂ ਲਈ ਰਵਾਨਾ ਹੋਇਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ੍ਰੀਮਤੀ ਆਸ਼ਿਕਾ ਜੈਨ ਨੇ ਦੱਸਿਆ ਕਿ ਸ਼ਰਧਾਲੂਆਂ ਨੂੰ ਗੁਰਦੁਆਰਾ ਸਿੰਘ ਸ਼ਹੀਦਾਂ, ਸੋਹਾਣਾ, ਮੋਹਾਲੀ ਤੋਂ ਰਵਾਨਾ ਕੀਤਾ ਗਿਆ।ਉਨ੍ਹਾਂ ਨੇ ਦੱਸਿਆ ਕਿ ਸ਼ਰਧਾਲੂਆਂ ਨੂੰ ਪ੍ਰਸ਼ਾਸਨ ਵੱਲੋਂ ਵਿਅਕਤੀਗਤ ਕਿੱਟਾਂ ਕੰਬਲ, ਚਾਦਰ, ਸਿਰਹਾਣਾ, ਤੌਲੀਆ, ਛੱਤਰੀ, ਜਾਪ ਮਾਲਾ ਅਤੇ ਟਾਇਲਟਰੀ ਕਿੱਟਾਂ ਵੀ ਦਿੱਤੀਆਂ ਗਈਆਂ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਬੱਸਾਂ ਰਾਹੀਂ ਸ਼ਰਧਾਲੂ ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਦਮਦਮਾ ਸਾਹਿਬ, ਸ੍ਰੀ ਵੈਸ਼ਨੋ ਦੇਵੀ, ਮਾਤਾ ਚਿੰਤਪੁਰਨੀ ਜੀ, ਮਾਤਾ ਨੈਣਾ ਦੇਵੀ ਜੀ, ਮਾਤਾ ਜਵਾਲਾ ਜੀ, ਸਾਲਾਸਰ ਧਾਮ, ਖਾਟੂ ਸ਼ਿਆਮ ਜੀ ਅਤੇ ਹੋਰ ਧਾਰਮਿਕ ਮਹੱਤਤਾ ਵਾਲੇ ਸਥਾਨਾਂ ਦੇ ਦਰਸ਼ਨ ਕਰ ਸਕਣਗੇ। ਉਨ੍ਹਾਂ ਕਿਹਾ ਕਿ ਹਰੇਕ ਹਲਕੇ ਵਿੱਚੋਂ ਤੀਰਥ ਯਾਤਰਾ ਲਈ ਅੱਠ-ਅੱਠ ਬੱਸਾਂ ਰਵਾਨਾ ਹੋਣਗੀਆਂ ਅਤੇ ਸ਼ਰਧਾਲੂਆਂ ਨੂੰ ਯਾਤਰਾ ਲਈ ਇੱਕ ਪੈਸਾ ਵੀ ਨਹੀਂ ਦੇਣਾ ਪਵੇਗਾ। ਉਨ੍ਹਾਂ ਕਿਹਾ ਕਿ ਸ਼ਰਧਾਲੂਆਂ ਦਾ ਦੂਜਾ ਜੱਥਾ ਡੇਰਾਬੱਸੀ ਹਲਕੇ ਦੇ ਗੁਰਦੁਆਰਾ ਨਾਭਾ ਸਾਹਿਬ, ਜ਼ੀਰਕਪੁਰ ਤੋਂ ਭਲਕੇ ਅੰਮ੍ਰਿਤਸਰ ਲਈ ਰਵਾਨਾ ਹੋਵੇਗਾ।

# ਸੁਲਤਾਨਪੁਰ ਲੋਧੀ ਤੋਂ ਸ੍ਰੀ ਆਨੰਦਪੁਰ ਸਾਹਿਬ ਤੇ ਸ੍ਰੀ ਦਰਬਾਰ ਸਾਹਿਬ ਲਈ 16 ਨੂੰ ਰਵਾਨਾ ਹੋਵੇਗੀ ਵਿਸ਼ੇਸ਼ ਬੱਸ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)** ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਸ੍ਰੀ ਆਨੰਦਪੁਰ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਲਈ 16 ਦਸੰਬਰ ਨੂੰ ਸੁਲਤਾਨਪੁਰ ਲੋਧੀ ਤੋਂ ਵਿਸ਼ੇਸ਼ ਬੱਸ ਰਵਾਨਾ ਹੋਵੇਗੀ। ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਸ੍ਰੀ ਆਨੰਦਪੁਰ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਵਿਖੇ ਜਾਣ ਵਾਲੇ ਸ਼ਰਧਾਲੂ ਐਸ ਡੀ ਐਮ ਦਫਤਰ ਸੁਲਤਾਨਪੁਰ ਲੋਧੀ ਤੋਂ ਅਰਜ਼ੀ ਫਾਰਮ ਪ੍ਰਾਪਤ ਕਰ ਸਕਦੇ ਹਨ।ਐਸ ਡੀ ਐਮ ਸੁਲਤਾਨਪੁਰ ਲੋਧੀ ਜਸਪ੍ਰੀਤ ਸਿੰਘ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਕੀਮ ਤਹਿਤ ਸਥਾਨਕ ਦਾਣਾ ਮੰਡੀ ਤੋਂ ਵਿਸ਼ੇਸ਼ ਬੱਸ ਸਵੇਰੇ 7 ਵਜੇ ਰਵਾਨਾ ਹੋਵੇਗੀ।ਉਨ੍ਹਾਂ ਦੱਸਿਆ ਕਿ ਇਸ ਸੰਬੰਧੀ ਜਾਣਕਾਰੀ ਲੈਣ ਲਈ ਚਾਹਵਾਨ ਸ਼ਰਧਾਲੂ ਮੋਬਾਇਲ ਨੰ: 98554-65894 'ਤੇ ਸੰਪਰਕ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਹ ਅਰਜ਼ੀ ਫਾਰਮ ਲੋੜੀਂਦੇ ਵੇਰਵਿਆਂ ਸਹਿਤ 14 ਦਸੰਬਰ 2023 ਤੱਕ ਐਸ ਡੀ ਐਮ ਦਫਤਰ ਵਿਖੇ ਜਮ੍ਹਾਂ ਕਰਵਾਇਆ ਜਾਣਾ ਹੈ ਤਾਂ ਜੋ ਸਮੇਂ ਸਿਰ ਢੁੱਕਵੇਂ ਪ੍ਰਬੰਧ ਅਮਲ ਵਿਚ ਲਿਆਂਦੇ ਜਾ ਸਕਣ।ਉਨ੍ਹਾਂ ਦੱਸਿਆ ਕਿ ਸ੍ਰੀ ਆਨੰਦਪੁਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਲਈ ਰਾਤ ਠਹਿਰਣ ਦਾ ਪ੍ਰਬੰਧ ਵੀ ਕੀਤਾ ਜਾਵੇਗਾ ਅਤੇ ਇਹ ਵਿਸ਼ੇਸ਼ ਬੱਸ ਅਗਲੇ ਦਿਨ ਸ੍ਰੀ ਦਰਬਾਰ ਸਾਹਿਬ ਤੋਂ ਹੁੰਦੀ ਹੋਈ ਸੁਲਤਾਨਪੁਰ ਲੋਧੀ ਵਾਪਸ ਪਰਤੇਗੀ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਪੰਜਾਬ ਸਰਕਾਰ ਵਲੋਂ ਸ਼ਰਧਾਲੂਆਂ ਨੂੰ ਵੱਖ-ਵੱਖ ਤੀਰਥ ਅਸਥਾਨਾਂ ਦੀ ਯਾਤਰਾ ਕਰਵਾਈ ਜਾ ਰਹੀ ਹੈ ਜਿਨ੍ਹਾਂ ਵਿਚ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਹਜ਼ੂਰ ਸਾਹਿਬ, ਸ੍ਰੀ ਪਟਨਾ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਮਾਤਾ ਨੈਨਾ ਦੇਵੀ ਜੀ, ਸ੍ਰੀ ਵਰਿੰਦਾਵਨ ਧਾਮ, ਮਾਤਾ ਵੈਸ਼ਨੋ ਦੇਵੀ ਜੀ, ਮਾਤਾ ਜਵਾਲਾ ਜੀ, ਵਾਰਾਨਸੀ, ਮਾਤਾ ਚਿੰਤਪੁਰਨੀ ਜੀ, ਸ੍ਰੀ ਖਾਟੂ ਸ਼ਯਾਮ ਜੀ, ਸ੍ਰੀ ਸਾਲਾਸਰ ਧਾਮ ਅਤੇ ਖਵਾਜਾ ਅਜਮੇਰ ਸ਼ਰੀਫ ਦਰਗਾਹ ਸ਼ਾਮਲ ਹਨ।

# ਦਿੱਲੀ ਦੇ ਪੰਥਕ ਇਕੱਠ 'ਚ ਦੋਆਬਾ ਜਨਰਲ ਕੈਟਾਗਰੀਜ਼ ਫਰੰਟ ਪੰਜਾਬ ਕਰੇਗਾ ਸ਼ਮੂਲੀਅਤ



**ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ )** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਕਿਸਾਨ ਜਥੇਬੰਦੀਆਂ, ਸਮਾਜਿਕ ਅਤੇ ਹੋਰ ਧਾਰਮਿਕ ਜਥੇਬੰਦੀਆਂ ਵਲੋਂ ਲੰਬੇ ਸਮੇਂ ਤੋਂ ਸਜਾਵਾਂ ਪੂਰੀਆ ਕਰ ਚੁੱਕੇ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਰਿਹਾਈ ਲਈ ਰਾਜਨੀਤੀ ਤੋਂ ਉਪਰ ਉਠ ਕੇ 20 ਦਸੰਬਰ ਨੂੰ ਗੁਰਦੁਆਰਾ ਸ਼੍ਰੀ ਰਕਾਬ ਗੰਜ ਸਾਹਿਬ ਦਿੱਲੀ ਤੋਂ ਰਾਸ਼ਟਰਪਤੀ ਭਵਨ ਤੱਕ 26 ਲੱਖ ਦੇ ਕਰੀਬ ਦਸਤਖਤਾਂ ਵਾਲੇ ਪ੍ਰਫਾਰਮੇ ਲੈ ਕੇ ਜਾਣ ਵਾਲੇ ਪੰਥਕ ਇਕੱਠ ਵਿੱਚ ਦੋਆਬਾ ਜਨਰਲ ਕੈਟਗਰੀਜ ਫਰੰਟ ਪੰਜਾਬ ਵੱਡੀ ਤਾਦਾਦ 'ਚ ਸ਼ਮੂਲੀਅਤ ਕਰੇਗਾ ਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਤਰਨਾ ਦਲ ਬਜਵਾੜਾ ਦੇ ਮੁਖੀ ਬਾਬਾ ਗੁਰਦੇਵ ਸਿੰਘ ਦੀ ਅਗਵਾਈ ਹੇਠ ਚਾਲੇ ਪਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਵੀਰ ਸਿੰਘ ਫੂਗਲਾਣਾ, ਜਗਤਾਰ ਸਿੰਘ ਭੁੰਗਰਨੀ, ਬਲਵਿੰਦਰ ਸਿੰਘ ਗਿੱਲ, ਜਸਪਾਲ ਸਿੰਘ ਮੰਡੇਰ, ਸੁਰਜੀਤ ਸਿੰਘ ਭੁੰਗਰਨੀ, ਵਰਿੰਦਰ ਸਿੰਘ ਭਿੰਡਰ, ਸਤਨਾਮ ਸਿੰਘ ਛਿੰਦੂ ਅਤੇ ਸਾਥੀ ਹਾਜਰ ਸਨ।

# ਸਾਬਕਾ ਪੰਚ ਚਰਨਜੀਤ ਕੌਰ ਦੀ ਅੰਤਿਮ ਅਰਦਾਸ ਮੌਕੇ ਵੱਖ ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ



**ਆਦਮਪੁਰ( ਪਰਮਜੀਤ ਸਿੰਘ ):** ਇਨਸਾਫ ਜਰਨਲਿਸਟ ਵੈਲਫੇਅਰ ਐਸੋਸੀਏਸ਼ਨ ਰਜਿ. ਇੰਡੀਆ ਦੇ ਪੰਜਾਬ ਚੇਅਰਮੈਨ ਹਰਪ੍ਰੀਤ ਸਿੰਘ ਦੇ ਮਾਤਾ ਸਾਬਕਾ ਪੰਚ ਚਰਨਜੀਤ ਕੌਰ ਪਤਨੀ ਮਾਸਟਰ ਰੇਸ਼ਮ ਸਿੰਘ, ਜੋ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਉਨ੍ਹਾਂ ਦੀ ਅੰਤਿਮ ਅਰਦਾਸ ਪਿੰਡ ਚੋਮੋ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਕਰਵਾਈ ਗਈ। ਸਮਾਗਮ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ, ਉਪਰੰਤ ਨਿਰਭੈਰ ਕੀਰਤਨੀ ਜੱਥੇ ਨੇ ਵੈਰਾਗਮਈ ਕੀਰਤਨ ਕੀਤਾ। ਕੀਰਤਨ ਦੀ ਸਮਾਪਤੀ ਤੋਂ ਬਾਅਦ ਅਕਾਲੀ ਦਲ ਦੇ ਸਾਬਕਾ ਵਿਧਾਇਕ ਪਵਨ ਕੁਮਾਰ ਟੀਨੂੰ,ਐਡਵੋਕੇਟ ਬਲਵਿੰਦਰ ਕੁਮਾਰ ਬਸਪਾ ਆਗੂ ,ਪ੍ਰਿੰਸੀਪਲ ਡਾ.ਗੁਰਨਾਮ ਸਿੰਘ ਰਸੂਲਪੁਰ ,ਦਰਸ਼ਨ ਸਿੰਘ ਦਰਸ਼ੀ ਸੈਕਟਰੀ ਸੀਨੀਅਰ ਸਿਟੀਜਨ ਵੈਲਫੇਅਰ ਸੋਸਾਇਟੀ ਆਦਮਪੁਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਮਾਤਾ ਚਰਨਜੀਤ ਕੌਰ ਨੇ ਪਿੰਡ ਦੇ ਮੈਂਬਰ ਪੰਚਾਇਤ ਹੁੰਦਿਆਂ ਪੰਚਾਇਤ ਦੇ ਨਾਲ ਮਿਲ ਕੇ ਪਿੰਡ ਵਿੱਚ ਵਿਕਾਸ ਕਾਰਜ ਕਰਵਾਏ, ਜੋ ਕਿ ਹਮੇਸ਼ਾ ਯਾਦ ਰੱਖੇ ਜਾਣਗੇ। ਉਨ੍ਹਾਂ ਕਿਹਾ ਕਿ ਜ਼ਿੰਦਗੀ ਵਿੱਚ ਮਾਂ ਦੀ ਥਾਂ ਕੋਈ ਨਹੀਂ ਲੈ ਸਕਦਾ, ਮਾਤਾ ਚਰਨਜੀਤ ਕੌਰ ਦੇ ਜਾਣ ਨਾਲ ਮਾਸਟਰ ਰੇਸ਼ਮ ਸਿੰਘ ਅਤੇ ਪੱਤਰਕਾਰ ਹਰਪ੍ਰੀਤ ਸਿੰਘ ਦੇ ਪਰਵਾਰ ਨੂੰ ਜੋ ਘਾਟਾ ਪਿਆ ਹੈ ਉਹ ਉਸਨੂੰ ਤਾਂ ਨਹੀਂ ਪੂਰਾ ਕਰ ਸਕਦੇ ਪਰ ਉਹ ਇਸ ਦੁੱਖ ਦੀ ਘੜੀ ਵਿੱਚ ਪਰਵਾਰ ਨਾਲ ਖੜ੍ਹੇ ਹਨ । ਜਥੇਦਾਰ ਹਰਨਾਮ ਸਿੰਘ ਅਲਾਵਲਪੁਰ ਅਕਾਲੀ ਆਗੂ , ਧਰਮਪਾਲ ਲੇਸੜੀਵਾਲ ਅਕਾਲੀ ਆਗੂ , ਬੀ.ਜੇ.ਪੀ. ਆਗੂ ਹਰੀਸ਼ ਚੰਦਰ, ਕਵਲਜੀਤ ਸਿੰਘ ਪੱਡਾ ਰਾਸ਼ਟਰੀ ਪ੍ਰਧਾਨ ਇਨਸਾਫ ਜਰਨਲਿਸਟ ਵੈਲਫੇਅਰ ਐਸੋਸੀਏਸ਼ਨ ਰਜਿ. ਇੰਡੀਆ, ਮੁਕੱਦਰ ਲਾਲ ਕੌਂਸਲਰ ਨੇ ਵੀ ਮਾਤਾ ਚਰਨਜੀਤ ਕੌਰ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਸੰਤ ਬਾਬਾ ਤਰਸੇਮ ਸਿੰਘ ਨਿਰਮਲ ਕੁਟੀਆ ਆਦਮਪੁਰ, ਸੰਤ ਬਾਬਾ ਸੁਰਿੰਦਰ ਸਿੰਘ ਸੋਢੀ ਕੰਦੋਲਾ, ਕੁਲਵਿੰਦਰ ਸਿੰਘ ਟੋਨੀ ਸਟੇਜ ਸਕੱਤਰ, ਰਜਿੰਦਰ ਕੁਮਾਰ ਗਿੱਲ ਕੌਮੀ ਪ੍ਰਧਾਨ ਡੈਮੋਕ੍ਰੇਟਿਕ ਭਾਰਤੀ ਸਮਾਜ ਪਾਰਟੀ, ਬਹਾਦਰ ਸਿੰਘ ਚੌਹਾਨ ਸਾਬਕਾ ਸਰਪੰਚ, ਜਸਪਾਲ ਸਿੰਘ ਸਰਪੰਚ ਚੋਮੋ, ਜਥੇਦਾਰ ਬਲਵਿੰਦਰ ਸਿੰਘ ਕਾਲਰਾ , ਜਥੇਦਾਰ ਤਰਸੇਮ ਸਿੰਘ ਕੋਟਲੀ, ਕੌਂਸਲਰ ਮਦਨ ਲਾਲ ਮੱਦੀ, ਪੁਸ਼ਪਿੰਦਰ ਕੁਮਾਰ ਪਿੰਕੀ, ਦਲਬੀਰ ਸਿੰਘ ਖੋਜਕੀਪੁਰ, ਪਵਿੱਤਰ ਸਿੰਘ ਸਾਬਕਾ ਪ੍ਰਧਾਨ, ਨੰਬੜਦਾਰ ਚਰਨਜੀਤ ਸਿੰਘ ਸ਼ੇਰੀ,ਮਨਮੋਹਨ ਸਿੰਘ ਬਾਬਾ ਸੰਨੀ ਢਿੱਲੋਂ, ਸਰਵਣ ਸਿੰਘ ਖੋਜਕੀਪੁਰ, ਜਗਜੀਵਨ ਸਿੰਘ, ਹਰਭਜਨ ਸਿੰਘ ਬਿੰਦਾ,ਸੁਰਿੰਦਰ ਸਿੰਘ ਚਾਹਲ ਨਿਜਾਮਦੀਨ ਪੁਰ, ਸੰਜੀਵ ਗਾਂਧੀ ,ਰਣਧੀਰ ਸਿੰਘ ਰੰਧਾਵਾ,ਸੁਖਜੀਤ ਸਿੰਘ ,ਹੱਨੀ ਭੱਟੀ, ਕਰਨੈਲ ਸਿੰਘ ਰਾਣਾ, ਮਾਸਟਰ ਮੀਤ ਕੁਮਾਰ, ਪਾਲ ਸਿੰਘ ਚੋਮੋ, ਦਲਜੀਤ ਸਿੰਘ ਭੱਟੀ, ਹਰਭਜਨ ਸਿੰਘ ਗਾਜੀਪੁਰ, ਸੁਖਵੀਰ ਸਿੱਧੂ ਅਲਾਵਲਪੁਰ ਤੋਂ ਇਲਵਾ ਰਣਦੀਪ ਕੁਮਾਰ ਸਿੱਧੂ ਪੰਜਾਬ ਪ੍ਰਧਾਨ, ਰਸ਼ਪਾਲ ਸਿੰਘ ਬਟਾਲਾ ਰਾਸ਼ਟਰੀ ਖਜਾਨਚੀ ਅਤੇ ਸਲਾਹਕਾਰ , ਗੁਰਪ੍ਰੀਤ ਸਿੰਘ ਭੋਗਲ ਨੈਸ਼ਨਲ ਪ੍ਰੈਸ ਸਕੱਤਰ , ਪਰਮਜੀਤ ਸਿੰਘ ਖਜਾਨਚੀ , ਗੁਰਨਾਮ ਸਿੰਘ ਗਾਮਾ ਸੀਨੀਅਰ ਮੀਤ ਪ੍ਰਧਾਨ , ਰਾਜੀਵ ਸਿੰਗਲਾ ਮੀਤ ਪ੍ਰਧਾਨ , ਗੁਰਮੀਤ ਕੁਮਾਰ ਨਾਹਲ ਮੀਤ ਪ੍ਰਧਾਨ ਆਦਮਪੁਰ ਯੂਨਿਟ , ਰਣਜੀਤ ਸਿੰਘ ਬੈਂਸ ਜਨਰਲ ਸਕੱਤਰ ਯੂਨਿਟ ਆਦਮਪੁਰ ,ਰਾਜ ਕੁਮਾਰ ਰਾਜੂ ਸੀਨੀਅਰ ਮੀਤ ਪ੍ਰਧਾਨ (ਸਾਰੇ ਅਹੁਦੇਦਾਰ ਪੰਜਾਬ ਇਨਸਾਫ ਜਰਨਲਿਸਟ ਵੈਲਫੇਅਰ ਐਸੋਸੀਏਸ਼ਨ ਰਜਿ. ਇੰਡੀਆ), ਅਮਨਦੀਪ ਸਿੰਘ ਬੈਂਸ, ਮਾਸਟਰ ਮੀਤ ਕੁਮਾਰ, ਗੁਰਵਿੰਦਰ ਸਿੰਘ ਲਾਡੀ, ਅਕਸਰਦੀਪ ਸਰਮਾ, ਰਮਨ ਦਵੇਸਰ, ਡਾ. ਰੰਧਾਵਾ ਅਤੇ ਹੋਰ ਪਿੰਡ ਵਾਸੀ ਹਾਜਰ ਸਨ।

# ਨਸ਼ੀਲੇ ਪਾਊਡਰ ਸਹਿਤ ਦੋ ਨੌਜਵਾਨ ਗ੍ਰਿਫਤਾਰ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ):** ਸਥਾਨਕ ਪੁਲਸ ਨੇ ਨਸ਼ੀਲੇ ਪਾਊਡਰ ਸਹਿਤ ਦੋ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਹੈ। ਜਾਣਕਾਰੀ ਦਿੰਦਿਆਂ ਸਥਾਨਕ ਥਾਣਾ ਮੁਖੀ ਗੁਰਵਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਜਦੋਂ ਪੁਲਸ ਪਾਰਟੀ ਨੂਰਪੁਰ ਬੇਦੀ ਤੋਂ ਬੂੰਗਾ ਸਾਹਿਬ ਨੂੰ ਜਾ ਰਹੀ ਸੀ ਤਾਂ ਨੂਰਪੁਰ ਬੇਦੀ ਦੇ ਇੱਕ ਗੋਦਾਮ ਲਾਗੇ ਦੋ ਨੌਜਵਾਨ ਦਿਖਾਈ ਦਿੱਤੇ ਜਿਹੜੇ ਪੁਲਸ ਨੂੰ ਦੇਖ ਕੇ ਆਪਣੀ ਜੇਬ ਵਿੱਚੋਂ ਇੱਕ ਮੋਮੀ ਲਿਫਾਫਾ ਸੁੱਟ ਕੇ ਭੱਜਣ ਲੱਗੇ। ਜਦੋਂ ਉਨ੍ਹਾਂ ਨੂੰ ਕਾਬੂ ਕਰਕੇ ਉਹਨਾਂ ਦਾ ਨਾਂਅ ਪੁੱਛਿਆ ਗਿਆ ਤਾਂ ਲਿਫਾਫਾ ਸੁੱਟਣ ਵਾਲੇ ਨੌਜਵਾਨ ਨੇ ਆਪਣਾ ਨਾਂਅ ਰਵੀ ਸੈਣੀ ਪੁੱਤਰ ਕੁਲਵਿੰਦਰ ਕੁਮਾਰ ਸੈਣੀ ਪਿੰਡ ਨੂਰਪੁਰ ਬੇਦੀ ਅਤੇ ਦੂਜੇ ਨੌਜਵਾਨ ਨੇ ਆਪਣਾ ਨਾਂਅ ਹਨੀ ਪੁੱਤਰ ਠਾਕਰ ਦਾਸ ਵਾਸੀ ਪਿੰਡ ਨੂਰਪੁਰ ਬੇਦੀ ਦੱਸਿਆ।ਜਦੋਂ ਰਵੀ ਸੈਣੀ ਵੱਲੋਂ ਸੁੱਟਿਆ ਲਿਫਾਫਾ ਚੈੱਕ ਕੀਤਾ ਗਿਆ ਤਾਂ ਉਸ ਵਿੱਚ 11 ਗ੍ਰਾਮ ਨਸ਼ੀਲਾ ਪਾਊਡਰ ਹੋਣਾ ਪਾਇਆ ਗਿਆ। ਦੋਵਾਂ ਨੌਜਵਾਨਾਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਵਿਰੁੱਧ 22-61- 85 ਐਨ ਡੀ ਪੀ ਐਸ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

# ਲਾ ਫਿਏਸਟਾ ਕਮ ਟੇਲੈਂਟ ਹੰਟ 'ਚ 350 ਤੋਂ ਵੱਧ ਵਿਦਿਆਰਥੀਆਂ ਨੇ ਕੀਤਾ ਸ਼ਾਨਦਾਰ ਪ੍ਰਦਰਸ਼ਨ



**ਜਲੰਧਰ ( ਸ਼ੈਲੀ ਐਲਬਰਟ):-**ਸੀਟੀ ਵਰਲਡ ਸਕੂਲ ਦੇ ਮੈਦਾਨਾਂ ਵਿੱਚ ਲਾ ਫਿਏਸਟਾ ਕਮ ਟੈਲੈਂਟ ਹੰਟ ਪ੍ਰੋਗਰਾਮ ਦੌਰਾਨ ਪ੍ਰਤਿਭਾ ਅਤੇ ਸਿਰਜਣਾਤਮਕਤਾ ਦਾ ਜੀਵੰਤ ਪ੍ਰਦਰਸ਼ਨ ਵੇਖਿਆ ਗਿਆ, ਜਿੱਥੇ ਵੱਖ-ਵੱਖ ਖੇਤਰੀ ਸਕੂਲਾਂ ਦੇ 350 ਤੋਂ ਵੱਧ ਵਿਦਿਆਰਥੀਆਂ ਨੇ ਹਿੱਸਾ ਲਿਆ। ਸੋਮਰਸੈਟ ਪਬਲਿਕ ਸਕੂਲ, ਦਯਾਨੰਦ ਮਾਡਲ ਸੀਨੀਅਰ ਸੈਕੰਡਰੀ ਸਕੂਲ, ਜ਼ੈਨਿਥ ਪਬਲਿਕ ਸਕੂਲ, ਸੀਟੀ ਪਬਲਿਕ ਸਕੂਲ, ਇਨੋਸੈਂਟ ਹਾਰਟ ਸਕੂਲ, ਸਟੇਟ ਪਬਲਿਕ ਸਕੂਲ ਅਤੇ ਹੋਰ ਬਹੁਤ ਸਾਰੀਆਂ ਸਤਿਕਾਰਯੋਗ ਸੰਸਥਾਵਾਂ ਨੇ ਇਸ ਮੌਕੇ ਦੀ ਵਿਭਿੰਨਤਾ ਅਤੇ ਉਤਸ਼ਾਹ ਵਿੱਚ ਵਾਧਾ ਕੀਤਾ । ਇਸ ਪ੍ਰੋਗਰਾਮ ਵਿੱਚ ਡਾਂਸ, ਗਾਇਨ, ਖਾਣਾ ਪਕਾਉਣ ਦੇ ਮੁਕਾਬਲੇ, ਰੰਗੋਲੀ ਬਣਾਉਣ, ਕਲਾ ਪ੍ਰਦਰਸ਼ਨੀਆਂ, ਮੋਨੋ ਐਕਟਿੰਗ, ਫੈਨਸੀ ਡਰੈੱਸ ਅਤੇ ਹੋਰ ਬਹੁਤ ਸਾਰੀਆਂ ਗਤੀਵਿਧੀਆਂ ਸ਼ਾਮਲ ਸਨ। ਇਨ੍ਹਾਂ ਗਤੀਵਿਧੀਆਂ ਨੇ ਵਿਦਿਆਰਥੀਆਂ ਨੂੰ ਆਪਣੀ ਵਿਲੱਖਣ ਪ੍ਰਤਿਭਾ ਨੂੰ ਪ੍ਰਦਰਸ਼ਿਤ ਕਰਨ ਅਤੇ ਸਿਰਜਣਾਤਮਕਤਾ ਨੂੰ ਉਤਸ਼ਾਹਤ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕੀਤਾ । ਇਸ ਸਥਾਨ ਨੂੰ ਇੱਕ ਜੀਵੰਤ ਕਾਰਨੀਵਲ ਵਾਤਾਵਰਣ ਵਿੱਚ ਬਦਲ ਦਿੱਤਾ ਗਿਆ ਸੀ, ਜੋ ਮਜ਼ੇਦਾਰ ਅਤੇ ਭੋਜਨ ਸਟਾਲਾਂ, ਜੀਵੰਤ ਸਜਾਵਟ ਅਤੇ ਦਿਲਚਸਪ ਪ੍ਰਦਰਸ਼ਨੀਆਂ ਨਾਲ ਸਜਿਆ ਹੋਇਆ ਸੀ। ਤਿਉਹਾਰ ਦੇ ਮਾਹੌਲ ਨੇ ਸਮਾਗਮ ਦੀ ਸਮੁੱਚੀ ਭਾਵਨਾ ਵਿੱਚ ਯੋਗਦਾਨ ਪਾਇਆ, ਜਿਸ ਨਾਲ ਭਾਗੀਦਾਰਾਂ ਅਤੇ ਹਾਜ਼ਰੀਨ ਦੋਵਾਂ ਲਈ ਇੱਕ ਮਜ਼ੇਦਾਰ ਅਨੁਭਵ ਪੈਦਾ ਹੋਇਆ। ਸੀਟੀ ਵਰਲਡ ਸਕੂਲ ਵਿਖੇ ਟੈਲੈਂਟ ਹੰਟ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਹਰਮੇਸ਼ ਲਾਲ ਅਤੇ ਮਨੋਰੰਜਨ ਉਦਯੋਗ ਵਿੱਚ ਨੈਸ਼ਨਲ ਗੋਲਡ ਮੈਡਲਿਸਟ ਕਰਨ ਸਮੇਤ ਪ੍ਰਮੁੱਖ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ। ਜ਼ੋਨਲ ਅਤੇ ਇੰਟਰ ਜ਼ੋਨਲ ਯੂਥ ਫੈਸਟੀਵਲਾਂ ਵਿੱਚ ਜੇਤੂ ਯੂਥ ਆਈਕਨ ਜੋਬਨਪ੍ਰੀਤ ਸਿੰਘ ਨੇ ਭਾਗੀਦਾਰਾਂ ਲਈ ਇੱਕ ਸ਼ਕਤੀਸ਼ਾਲੀ ਪ੍ਰੇਰਣਾ ਦਾ ਕੰਮ ਕੀਤਾ। ਇਸ ਸਮਾਗਮ ਵਿੱਚ ਪੰਜਾਬੀ ਗਾਇਕ ਰਾਏ ਝੁਝਾਰ ਦੀ ਗਤੀਸ਼ੀਲ ਪੇਸ਼ਕਾਰੀ ਵੀ ਪੇਸ਼ ਕੀਤੀ ਗਈ। ਸੀਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ ਨੇ ਆਪਣੀ ਦੂਰਦਰਸ਼ੀ ਅਗਵਾਈ ਨਾਲ ਲਾ ਫਿਏਸਟਾ ਕਮ ਟੈਲੈਂਟ ਹੰਟ ਵਰਗੇ ਸਮਾਗਮਾਂ ਦੀ ਮਹੱਤਤਾ ਤੇ ਜ਼ੋਰ ਦਿੱਤਾ। ਸੀਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ ਅਤੇ ਸੀਟੀ ਗਰੁੱਪ ਦੇ ਵਾਈਸ ਚੇਅਰਮੈਨ ਹਰਪ੍ਰੀਤ ਸਿੰਘ ਨੇ ਭਾਗ ਲੈਣ ਵਾਲੇ ਵਿਦਿਆਰਥੀਆਂ ਲਈ ਸੂਝ-ਬੂਝ ਅਤੇ ਉਤਸ਼ਾਹ ਨੂੰ ਸਲਾਮ ਕੀਤਾ।

# ਪੰਚਾਇਤੀ ਚੋਣਾਂ ਲਈ ਵੋਟਰ ਸੂਚੀਆਂ ਦੀ ਸੁਧਾਈ ਤੇ ਪ੍ਰਕਾਸ਼ਨਾ ਦਾ ਅਮਲ ਸ਼ੁਰੂ

**ਜਲੰਧਰ, (ਸੁਰਿੰਦਰ ਕੁਮਾਰ)** ਜ਼ਿਲ੍ਹਾ ਚੋਣ ਕਮਿਸ਼ਨਰ ਜਲੰਧਰ ਵੱਲੋਂ ਸਾਲ 2024 ਵਿੱਚ ਹੋਣ ਵਾਲੀਆਂ ਪੰਚਾਇਤੀ ਚੋਣਾਂ ਨੂੰ ਲੈ ਕੇ ਵੋਟਰ ਸੂਚੀਆਂ ਦੀ ਸੁਧਾਈ ਅਤੇ ਪ੍ਰਕਾਸ਼ਨਾ ਸਬੰਧੀ ਸਮਾਂ ਸਾਰਣੀ ਜਾਰੀ ਕੀਤੀ ਗਈ ਹੈ। ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ 11 ਤੋਂ 18 ਦਸੰਬਰ ਤੱਕ ਵੋਟਰ ਸੂਚੀਆਂ ਤਿਆਰ ਕੀਤੀਆਂ ਜਾਣਗੀਆਂ ਜਦਕਿ ਵੋਟਰ ਸੂਚੀਆਂ ਦੀ ਮੁੱਢਲੀ ਪ੍ਰਕਾਸ਼ਨਾ 20 ਦਸੰਬਰ ਨੂੰ ਹੋਵੇਗੀ।

ਉਨ੍ਹਾਂ ਅੱਗੇ ਦੱਸਿਆ ਕਿ ਵੋਟਰ ਸੂਚੀਆਂ ਸਬੰਧੀ ਲੋਕਾਂ ਤੋਂ ਦਾਅਵੇ ਤੇ ਇਤਰਾਜ਼ 21 ਤੋਂ 29 ਦਸੰਬਰ ਤੱਕ ਪ੍ਰਾਪਤ ਕੀਤੇ ਜਾਣਗੇ ਅਤੇ ਪ੍ਰਾਪਤ ਦਾਅਵਿਆਂ/ਇਤਰਾਜ਼ਾਂ ਦਾ ਨਿਪਟਾਰਾ 5 ਜਨਵਰੀ 2024 ਤੱਕ ਕੀਤਾ ਜਾਵੇਗਾ। ਇਸ ਉਪਰੰਤ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ 7 ਜਨਵਰੀ 2024 ਨੂੰ ਕੀਤੀ ਜਾਵੇਗੀ।

ਸਾਰੰਗਲ ਨੇ ਜ਼ਿਲ੍ਹੇ ਦੇ ਯੋਗ ਨਾਗਰਿਕਾਂ ਖਾਸ ਕਰ ਨੌਜਵਾਨਾਂ ਨੂੰ ਲੋਕਤੰਤਰ ਦੀ ਮਜ਼ਬੂਤੀ ਲਈ ਆਪਣੀ ਵੋਟ ਬਣਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਹਰੇਕ ਬਾਲਗ ਵਿਅਕਤੀ ਨੂੰ ਆਪਣੀ ਵੋਟ ਜ਼ਰੂਰ ਬਣਵਾਉਣੀ ਚਾਹੀਦੀ ਹੈ। ਉਨ੍ਹਾਂ ਅਪੀਲ ਕੀਤੀ ਕਿ ਕਿਹਾ ਕਿ ਜਿਨ੍ਹਾਂ ਦੀ ਵੋਟ ਨਹੀਂ ਬਣੀ, ਉਹ ਆਪਣੀ ਵੋਟ ਜ਼ਰੂਰ ਬਣਵਾਉਣ।ਡਿਪਟੀ ਕਮਿਸ਼ਨਰ ਨੇ ਚੋਣ ਅਮਲੇ ਨੂੰ ਹਦਾਇਤ ਕੀਤੀ ਕਿ ਇਸ ਕੰਮ ਨੂੰ ਪੂਰੀ ਪਾਰਦਰਸ਼ਤਾ ਅਤੇ ਸਮੇਂ ਸਿਰ ਨੇਪਰੇ ਚਾੜ੍ਹਿਆ ਜਾਵੇ।

# 23ਵਾਂ ਉਲੰਪੀਅਨ ਮਹਿੰਦਰ ਸਿੰਘ ਮੁਨਸ਼ੀ ਜੂਨੀਅਰ ਹਾਕੀ ਟੂਰਨਾਮੈਂਟ ਭਲਕ ਤੋਂ




**ਜਲੰਧਰ ( ਸ਼ੈਲੀ ਐਲਬਰਟ):-** 1975 ਵਿਸ਼ਵ ਕੱਪ ਜੇਤੂ ਭਾਰਤੀ ਹਾਕੀ ਟੀਮ ਦੇ ਹੀਰੋ ਉਲੰਪੀਅਨ ਮਹਿੰਦਰ ਸਿੰਘ ਮੁਨਸ਼ੀ ਦੀ ਯਾਦ ਵਿੱਚ 23ਵਾਂ ਉਲੰਪੀਅਨ ਮਹਿੰਦਰ ਸਿੰਘ ਮੁਨਸ਼ੀ ਜੂਨੀਅਰ ਹਾਕੀ ਟੂਰਨਾਮੈਂਟ 14 ਦਸੰਬਰ ਤੋਂ 17 ਦਸੰਬਰ ਤੱਕ ਜਲੰਧਰ ਦੀ ਪੀਏਪੀ ਐਸਟਰੋਟਰਫ ਹਾਕੀ ਸਟੇਡੀਅਮ ਵਿਖੇ ਕਰਵਾਇਆ ਜਾਵੇਗਾ। ਮੁਨਸ਼ੀ ਹਾਕੀ ਟੂਰਨਾਮੈਂਟ ਕਮੇਟੀ ਦੇ ਪ੍ਰਧਾਨ ਉਲੰਪੀਅਨ ਦਵਿੰਦਰ ਸਿੰਘ ਗਰਚਾ ਨੇ ਕਿਹਾ ਕਿ ਇਹ ਟੂਰਨਾਮੈਂਟ ਅੰਡਰ 19 ਲੜਕਿਆਂ ਦੇ ਵਰਗ ਵਿੱਚ ਕਰਵਾਇਆ ਜਾਵੇਗਾ। ਇਸ ਟੂਰਨਾਮੈਂਟ ਵਿੱਚ ਕੁਲ 12 ਟੀਮਾਂ ਭਾਗ ਲੈਣਗੀਆਂ ਜਿਨ੍ਹਾਂ ਵਿੱਚ ਉਲੰਪੀਅਨ ਸੁਰਜੀਤ ਹਾਕੀ ਅਕੈਡਮੀ ਜਲੰਧਰ, ਉਲੰਪੀਅਨ ਮਹਿੰਦਰ ਮੁਨਸ਼ੀ ਕਲੱਬ, ਸਾਈ ਕੁਰਕਸ਼ੇਤਰ, ਸੰਗਰੂਰ ਹਾਕੀ ਅਕੈਡਮੀ, ਸੋਨੀਪਤ ਹਾਕੀ ਅਕੈਡਮੀ, ਮਾਲਵਾ ਹਾਕੀ ਅਕੈਡਮੀ, ਪੀਆਈਐਸ ਮੋਹਾਲੀ, ਜੀ ਜੀ ਐਸ ਅਕੈਡਮੀ ਲਖਨਊ, ਛੇਹਰਟਾ ਅਕੈਡਮੀ, ਸੁਖਜੀਵਨ ਅਕੈਡਮੀ ਆਗਰਾ, ਸੰਸਾਰਪੁਰ ਅਕੈਡਮੀ, ਰਾਊਂਡ ਗਲਾਸ ਹਾਕੀ ਅਕੈਡਮੀ ਦੀਆਂ ਟੀਮਾਂ ਸ਼ਾਮਲ ਹਨ।ਜੇਤੂ ਟੀਮ ਨੂੰ ਇਕ ਲੱਖ ਰੁਪਏ ਦਾ ਨਕਦ ਇਨਾਮ ਅਤੇ ਜੇਤੂ ਟਰਾਫੀ ਨਾਲ ਸਨਮਾਨਿਤ ਕੀਤਾ ਜਾਵੇਗਾ। ਇਕ ਲੱਖ ਰੁਪਏ ਦਾ ਨਕਦ ਇਨਾਮ ਉਧਮ ਸਿੰਘ ਹੁੰਦਲ, ਸਾਹਿਬ ਸਿੰਘ ਹੁੰਦਲ, ਬਲਰਾਜ ਸਿੰਘ ਹੁੰਦਲ, ਗਰਜੀਤ ਸਿੰਘ ਹੁੰਦਲ (ਹੁੰਦਲ ਬ੍ਰਦਰਜ਼ ਸਰੀ ਕੈਨੇਡਾ) ਵਲੋਂ ਦਿੱਤਾ ਜਾਵੇਗਾ। ਜਦਕਿ ਦੂਜੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ ਉਪ ਜੇਤੂ ਟਰਾਫੀ ਦੇ ਨਾਲ 51000 ਰੁਪਏ ਦਾ ਨਕਦ ਇਨਾਮ ਦਿੱਤਾ ਜਾਵੇਗਾ। ਤੀਜੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ 31000 ਰੁਪਏ ਨਕਦ ਨਾਲ ਸਨਮਾਨਿਤ ਕੀਤਾ ਜਾਵੇਗਾ। ਦੂਜੇ ਅਤੇ ਤੀਜੇ ਸਥਾਨ ਤੇ ਰਹਿਣ ਵਾਲੀ ਟੀਮ ਨੂੰ ਦਿੱਤਾ ਜਾਣ ਵਾਲਾ ਨਕਦ ਇਨਾਮ ਤੇਜਾ ਸ਼ੌਕਰ ਤੇ ਜੱਸ ਅਮਰੀਕਾ ਵਲੋਂ ਦਿੱਤਾ ਜਾਵੇਗਾ।

ਟੂਰਨਾਮੈਂਟ ਦੇ ਬੇਹਤਰੀਨ ਖਿਡਾਰੀ ਨੂੰ 11000 ਰੁਪਏ ਨਕਦ ਨਾਲ ਸਨਮਾਨਿਤ ਕੀਤਾ ਜਾਵੇਗਾ ਇਹ ਨਕਦ ਇਨਾਮ 1975 ਵਿਸ਼ਵ ਕੱਪ ਜੇਤੂ ਭਾਰਤੀ ਹਾਕੀ ਟੀਮ ਦੇ ਮੈਂਬਰ ਰਹੇ ਸਵਰਗਵਾਸੀ ਉਲੰਪੀਅਨ ਵਰਿੰਦਰ ਸਿੰਘ ਦੀ ਯਾਦ ਵਿੱਚ ਉਨ੍ਹਾਂ ਦੇ ਸਪੁੱਤਰਾਂ ਗੁਰਪ੍ਰੀਤ ਸਿੰਘ ਅਤੇ ਹਰਪ੍ਰੀਤ ਸਿੰਘ ਵਲੋਂ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਟੂਰਨਾਮੈਂਟ ਕਮੇਟੀ ਵਲੋਂ ਬੇਹਤਰੀਨ ਗੋਲਕੀਪਰ, ਬੇਹਤਰੀਨ ਫੁੱਲ ਬੈਕ, ਬੇਹਤਰੀਨ ਹਾਫ ਬੈਕ, ਬੇਹਤਰੀਨ ਫਾਰਵਰਡ ਐਲਾਨਿਆ ਜਾਵੇਗਾ। ਇਨ੍ਹਾਂ ਸਾਰੇ ਖਿਡਾਰੀਆਂ ਨੂੰ 5000-5000 ਰੁਪਏ ਦਾ ਨਕਦ ਇਨਾਮ ਅੰਤਰਰਾਸ਼ਟਰੀ ਖਿਡਾਰੀ ਦਲਜੀਤ ਸਿੰਘ ਆਈਆਰਐਸ ਅਸਿਸਟੈਂਟ ਕਮਿਸ਼ਨਰ ਵਲੋਂ ਦਿੱਤਾ ਜਾਵੇਗਾ। ਟੂਰਨਾਮੈਂਟ ਦਾ ਉਦਘਾਟਨ ਐਮਐਫ ਫਾਰੂਕੀ ਏਡੀਜੀਪੀ ਸਟੇਟ ਆਰਮਡ ਪੁਲਸ ਕਰਨਗੇ ਜਦਕਿ ਊਧਮ ਸਿੰਘ ਹੁੰਦਲ ਪ੍ਰਧਾਨ ਹੁੰਦਲ ਬ੍ਰਦਰਜ਼ ਕੰਸਟਰਕਸ਼ਨ ਗਰੁੱਪ ਅਤੇ ਡਾਇਰੈਕਟਰ ਵੈਸਟ ਕੋਸਟ ਕਿੰਗਜ਼ ਫੀਲਡ ਹਾਕੀ ਸੋਸਾਇਟੀ ਕੈਨੇਡਾ ਉਦਘਾਟਨੀ ਸਮਾਰੋਹ ਦੀ ਪ੍ਰਧਾਨਗੀ ਕਰਨਗੇ।

## ਜਨਮ ਦਿਨ ਮੁਬਾਰਕ



ਗੁਰਨੀਤ ਕੌਰ (ਮੰਡ ਪੰਡੇਰ)

## ਸ਼ਹਿਨਾਈਆਂ



ਅਮਰਜੀਤ ਸਿੰਘ ਵਾਸੀ ਪਿੰਡ ਕੰਧਾਲਾ ਜੱਟਾਂ ਹੁਸ਼ਿਆਰਪੁਰ ਦਾ ਵਿਆਹ ਬਲਬੀਰ ਕੌਰ ਡਡਿਆਣਾ ਕਲਾਂ ਹੁਸ਼ਿਆਰਪੁਰ ਨਾਲ ਹੋਇਆ।

## ਵਰ੍ਹੇਗੰਢ ਮੁਬਾਰਕ



ਕੋਪਲ ਕੰਪਨੀ ਸੁਲਰ ਘਰਾਣਾ ਦੇ ਐੱਮ ਡੀ ਸ੍ਰੀ ਸੰਜੀਵ ਬਾਂਸਲ ਅਤੇ ਰੀਤੂ ਬਾਂਸਲ ਨੇ ਆਪਣੇ ਵਿਆਹ ਦੀ 29ਵੀਂ ਵਰ੍ਹੇਗੰਢ ਮਨਾਈ।



ਕਾਮਰੇਡ ਕਰਮ ਸਿੰਘ ਜਟਾਣਾ ਟਰੇਡ ਯੂਨੀਅਨ ਆਗੂ ਨੇ ਵਿਆਹ ਦੀ 49ਵੀਂ ਵਰ੍ਹੇਗੰਢ ਪਿੰਡ ਜਟਾਣਾ ਵਿਖੇ ਮਨਾਈ।



ਉੱਘੇ ਸਮਾਜ ਸੇਵੀ ਡਾਕਟਰ ਰਮਨ ਸ਼ਰਮਾ ਅਤੇ ਸੁਸ਼ਮਾ ਸ਼ਰਮਾ ਵਾਸੀ ਫਗਵਾੜਾ ਨੂੰ ਉਨ੍ਹਾਂ ਦੇ ਵਿਆਹ ਦੀ 25ਵੀਂ ਵਰ੍ਹੇਗੰਢ ਦੀਆਂ ਬਹੁਤ-ਬਹੁਤ ਮੁਬਾਰਕਾਂ।

# ਪ੍ਰਕਾਸ਼ ਸਿੰਘ ਬਾਦਲ ਦੇ ਜਨਮ ਦਿਵਸ ਨੂੰ ਸਮਰਪਤ ਖ਼ੂਨਦਾਨ ਕੈਂਪ ਲਗਾਇਆ



**ਆਦਮਪੁਰ (ਪਰਮਜੀਤ ਸਿੰਘ ):–** ਸੂਬੇ ਦੇ ਸਵ. ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜਨਮ ਦਿਵਸ ਨੂੰ ਸਮਰਪਿਤ ਹਲਕਾ ਆਦਮਪੁਰ ਦੇ ਸਾਬਕਾ ਵਿਧਾਇਕ ਪਵਨ ਕੁਮਾਰ ਟੀਨੂੰ ਦੀ ਅਗਵਾਈ ਹੇਠ ਇਲਾਕੇ ਦੇ ਸਮੂਹ ਅਹੁੱਦੇਦਾਰਾਂ ਤੇ ਵਰਕਰਾਂ ਵਲੋਂ ਗੁਰਦੁਆਰਾ ਸ਼ਹੀਦ ਬਾਬਾ ਮੱਤੀ ਜੀ ਦੇ ਸਥਾਨ 'ਤੇ ਪਿੰਡ ਡਰੋਲੀ ਕਲਾਂ ਜ਼ਿਲ੍ਹਾ ਜਲੰਧਰ ਵਿਖੇ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਸਰਕਾਰੀ ਹਸਪਤਾਲ ਹੁਸ਼ਿਆਰਪੁਰ ਤੇ ਦੋਆਬਾ ਹਸਪਤਾਲ ਜਲੰਧਰ ਦੀਆਂ ਟੀਮਾਂ ਵਲੋਂ 50 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ। ਇਸ ਮੌਕੇ ਜਥੇਦਾਰ ਮਨੋਹਰ ਸਿੰਘ ਪ੍ਰਧਾਨ ਗੁਰਦੁਆਰਾ ਸ਼ਹੀਦ ਬਾਬਾ ਮੱਤੀ ਜੀ ਡਰੋਲੀ ਕਲਾਂ, ਸਰਪੰਚ ਰਛਪਾਲ ਸਿੰਘ, ਮੇਜਰ ਸਿੰਘ ਹਰੀਪੁਰ,ਬਲਵਿੰਦਰ ਸਿੰਘ ਕਾਲਰਾ,ਬਲਜੀਤ ਸਿੰਘ ਜਲਭੇ, ਕੁਲਵਿੰਦਰ ਸਿੰਘ ਟੋਨੀ, ਡਾ.ਰਣਧੀਰ ਸਿੰਘ ਰੰਧਾਵਾ, ਬਹਾਦਰ ਸਿਘ ਚੌਹਾਨ, ਰਾਜ ਡਰੋਲੀ ਤੇ ਹੋਰ ਮੈਂਬਰ ਹਾਜਰ ਸਨ।

# ਚੱਕ ਰਾਮੂੰ ਵਿਖੇ ਕਬੱਡੀ ਟੂਰਨਾਮੈਂਟ ਸ਼ਾਨੋ ਸ਼ੌਕਤ ਨਾਲ ਸਮਾਪਤ



**ਬਹਿਰਾਮ (ਅਵਤਾਰ ਕਲੇਰ)** ਬੰਗਾ ਹਲਕੇ ਦੇ ਪਿੰਡ ਚੱਕ ਰਾਮੂੰ ਵਿਖੇ ਯੰਗ ਸਪੋਰਟਸ ਕਲੱਬ, ਟੂਰਨਾਮੈਂਟ ਪ੍ਰਬੰਧਕ ਕਮੇਟੀ , ਐਨ ਆਰ ਆਈ ਵੀਰਾਂ , ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਦੂਸਰਾ ਕਬੱਡੀ ਕੱਪ ਟੂਰਨਾਮੈਂਟ ਕਰਵਾਇਆ ਗਿਆ। ਜਿਸ ਵਿਚ ਵੇਅ ਆਫ ਪੈਲੰਟੀ ਨਿਊਜੀਲੈਂਡ ਜੇਤੂ ਰਿਹਾ। ਛੋਟੇ ਬੱਚਿਆਂ, 12 ਅਤੇ 16 ਸਾਲ ਦੇ ਲੜਕਿਆਂ ਦੇ ਅਥਲੈਟਿਕਸ ਮੁਕਾਬਲੇ ਵੀ ਕਰਵਾਏ ਗਏ। ਟੂਰਨਾਮੈਂਟ 'ਚ ਐਕਸ਼ਨ ਬੁਆਏ ਵਲੋਂ ਆਪਣੀ ਕਲਾ ਦੇ ਜੌਹਰ ਵੀ ਵਿਖਾਏ ਗਏ। ਅਕੈਡਮੀਆਂ ਦੇ ਮੁਕਾਬਲੇ ਵਿਚ ਬੇ ਆਫ ਪੈਲੰਟੀ ਨਿਊਜੀਲੈਂਡ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਜਿਸ ਨੂੰ ਪ੍ਰਬੰਧਕਾਂ ਵਲੋਂ ਇੱਕ ਲੱਖ ਪੱਚੀ ਹਜਾਰ ਰੁਪਏ ਨਕਦ ਅਤੇ ਕੱਪ ਨਾਲ ਸਨਮਾਨਿਤ ਕੀਤਾ ਗਿਆ। ਦੂਜਾ ਸਥਾਨ ਨੰਗਲ ਅੰਬੀਆਂ ਸ਼ਾਹਕੋਟ ਨੇ ਹਾਸਲ ਕੀਤਾ ਜਿਸ ਨੂੰ ਇੱਕ ਲੱਖ ਰੁਪਏ ਨਕਦ ਅਤੇ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ। ਬੈਸਟ ਰੇਡਰ ਬੰਟੀ ਟਿੱਬਾ ਅਤੇ ਬੈਸਟ ਸਟਾਪਰ ਸੋਹਣ ਚੱਕ ਸਾਹਬੂ ਨੂੰ ਐਲਾਨਿਆ ਗਿਆ ਜਿਨ੍ਹਾਂ ਨੂੰ ਇਕੱਤੀ - ਇਕੱਤੀ ਹਜਾਰ ਰੁਪਏ ਨਕਦ ਅਤੇ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ। ਧਾਰਮਿਕ ਸ਼ਖਸੀਅਤ ਸੁਆਮੀ ਪਰਮੇਸ਼ਵਰਾ ਨੰਦ ਜੀ ਖਿਡਾਰੀਆਂ ਨੂੰ ਆਸ਼ੀਰਵਾਦ ਦੇਣ ਲਈ ਉਚੇਚੇ ਤੌਰ 'ਤੇ ਪਹੁੰਚੇ। ਮੁੱਖ ਮਹਿਮਾਨ ਵਜੋਂ ਕੁਲਜੀਤ ਸਿੰਘ ਸਰਹਾਲ ਹਲਕਾ ਇੰਚਾਰਜ ਬੰਗਾ ਪਹੁੰਚੇ ਜਿਨ੍ਹਾਂ ਨੂੰ ਪ੍ਰਬੰਧਕ ਕਮੇਟੀ ਵਲੋਂ ਸਨਮਾਨਿਤ ਕੀਤਾ ਗਿਆ। ਟੂਰਨਾਮੈਂਟ 'ਚ ਰਘਬੀਰ ਸਿੰਘ ਬਿੱਲਾ , ਸੁਖਦੇਵ ਮੱਲਾ ਸੰਮਤੀ ਮੈਂਬਰ ਅਤੇ ਨਿਰਮਲ ਮੱਲਾਂ ਵੀ ਪਹੁੰਚੇ। ਇਸ ਮੌਕੇ 'ਤੇ ਬਲਵਿੰਦਰ ਸਿੰਘ ਢਿੱਲੋਂ, ਰਾਣਾ ਸਿੰਘ ਬੱਲ, ਗੁਰਨੇਕ ਸਿੰਘ, ਸੁਰਿੰਦਰ ਸਿੰਘ, ਮਨਜੀਤ ਸਿੰਘ, ਜਸਪਾਲ ਸਿੰਘ, ਅਮਰਜੀਤ ਸਿੰਘ, ਬਲਕਰਨ ਸਿੰਘ, ਪ੍ਰਿਥੀਪਾਲ ਸਿੰਘ, ਮੇਵਾ ਸਿੰਘ, ਬਲਜਿੰਦਰ ਸਿੰਘ ਬੱਲੀ, ਦਿਲਬਾਗ ਸਿੰਘ, ਸੁਖਵਿੰਦਰ ਸਿੰਘ, ਜਗਤਾਰ ਸਿੰਘ, ਸੁਰਜੀਤ ਰਾਮ ਆਦਿ ਹਾਜਰ ਸਨ ।

# ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੀ ਅਧਿਆਪਕਾ ਨੂੰ ਮਿਲਿਆ ਬੈਸਟ ਟੀਚਰ ਐਵਾਰਡ



**ਕਪੂਰਥਲਾ ( ਹਨੀ)**–ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਐਂਡ ਐਸੋਸੀਏਸ਼ਨ ਪੰਜਾਬ ਵੱਲੋਂ ਐਫ ਏ ਪੀ ਨੈਸ਼ਨਲ ਐਵਾਰਡ 2023 ਦਾ ਆਯੋਜਨ ਕੀਤਾ ਗਿਆ । ਇਸ ਦੌਰਾਨ ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੀ ਅਧਿਆਪਕਾ ਸੁਮਨ ਸ਼ਰਮਾ ਨੂੰ ਬੈਸਟ ਟੀਚਰ ਅਵਾਰਡ 2023 ਨਾਲ ਸਨਮਾਨਿਤ ਕੀਤਾ ਗਿਆ ।ਅਦਾਰੇ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ, ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਆਰ ਸੀ ਐਫ ਦੇ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਅਤੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਨੇ ਅਧਿਆਪਕਾ ਸੁਮਨ ਸ਼ਰਮਾ ਨੂੰ ਸਕੂਲ ਪਹੁੰਚਣ 'ਤੇ ਸਨਮਾਨਿਤ ਕੀਤਾ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ।

## ਦਰੀਆ ਵਿਖੇ ਸਾਹਿਬਜਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਸਮਾਗਮ 24 ਨੂੰ



**ਅੱਡਾ ਸਰਾਂ (ਜਸਵੀਰ ਕਾਜਲ)**–ਕੁੱਲੀ ਬਾਬਾ ਖੁਸ਼ਦਿਲ ਸਥਾਨ ਪਿੰਡ ਦਰੀਆ ਵਿਖੇ ਸੰਤ ਬਾਬਾ ਮੱਖਣ ਸਿੰਘ ਦੀ ਦੇਖਰੇਖ ਹੇਠ ਚਾਰ ਸਾਹਿਬਜਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਸਮਾਗਮ 24 ਦਸੰਬਰ ਨੂੰ ਕਰਵਾਇਆ ਜਾ ਰਿਹਾ ਹੈ। ਬਾਬਾ ਜੀ ਨੇ ਦੱਸਿਆ ਕਿ 22 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕਰਕੇ 24 ਦਸੰਬਰ ਨੂੰ ਭੋਗ ਪਾਏ ਜਾਣਗੇ 23 ਦਸੰਬਰ ਨੂੰ ਰਾਤਰੀ ਦੇ ਦੀਵਾਨਾਂ ਵਿੱਚ ਭਾਈ ਹਰਭਜਨ ਸਿੰਘ ਸੋਤਲੇ ਵਾਲਿਆਂ ਦਾ ਕੀਰਤਨੀ ਜੱਥਾ ਸੰਗਤਾਂ ਨੂੰ ਗੁਰਬਾਣੀ ਜਸ ਨਾਲ ਜੋੜੇਗਾ। 24 ਦਸੰਬਰ ਭੋਗ ਉਪਰੰਤ ਸ੍ਰੀਮਾਨ ਸੰਤ ਬਾਬਾ ਗੁਰਵਿੰਦਰ ਸਿੰਘ ਸ਼ਾਸਤਰੀ ਹਜਾਰੇ ਵਾਲੇ ਅਤੇ ਢਾਡੀ ਭਾਈ ਨਿਰਮਲ ਸਿੰਘ ਨੂਰ ਦਾ ਜੱਥਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜਾਦਿਆਂ ਦੀ ਸ਼ਹਾਦਤ ਸਬੰਧੀ ਇਤਿਹਾਸ ਨੂੰ ਢਾਡੀ ਵਾਰਾਂ ਨਾਲ ਪੇਸ਼ ਕਰਨਗੇ।

# ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਗੁਰਮਤਿ ਸਮਾਗਮ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ )** ਸਾਹਿਬਜਾਦਾ ਬਾਬਾ ਫਤਿਹ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮਹਾਨ ਅਦੁਤੀ ਗੁਰਮਤਿ ਸਮਾਗਮ ਗੁਰਦੁਆਰਾ ਸਿੰਘ ਸਭਾ ਛਾਉਣੀ ਨਿਹੰਗ ਸਿੰਘਾਂ ਊਨਾ ਰੋਡ ਬਜਵਾੜਾ ਕਲਾਂ ਹੁਸ਼ਿਆਰਪੁਰ ਵਿਖੇ ਜਥੇਦਾਰ ਬਾਬਾ ਗੁਰਦੇਵ ਸਿੰਘ ਮੁਖੀ ਸਾਹਿਬਜਾਦਾ ਬਾਬਾ ਫਤਿਹ ਸਿੰਘ ਜੀ ਤਰਨਾ ਦਲ ਦੀ ਯੋਗ ਅਗਵਾਈ ਹੇਠ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੋਇਆ। ਇਸ ਮੌਕੇ ਸਭ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਉਪਰੰਤ ਭਾਈ ਘਰਜੋਤ ਸਿੰਘ, ਭਾਈ ਹਰਜੋਤ ਸਿੰਘ ਹਜੂਰੀ ਰਾਗੀ ਜਥਾ ਤਖਤ ਸ੍ਰੀ ਕੇਸਗੜ ਸਾਹਿਬ, ਭਾਈ ਰਜਿੰਦਰ ਸਿੰਘ ਨਿਹੰਗ ਸਿੰਘ, ਭਾਈ ਜਤਿੰਦਰ ਸਿੰਘ ਪਿੱਪਲੀ ਸਾਹਿਬ ਵਾਲੇ, ਸੰਤ ਬਾਬਾ ਰਣਜੀਤ ਸਿੰਘ ਡਗਾਣਾ, ਭਾਈ ਹਰਜਿੰਦਰ ਸਿੰਘ ਅਤੇ ਭਾਈ ਗੁਰਦਿਆਲ ਸਿੰਘ ਲੱਖਪੁਰ ਦੇ ਰਾਗੀ- ਢਾਡੀ ਜਥਿਆਂ ਨੇ ਸੰਗਤਾਂ ਨੂੰ ਕਥਾ ਕੀਰਤਨ ਰਾਹੀਂ ਗੁਰਇਤਿਹਾਸ ਨਾਲ ਜੋੜਿਆ ਅਤੇ ਸਾਹਿਬਜਾਦਿਆਂ ਦੀ ਲਾਸਾਨੀ ਕੁਰਬਾਨੀ ਤੋਂ ਜਾਣੂ ਕਰਵਾਇਆ। ਸਮਾਗਮ ਵਿੱਚ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ (ਅਨੰਦਪੁਰ ਸਾਹਿਬ) ਵਿਸ਼ੇਸ਼ ਤੌਰ 'ਤੇ ਹਾਜਰ ਹੋਏ ਤੇ ਉਹਨਾਂ ਨੇ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗ ਕੇ ਸਿੱਖ ਕੌਮ ਦੇ ਗੌਰਵਮਈ ਇਤਿਹਾਸ ਤੋਂ ਜਾਣੂ ਹੋਣ ਅਤੇ ਸੇਵਾ- ਸਿਮਰਨ ਤੇ ਪਰਉਪਕਾਰੀ ਜ਼ਿੰਦਗੀ ਜਿਉਣ ਦਾ ਸੰਦੇਸ ਦਿੱਤਾ। ਬ੍ਰਹਮ ਸ਼ੰਕਰ ਜਿੰਪਾ ਕੈਬਨਿਟ ਮੰਤਰੀ, ਡਾਕਟਰ ਰਾਜ ਕੁਮਾਰ ਵਿਧਾਇਕ ਹਲਕਾ ਚੱਬੇਵਾਲ, ਠੇਕੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਸਾਬਕਾ ਵਿਧਾਇਕ, ਲਖਵਿੰਦਰ ਸਿੰਘ ਲੱਖੀ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਸੁਰਿੰਦਰ ਸਿੰਘ, ਨਿਰਮਲ ਸਿੰਘ ਸਮੇਤ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਦੀਆਂ ਸਨਮਾਨਯੋਗ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ। ਸਮਾਗਮ ਵਿੱਚ ਸੰਤ ਹਰਪ੍ਰੀਤ ਸਿੰਘ ਸ਼ੇਰਪੁਰ, ਸੰਤ ਬਲਰਾਜ ਸਿੰਘ ਜਿਆਣ ਵਾਲੇ, ਸੰਤ ਬਾਬਾ ਸਰਵਣ ਦਾਸ ਬੋਹਣ,ਸੰਤ ਬੀਬੀ ਜਸਪ੍ਰੀਤ ਕੌਰ ਬੁੰਗਾ ਸਾਹਿਬ ਮਾਹਿਲਪੁਰ, ਸੰਤ ਬਾਬਾ ਮੱਖਣ ਸਿੰਘ ਦਰੀਆ ਵਾਲੇ, ਸੰਤ ਹਰਦੇਵ ਸਿੰਘ ਤਲਵੰਡੀ ਅਰਾਈਆ, ਸੰਤ ਗੁਰਮੀਤ ਸਿੰਘ ਖੋਸਾ ਕੋਟਲਾ,ਸੰਤ ਹਰਜੋਤ ਕੌਰ ਹੁਸ਼ਿਆਰਪੁਰ, ਜਥੇਦਾਰ ਬਾਬਾ ਦਲਜੀਤ ਸਿੰਘ ਗੁਰਦੁਆਰਾ ਸਾਹਿਬ ਹਰੀਆਂ ਵੇਲਾਂ, ਬਾਬਾ ਗੁਰਦਿਆਲ ਸਿੰਘ ਹਰੀਆਂ ਵੇਲਾਂ, ਸੰਤ ਨਰਾਇਣ ਸਿੰਘ ਚਖੰਡੀ ਸਾਹਿਬ, ਜਥੇਦਾਰ ਹਰਜੀਤ ਸਿੰਘ ਪੱਤਣ, ਮੋਹਣ ਸਿੰਘ , ਬਾਬਾ ਗੁਰਪਾਲ ਸਿੰਘ ਗੋਪਾਲੀਆਂ, ਬਾਬਾ ਅਜੀਤ ਸਿੰਘ ਬਾਸੀ, ਬਾਬਾ ਬਲਵਿੰਦਰ ਸਿੰਘ ਮਹਿਤਾ ਚੌਂਕ, ਕੁਲਵੰਤ ਸਿੰਘ ਪ੍ਰਧਾਨ ਗੁਰੂ ਰਵਿਦਾਸ ਨਗਰ, ਜਸਵਿੰਦਰ ਸਿੰਘ ਸਰਕਲ ਪ੍ਰਧਾਨ, ਯੂਥ ਆਗੂ ਗੋਲਡੀ, ਸਮਾਜ ਸੇਵੀ ਅਮਨਦੀਪ ਸਿੰਘ ਭਿੰਡਰ, ਜਗਤਾਰ ਸਿੰਘ ਸਰਕਲ ਪ੍ਰਧਾਨ ਬਜਵਾੜਾ, ਜਥੇਦਾਰ ਰਾਜਵੀਰ ਸਿੰਘ, ਰਾਜੂ ਸਿੰਘ, ਬੱਬੀ ਸਿੰਘ, ਗੁਰਪ੍ਰੀਤ ਸਿੰਘ, ਬਲਵੀਰ ਸਿੰਘ ਹੇੜੀਆਂ, ਅਜਮੇਰ ਸਿੰਘ ਮੁਖਲੀਆਣਾ, ਹਰਜੀਤ ਸਿੰਘ ਲੁਧਿਆਣਾ, ਸੁਰਿੰਦਰ ਕੌਰ, ਹਰਬੰਸ ਸਿੰਘ ਬੋਲੀਨਾ, ਨਿਰਮਲ ਸਿੰਘ, ਸੁਖਮਣੀ ਸਾਹਿਬ ਬੀਬੀਆਂ ਦਾ ਜਥਾ ਅਤੇ ਵੱਖ ਵੱਖ ਪਿੰਡਾਂ ਤੋਂ ਗੁਰੂ ਘਰਾਂ ਦੀਆਂ ਕਮੇਟੀਆਂ ਦੇ ਅਹੁਦੇਦਾਰ ਅਤੇ ਸੰਗਤਾਂ ਵੱਡੀ ਗਿਣਤੀ ਵਿੱਚ ਹਾਜਰ ਸਨ। ਇਸ ਮੌਕੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਪੰਜ ਪਿਆਰੇ ਸਿੰਘਾਂ ਵੱਲੋਂ ਅੰਮ੍ਰਿਤ ਪਾਨ ਕਰਵਾਇਆ ਗਿਆ। ਸਮਾਗਮ ਵਿੱਚ ਬੁੱਢਾ ਦਲ, ਤਰਨਾ ਦਲ, ਗੁਰੂ ਦੀਆਂ ਲਾਡਲੀਆਂ ਨਿਹੰਗ ਸਿੰਘ ਫੌਜਾਂ ਵੱਡੀ ਗਿਣਤੀ ਵਿੱਚ ਹਾਜਰ ਸਨ।

# ਪਰਮਜੀਤ ਸਿੰਘ ਦਿਉਲ ਦੀ ਪਹਿਲੀ ਬਰਸੀ ਭਲਕੇ



**ਫਗਵਾੜਾ ( ਜਸਵਿੰਦਰ ਢੱਡਾ)** ਪਰਮਜੀਤ ਸਿੰਘ ਦਿਉਲ (ਦਿਉਲ ਟਰਾਂਸਪੋਰਟ) ਦੀ ਪਹਿਲੀ ਬਰਸੀ 14 ਦਸੰਬਰ ਦਿਨ ਵੀਰਵਾਰ ਨੂੰ ਉਨ੍ਹਾਂ ਦੇ ਨਿਵਾਸ ਪਿੰਡ ਰਿਹਾਨਾ ਜੱਟਾਂ ਵਿਖੇ ਹੋਵੇਗੀ। ਜਿਸ ਦੇ ਸਹਿਜ ਪਾਠ ਦਾ ਭੋਗ ਸਵੇਰੇ 11:00 ਵਜੇ ਹੋਵੇਗਾ ਗੁਰੂ ਦਾ ਲੰਗਰ 12:00 ਵਜੇ ਹੋਵੇਗਾ।

# ਭਾਗਵਤ ਕਥਾ ਦੌਰਾਨ ਮਨਾਇਆ ਸ਼੍ਰੀ ਕ੍ਰਿਸ਼ਨ ਜਨਮ ਉਤਸਵ



**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ):-** ਖੇਤਰ ਦੇ ਪਿੰਡ ਕਾਂਗੜ ਵਿਖੇ ਚੱਲ ਰਹੀ ਸ਼੍ਰੀਮਦ ਭਾਗਵਤ ਕਥਾ 'ਚ ਕ੍ਰਿਸ਼ਨ ਜਨਮ ਉਤਸਵ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਪ੍ਰਵਚਨ ਕਰਦਿਆਂ ਪ੍ਰਸਿੱਧ ਕਥਾ ਵਾਚਕ ਅਚਾਰਿਆ ਨੀਲ ਕੰਠ ਕੌਸ਼ਲ ਨੇ ਕਿਹਾ ਕਿ ਮਨੁੱਖ ਦੇ ਜੀਵਨ 'ਚ ਅੱਛੇ ਤੇ ਬੁਰੇ ਦਿਨ ਪ੍ਰਭੂ ਦੀ ਕ੍ਰਿਪਾ ਦੇ ਨਾਲ ਹੀ ਆਉਂਦੇ ਹਨ।ਉਨ੍ਹਾਂ ਅੱਗੇ ਕ੍ਰਿਸ਼ਨ ਜਨਮ ਦੀ ਕਥਾ ਸਣਾਈ। ਕਥਾ ਦੇ ਅੰਤ 'ਚ 'ਨੰਦ ਕੇ ਆਨੰਦ ਭਇਓ, ਜੈ ਕਨਹੀਆ ਲਾਲ ਕੀ' ਭਜਨ ਤੇ ਸਮੂਹ ਭਗਤਾਂ ਨੇ ਨੱਚ ਕੇ ਖ਼ੁਸ਼ੀ ਮਨਾਈ ਤੇ ਬਾਲ ਕ੍ਰਿਸ਼ਨ ਨੂੰ ਮੱਖਣ ਤੇ ਮਿਸ਼ਰੀ ਦਾ ਭੋਗ ਲਗਾ ਕੇ ਸੰਗਤਾਂ 'ਚ ਪ੍ਰਸ਼ਾਦ ਵੰਡਿਆ ਗਿਆ।ਇਸ ਮੌਕੇ ਪ੍ਰਬੰਧਕਾਂ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤ ਹਾਜ਼ਰ ਸੀ।